@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 6 April 2026

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 6 ਅਪ੍ਰੈਲ 2026, 21 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 151, qpatrika@gmail.com ਫੋਨ : 9971359517 www.qaumipatrika.org

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜੈਤੋ ਨੂੰ 28.68 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੀ ਸੌਗਾਤ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਫਰੀਦਕੋਟ, 5 ਅਪ੍ਰੈਲ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਭਰ ਵਿੱਚ ਆਪਣੀ ਸਰਕਾਰ ਦੇ ਵਿਕਾਸ ਕਾਰਜਾਂ ਨੂੰ ਜਾਰੀ ਰੱਖਦਿਆਂ ਫਰੀਦਕੋਟ ਦੇ ਜੈਤੋ ਵਿੱਚ 28.68 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ, ਜਿਸ ਵਿੱਚ ਕਮਿਊਨਿਟੀ ਹੈਲਥ ਸੈਂਟਰ ਨੂੰ 30 ਬਿਸਤਰਿਆਂ ਵਾਲੇ ਹਸਪਤਾਲ ਵਿੱਚ ਅਪਗ੍ਰੇਡ ਕਰਨਾ ਅਤੇ ਪੀਣ ਵਾਲੇ ਸਾਫ਼ ਪਾਣੀ ਅਤੇ ਖੇਡ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਨਿਵੇਸ਼ ਸ਼ਾਮਲ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 'ਝਾੜੂ' (ਆਪ ਦਾ ਚੋਣ ਨਿਸ਼ਾਨ) ਲਈ 2022 'ਚ ਲੋਕਾਂ ਦੇ ਫਤਵੇ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਦਾ ਮੁੱਢ ਬੰਨ੍ਹ?ਆ ਸੀ, ਜੋ ਅੱਜ ਪੂਰੇ ਹੋ ਰਹੇ ਹਨ। ਮੁੱਖ ਮੰਤਰੀ ਨੇ 'ਆਪ' ਦੇ ਸ਼ਾਸਨ ਮਾਡਲ ਦੀ ਤੁਲਨਾ ਵਿਰੋਧੀ ਪਾਰਟੀਆਂ ਨਾਲ ਕਰਦਿਆਂ ਕਿਹਾ ਕਿ ਜਿੱਥੇ 'ਆਪ' ਪਾਰਟੀ ਸਾਫ਼ ਪਾਣੀ, ਸਿਹਤ ਸੰਭਾਲ, ਸਿੱਖਿਆ, 10 ਲੱਖ ਰੁਪਏ ਦਾ ਸਿਹਤ ਬੀਮਾ ਅਤੇ ਔਰਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ, ਉਥੇ ਹੀ ਰਵਾਇਤੀ ਪਾਰਟੀਆਂ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਵਿੱਚ ਹਮੇਸ਼ਾ ਨਾਕਾਮ ਰਹੀਆਂ ਹਨ। ਉਨ੍ਹਾਂ ਨੇ ਭਾਜਪਾ, ਕਾਂਗਰਸ ਅਤੇ ਅਕਾਲੀ ਦਲ 'ਤੇ ਆਪਣੇ ਸ਼ਬਦੀ ਹਮਲੇ ਹੋਰ ਤਿੱਖੇ ਕਰਦਿਆਂ ਪਹਿਲਾਂ ਸੱਤਾ ਵਿੱਚ ਰਹੀਆਂ ਇਨ੍ਹਾਂ ਪਾਰਟੀਆਂ ਦੇ ਰਿਕਾਰਡ 'ਤੇ ਸਵਾਲ ਉਠਾਏ ਅਤੇ ਉਨ੍ਹਾਂ 'ਤੇ ਰਾਜਨੀਤੀ ਵਿੱਚ ਭਾਈ-ਭਤੀਜਾਵਾਦ ਅਤੇ



ਅਪਰਾਧਿਕ ਤੱਤਾਂ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਗਰੀਬੀ ਅਤੇ ਦਿਨੋਂ-ਦਿਨ ਵਧ ਰਹੀਆਂ ਮੁਸ਼ਕਲਾਂ ਲਈ ਕੇਂਦਰ 'ਤੇ ਵੀ ਨਿਸ਼ਾਨਾ ਸਾਧਿਆ। 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਹੋਰ ਰਹੇ ਵਿਸ਼ੇਸ਼ ਇਜਲਾਸ ਵਿੱਚ ਇੱਕ ਸਾਲ ਤੱਕ ਕੋਈ ਜ਼ਮਾਨਤ ਨਾ ਹੋਣ ਅਤੇ ਉਮਰ ਕੈਦ ਦੀ ਵਿਵਸਥਾ ਵਾਲਾ ਸਖ਼ਤ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 2027 ਦੀਆਂ ਚੋਣਾਂ ਨੂੰ ਆਪਣੀ ਸਰਕਾਰ ਦੇ ਹੱਕ ਵਿੱਚ ਸਪੱਸ਼ਟ ਮਾਹੌਲ ਐਲਾਨਦਿਆਂ ਕਿਹਾ ਕਿ ਜਿੱਥੇ ਕਾਂਗਰਸ ਦਾ ਨਾਤਾ ਸ਼ੁਰੂ ਤੋਂ ਹੀ ਸਿੱਖ ਵਿਰੋਧੀ ਦੰਗਿਆਂ ਨਾਲ ਜੁੜਿਆ ਰਿਹਾ ਹੈ, ਉਥੇ ਹੀ ਅਕਾਲੀ ਦਲ ਆਪਣੇ ਕਾਲੇ ਕੁਕਰਮਾਂ ਕਰਕੇ ਪੂਰੀ ਤਰ੍ਹਾਂ ਬਦਨਾਮ ਹੋ ਚੁੱਕਾ ਹੈ ਅਤੇ ਇਹ ਸਿਰਫ਼ ਉਨ੍ਹਾਂ ਦੀ 'ਆਪ' ਪਾਰਟੀ ਹੈ, ਜੋ ਬਿਹਤਰ ਸ਼ਾਸਨ-ਅਧਾਰਤ " ਇੱਕੋ ਇੱਕ ਬਦਲ ਹੈ ਅਤੇ ਰੰਗਲਾ ਪੰਜਾਬ ਬਣਾਉਣ ਲਈ ਦ੍ਰਿੜ੍ਹ ਵਚਨਬੱਧ ਹੈ। ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੈਤੋ ਦੀ ਧਰਤੀ ਨੇ ਹਮੇਸ਼ਾ ਇਤਿਹਾਸ ਲਿਖਿਆ ਹੈ, ਜਿਸਨੂੰ ਉਨ੍ਹਾਂ ਦੀ ਪਾਰਟੀ ਸਲਾਮ ਕਰਦੀ ਹੈ। ਉਨ੍ਹਾਂ ਕਿਹਾ ਕਿ ਸਾਹਿਤ ਹੋਵੇ ਜਾਂ ਸੰਘਰਸ਼, ਜਦੋਂ ਵੀ ਕਿਸੇ ਵੀ ਖੇਤਰ ਵਿੱਚ ਲੋੜ ਪਈ, ਜੈਤੋ ਹਮੇਸ਼ਾ ਅੱਗੇ ਵਧਿਆ ਅਤੇ ਸਭ ਤੋਂ ਅੱਗੇ ਹੋ ਖੜ੍ਹਾ ਹੋਇਆ ਹੈ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀਆਂ ਨੂੰ ਪਾਈ ਗਈ ਹਰ ਵੋਟ ਗੁਰੂ ਅਤੇ ਗੁਰਬਾਣੀ ਦੀ ਬੇਅਦਬੀ ਦੇ ਹੱਕ ਵਿੱਚ ਫਤਵਾ ਹੋਵੇਗੀ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਹਰੇਕ ਵਿਅਕਤੀ ਦੇ ਮਨ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਮਹਾਨ ਗੁਰੂ ਸਾਹਿਬਾਨ ਦੀ ਬਾਣੀ ਦਾ ਨਿਰਾਦਰ ਕੀਤਾ ਅਤੇ ਬਹਿਬਲ ਕਲਾਂ ਅਤੇ ਬਰਗਾੜੀ ਵਿੱਚ ਨਿਰਦੋਸ਼ਾਂ ਉੱਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ। ਅਕਾਲੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਘੋਰ ਨਿਰਾਦਰ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੀ ਚੋਣ ਵੀ ਅਕਾਲੀਆਂ ਦੀ ਮਨਮਾਨੀ ਨਾਲ ਹੁੰਦੀ ਹੈ, ਜੋ ਪੰਜਾਬ ਦੇ ਲੋਕਾਂ ਨਾਲ ਘੋਰ ਬੇਇਨਸਾਫ਼ੀ ਹੈ। ਵਿਕਾਸ ਦੇ ਦਾਅਵਿਆਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਸ਼ਾਸਨਕਾਲ ਦੌਰਾਨ ਸੂਬੇ ਦਾ ਵੱਡੇ ਪੱਧਰ 'ਤੇ ਵਿਕਾਸ ਹੋਇਆ ਹੈ। Contd........................page-3

## ਸੰਸਦ 'ਚ ਗੂੰਜਿਆ ਬੇਅਦਬੀਆਂ ਦਾ ਮੁੱਦਾ ! ਹਰਸਿਮਰਤ ਕੌਰ ਬਾਦਲ ਨੇ ਚੁੱਕੀ ਆਵਾਜ਼

ਨਵੀਂ ਦਿੱਲੀ 5 ਅਪ੍ਰੈਲ। ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਅੱਜ ਸੰਸਦ 'ਚ ਪੰਜਾਬ ਨਾਲ ਜੁੜੇ ਅਹਿਮ ਮਸਲਿਆਂ ਨੂੰ ਬਹੁਤ ਬੇਬਾਕੀ ਨਾਲ ਚੁੱਕਿਆ। ਉਨ੍ਹਾਂ ਨੇ ਕੇਂਦਰ ਸਰਕਾਰ ਅਤੇ ਕਾਂਗਰਸ ਪਾਰਟੀ ਨੂੰ ਵੱਖ-ਵੱਖ ਮੁੱਦਿਆਂ 'ਤੇ ਘੇਰਦਿਆਂ ਪੰਜਾਬ ਲਈ ਇਨਸਾਫ਼ ਦੀ ਮੰਗ ਕੀਤੀ। ਬੇਅਦਬੀ ਵਿਰੋਧੀ ਬਿੱਲ ਨੂੰ ਤੁਰੰਤ ਮਨਜ਼ੂਰੀ ਦੇਣ ਦੀ ਮੰਗ ਹਰਸਿਮਰਤ ਕੌਰ ਬਾਦਲ ਨੇ ਸੰਸਦ 'ਚ ਮੰਗ ਕੀਤੀ ਕਿ 2016 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ 'ਬੇਅਦਬੀ ਵਿਰੋਧੀ ਬਿੱਲ' ਨੂੰ ਕੇਂਦਰ ਸਰਕਾਰ ਤੁਰੰਤ ਪ੍ਰਵਾਨਗੀ ਦੇਵੇ। ਉਨ੍ਹਾਂ ਦੱਸਿਆ ਕਿ ਇਹ ਬਿੱਲ ਲੰਬੇ ਸਮੇਂ ਤੋਂ ਕੇਂਦਰ ਕੋਲ ਪ੍ਰਵਾਨਗੀ ਲਈ ਲਟਕ ਰਿਹਾ ਹੈ ਅਤੇ ਇਸ ਦੇ ਲਾਗੂ ਹੋਣ ਨਾਲ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ



ਯਕੀਨੀ ਬਣਾਈ ਜਾ ਸਕੇਗੀ। ਬੀਬਾ ਬਾਦਲ ਨੇ ਕਾਂਗਰਸ ਪਾਰਟੀ 'ਤੇ ਹਮਲਾ ਕਰਦਿਆਂ ਸਵਾਲ ਕੀਤਾ ਕਿ 2017 ਤੋਂ 2022 ਤੱਕ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹਿਣ ਦੇ ਬਾਵਜੂਦ ਕਾਂਗਰਸ ਨੇ ਸੈਂਕੜੇ ਬੇਅਦਬੀ ਦੀਆਂ ਘਟਨਾਵਾਂ 'ਤੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ। ਕਾਂਗਰਸ ਪਾਰਟੀ ਨੇ 1984 ਵੇਲੇ ਸਿੱਖਾਂ ਦੇ ਪਵਿੱਤਰ ਸਥਾਨ ਸ੍ਰੀ ਹਰਿਮੰਦਰ ਸਾਹਿਬ 'ਚ ਤੋਪਾਂ-ਟੈਂਕਾਂ ਨੂੰ ਵਾੜ ਕੇ ਦੇਸ਼ ਦੇ ਇਤਿਹਾਸ ਦੀ ਸਭ ਤੋਂ ਵੱਡੀ ਬੇਅਦਬੀ ਕੀਤੀ ਹੈ, ਜਿਸ ਦਾ ਅੱਜ ਤੱਕ ਕੋਈ ਇਨਸਾਫ਼ ਨਹੀਂ ਮਿਲਿਆ । ਪੰਜਾਬ ਅੰਦਰ ਕਾਂਗਰਸ ਅਤੇ 'ਆਪ' ਦੇ ਕਾਰਜਕਾਲ ਦੌਰਾਨ 600 ਦੇ ਕਰੀਬ ਬੇਅਦਬੀਆਂ ਹੋ ਚੁੱਕੀਆਂ ਹਨ, ਕੋਈ ਇਨਸਾਫ਼ ਨਹੀਂ। ਬੇਅਦਬੀ ਵਿਰੋਧੀ ਬਿੱਲ ਨੂੰ ਤੁਰੰਤ ਮਨਜ਼ੂਰੀ ਦੇਣ ਦੀ ਮੰਗ ਹਰਸਿਮਰਤ ਕੌਰ ਬਾਦਲ ਨੇ ਸੰਸਦ 'ਚ ਮੰਗ ਕੀਤੀ ਕਿ 2016 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ 'ਬੇਅਦਬੀ ਵਿਰੋਧੀ ਬਿੱਲ' ਨੂੰ ਕੇਂਦਰ ਸਰਕਾਰ ਤੁਰੰਤ ਪ੍ਰਵਾਨਗੀ ਦੇਵੇ। ਉਨ੍ਹਾਂ ਦੱਸਿਆ ਕਿ ਇਹ ਬਿੱਲ ਲੰਬੇ ਸਮੇਂ ਤੋਂ ਕੇਂਦਰ ਕੋਲ ਪ੍ਰਵਾਨਗੀ ਲਈ ਲਟਕ ਰਿਹਾ ਹੈ ਅਤੇ ਇਸ ਦੇ ਲਾਗੂ ਹੋਣ ਨਾਲ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਈ ਜਾ ਸਕੇਗੀ। ਸੰਸਦ 'ਚ ਬੋਲਦਿਆਂ ਉਨ੍ਹਾਂ ਨੇ ਪਿਛਲੇ 30 ਸਾਲਾਂ ਤੋਂ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਦਾ ਮੁੱਦਾ ਵੀ ਜ਼ੋਰ-ਸ਼ੋਰ ਨਾਲ ਚੁੱਕਿਆ।

## ਜੰਮੂ-ਕਸ਼ਮੀਰ ਦੇ ਸਾਂਬਾ 'ਚ ਸ਼ੱਕੀ ਗਤੀਵਿਧੀਆਂ ਦੀਆਂ ਰਿਪੋਰਟਾਂ ਮਗਰੋਂ ਤਲਾਸ਼ੀ ਮੁਹਿੰਮ ਸ਼ੁਰੂ

ਜੰਮੂ 5 ਅਪ੍ਰੈਲ। ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਤਿੰਨ ਸ਼ੱਕੀ ਵਿਅਕਤੀਆਂ ਦੀ ਗਤੀਵਿਧੀ ਬਾਰੇ ਸੂਚਨਾ ਮਿਲਣ ਤੋਂ ਬਾਅਦ ਸੁਰੱਖਿਆ ਬਲਾਂ ਨੇ ਐਤਵਾਰ ਨੂੰ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਇਸ ਦੀ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਦਰੂਈ ਇਲਾਕੇ ਦੇ ਬੇਧ ਖਾੜ ਦੇ ਇੱਕ ਨਿਵਾਸੀ ਨੇ ਤਿੰਨ ਅਣਪਛਾਤੇ ਆਦਮੀਆਂ ਨੂੰ ਸੁੱਕੀ ਹੋਈ ਨਦੀ ਦੇ ਕੰਢੇ 'ਤੇ ਦੇਖਿਆ, ਜਿਨ੍ਹਾਂ ਵਿੱਚੋਂ ਇੱਕ ਭਾਰੀ ਬੈਗ ਲੈ ਕੇ ਜਾ ਰਿਹਾ ਸੀ। ਅਧਿਕਾਰੀਆਂ ਦੇ ਅਨੁਸਾਰ, ਹਾਲਾਂਕਿ ਉਨ੍ਹਾਂ ਦੇ ਕੋਲ ਕੋਈ ਹਥਿਆਰ ਲੈ ਤਾਂ ਨਹੀਂ ਦਿਖਾਈ ਦਿੱਤਾ ਪਰ ਫਿਰ ਵੀ ਸਥਾਨਕ ਪੁਲਸ ਦੇ ਸਪੈਸ਼ਲ ਆਪ੍ਰੇਸ਼ਨ ਗਰੁੱਪ ਨੇ ਫੌਜ ਅਤੇ ਅਰਧ ਸੈਨਿਕ ਬਲਾਂ ਦੀ ਮਦਦ ਨਾਲ ਉਨ੍ਹਾਂ ਨੂੰ ਸ਼ੱਕੀ ਅੱਤਵਾਦੀ ਮੰਨ ਕੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ।

## ਸਿਖਲਾਈ ਦੌਰਾਨ ਅਪਾਹਜ ਹੋਏ ਸੈਨਿਕ ਕੈਡੇਟਾਂ ਨੂੰ ਮਿਲੇਗਾ 'ਸਾਬਕਾ ਫੌਜੀ' ਦਾ ਦਰਜਾ?: ਸੁਪਰੀਮ ਕੋਰਟ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 5 ਅਪ੍ਰੈਲ। ਸੁਪਰੀਮ ਕੋਰਟ ਨੇ ਦੇਸ਼ ਦੇ ਪ੍ਰਮੁੱਖ ਫੌਜੀ ਅਦਾਰਿਆਂ ਵਿੱਚ ਸਖ਼ਤ ਸਿਖਲਾਈ ਦੌਰਾਨ ਜ਼ਖਮੀ ਜਾਂ ਅਪਾਹਜ ਹੋਣ ਕਾਰਨ ਬਾਹਰ ਕੀਤੇ ਗਏ ਕੈਡੇਟਾਂ ਦੇ ਭਵਿੱਖ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਹੈ। ਅਦਾਲਤ ਨੇ ਕੇਂਦਰ ਸਰਕਾਰ ਨੂੰ ਪੁੱਛਿਆ ਹੈ ਕਿ ਕੀ ਅਜਿਹੇ ਕੈਡੇਟਾਂ ਨੂੰ 'ਸਾਬਕਾ ਫੌਜੀ' ਦਾ ਦਰਜਾ ਦਿੱਤਾ ਜਾ ਸਕਦਾ ਹੈ, ਤਾਂ ਜੋ ਉਹ ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦਾ ਲਾਭ ਲੈ ਸਕਣ। ਜਸਟਿਸ ਬੀ.ਵੀ. ਨਾਗਰਤਨਾ ਅਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਕਿਹਾ ਕਿ ਜ਼ਿਆਦਾਤਰ ਕੈਡੇਟ 20 ਤੋਂ 30 ਸਾਲ ਦੀ ਉਮਰ ਦੇ ਹੁੰਦੇ ਹਨ। ਸਿਖਲਾਈ ਦੌਰਾਨ ਲੱਗੀ ਸੱਟ ਕਾਰਨ ਫੌਜ ਤੋਂ ਬਾਹਰ ਹੋਣ ਤੋਂ ਬਾਅਦ ਉਨ੍ਹਾਂ ਨੂੰ ਰੁਜ਼ਗਾਰ ਦੀ ਸਖ਼ਤ ਲੋੜ ਹੁੰਦੀ ਹੈ। ਅਦਾਲਤ ਨੇ ਕਿਹਾ ਕੀ ਇਨ੍ਹਾਂ ਕੈਡੇਟਾਂ ਨੂੰ ਸਾਬਕਾ ਸੈਨਿਕ ਮੰਨਿਆ ਜਾ ਸਕਦਾ ਹੈ ਤਾਂ ਜੋ ਉਹ ਸਰਕਾਰੀ ਅਤੇ ਅਰਧ-ਸਰਕਾਰੀ ਨੌਕਰੀਆਂ ਵਿੱਚ ਰਾਖਵੇਂਕਰਨ ਦਾ ਫਾਇਦਾ ਉਠਾ ਸਕਣ? ਅਦਾਲਤ ਨੇ ਕੇਂਦਰ ਨੂੰ ਨਿਰਦੇਸ਼ ਦਿੱਤਾ ਕਿ ਇਨ੍ਹਾਂ ਕੈਡੇਟਾਂ ਲਈ 'ਗਰੁੱਪ ਇੰਸ਼ੋਰੈਂਸ' ਵਰਗੀ ਬੀਮਾ ਯੋਜਨਾ ਲਾਗੂ ਕਰਨ ਦੀ ਸੰਭਾਵਨਾ ਤਲਾਸ਼ੀ ਜਾਵੇ। ਇਸ ਤੋਂ ਇਲਾਵਾ ਮੌਜੂਦਾ ਸਮੇਂ ਵਿੱਚ ਅਪਾਹਜ ਕੈਡੇਟਾਂ ਨੂੰ ਮਿਲਣ ਵਾਲੀ 40,000 ਰੁਪਏ



ਦੀ ਇੱਕਮੁਸ਼ਤ ਰਾਸ਼ੀ ਨੂੰ ਵਧਾਉਣ 'ਤੇ ਵੀ ਵਿਚਾਰ ਕਰਨ ਲਈ ਕਿਹਾ ਗਿਆ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ 'ਤੇ ਖ਼ੁਦ ਨੋਟਿਸ ਲੈਂਦਿਆਂ ਸੁਣਵਾਈ ਸ਼ੁਰੂ ਕੀਤੀ ਸੀ। ਇੱਕ ਰਿਪੋਰਟ ਅਨੁਸਾਰ ਸਾਲ 1985 ਤੋਂ ਹੁਣ ਤੱਕ ਲਗਭਗ 500 ਕੈਡੇਟ ਸਿਖਲਾਈ ਦੌਰਾਨ ਵੱਖ-ਵੱਖ ਪੱਧਰ ਦੀ ਅਪੰਗਤਾ ਕਾਰਨ ਮੈਡੀਕਲ ਆਧਾਰ 'ਤੇ ਬਾਹਰ ਕੀਤੇ ਜਾ ਚੁੱਕੇ ਹਨ। ਇਹ ਕੈਡੇਟ ਦੇਸ਼ ਦੀ ਸੇਵਾ ਲਈ ਸਖ਼ਤ ਮਿਹਨਤ ਕਰ ਰਹੇ ਸਨ ਪਰ ਸੱਟ ਲੱਗਣ ਕਾਰਨ ਹੁਣ ਮੈਡੀਕਲ ਖਰਚਿਆਂ ਅਤੇ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ। ਅਦਾਲਤ ਨੇ ਕਿਹਾ ਕਿ ਰੱਖਿਆ ਬਲਾਂ ਵਿੱਚ 'ਬਹਾਦਰ ਕੈਡੇਟ' ਹੋਣੇ ਚਾਹੀਦੇ ਹਨ, ਜਿਨ੍ਹਾਂ ਨੂੰ ਸੱਟ ਲੱਗਣ ਦੇ ਡਰ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ। ਭਾਰਤ ਸਰਕਾਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਟਰ ਜਨਰਲ ਐਨ. ਵੈਂਕਟਰਮਨ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਇਸ ਮੁੱਦੇ 'ਤੇ ਵਿਸਤ੍ਰਿਤ ਜਵਾਬ ਦਿੱਤਾ ਜਾਵੇਗਾ। ਕੇਂਦਰ ਹੁਣ ਇਸ ਗੱਲ 'ਤੇ ਨਿਰਦੇਸ਼ ਪ੍ਰਾਪਤ ਕਰੇਗਾ ਕਿ ਕੀ ਇਨ੍ਹਾਂ ਕੈਡੇਟਾਂ ਨੂੰ ਸਾਬਕਾ ਫੌਜੀਆਂ ਦੇ ਦਾਇਰੇ ਵਿੱਚ ਲਿਆਂਦਾ ਜਾ ਸਕਦਾ ਹੈ ਜਾਂ ਨਹੀਂ। ਇਸ ਫੈਸਲੇ ਨਾਲ ਉਨ੍ਹਾਂ ਸੈਂਕੜੇ ਨੌਜਵਾਨਾਂ ਨੂੰ ਵੱਡੀ ਰਾਹਤ ਮਿਲ ਸਕਦੀ ਹੈ, ਜਿਨ੍ਹਾਂ ਨੇ ਦੇਸ਼ ਦੀ ਸੇਵਾ ਦਾ ਸੁਪਨਾ ਦੇਖਿਆ ਸੀ ਪਰ ਸਿਖਲਾਈ ਦੌਰਾਨ ਲੱਗੀਆਂ ਸੱਟਾਂ ਕਾਰਨ ਉਨ੍ਹਾਂ ਦਾ ਕਰੀਅਰ ਰੁਕ ਗਿਆ।

## ਗਗਨਯਾਨ ਮਿਸ਼ਨ ਲਈ ISRO ਦੀ ਵੱਡੀ ਤਿਆਰੀ

ਬੇਂਗਲੁਰੂ 5 ਅਪ੍ਰੈਲ। ਭਾਰਤੀ ਪੁਲਾੜ ਖੋਜ ਸੰਗਠਨ ਨੇ ਗਗਨਯਾਨ ਵਰਗੇ ਮਾਨਵ ਪੁਲਾੜ ਮਿਸ਼ਨਾਂ ਦੀ ਸਫਲਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲੱਦਾਖ ਦੇ ਲੇਹ ਵਿੱਚ 'ਮਿਸ਼ਨ ਮਿੱਤਰ' ਦੀ ਸ਼ੁਰੂਆਤ ਕੀਤੀ ਹੈ। ਇਹ ਵਿਸ਼ੇਸ਼ ਅਧਿਐਨ 2 ਅਪ੍ਰੈਲ ਤੋਂ 9 ਅਪ੍ਰੈਲ ਤੱਕ ਚੱਲੇਗਾ, ਜਿਸ ਦਾ ਉਦਘਾਟਨ ਇਸਰੋ ਦੇ ਚੇਅਰਮੈਨ ਵੀ. ਨਾਰਾਇਣਨ ਨੇ ਕੀਤਾ ਹੈ। ਇਸ ਮਿਸ਼ਨ ਦਾ ਮੁੱਖ ਮਕਸਦ ਪੁਲਾੜ ਯਾਤਰੀਆਂ (ਗਗਨਯਾਤਰੀਆਂ) ਦੀ ਸੁਰੱਖਿਆ ਅਤੇ ਉਨ੍ਹਾਂ ਦੇ ਬਿਹਤਰ ਪ੍ਰਦਰਸ਼ਨ ਨੂੰ ਯਕੀਨੀ ਬਣਾਉਣਾ ਹੈ। ਇਹ ਆਪਣੀ ਕਿਸਮ ਦਾ ਪਹਿਲਾ 'ਟੀਮ ਵਿਵਹਾਰ ਅਧਿਐਨ' ਹੈ, ਜਿਸ ਨੂੰ ਇਸਰੋ ਅਤੇ ਭਾਰਤੀ ਹਵਾਈ ਸੈਨਾ ਦੇ 'ਇੰਸਟੀਚਿਊਟ ਆਫ ਐਰੋਸਪੇਸ ਮੈਡੀਸਨ' ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤਾ ਗਿਆ ਹੈ। ਇਸ ਅਧਿਐਨ ਰਾਹੀਂ ਬਹੁਤ ਜ਼ਿਆਦਾ ਉੱਚਾਈ ਵਾਲੇ ਵਾਤਾਵਰਣ ਵਿੱਚ ਕੰਮ ਕਰਨ ਵਾਲੇ ਚਾਲਕ ਦਲ ਅਤੇ ਜ਼ਮੀਨੀ ਕੰਟਰੋਲ ਟੀਮਾਂ ਦੀ ਸਰੀਰਕ, ਮਨੋਵਿਗਿਆਨਕ ਅਤੇ ਸੰਚਾਲਨ ਸੰਬੰਧੀ ਗਤੀਸ਼ੀਲਤਾ ਦੀ ਸਮੀਖਿਆ ਕੀਤੀ ਜਾਵੇਗੀ। ਇਸ ਦਾ ਮੁੱਖ ਉਦੇਸ਼ ਗਗਨਯਾਤਰੀਆਂ ਅਤੇ ਜ਼ਮੀਨ 'ਤੇ ਕੰਮ ਕਰਨ ਵਾਲੇ ਕੰਟਰੋਲ ਦਲਾਂ ਵਿਚਕਾਰ ਆਪਸੀ ਤਾਲਮੇਲ ਅਤੇ ਤਾਲਮੇਲ ਬਾਰੇ ਸਮਝ ਵਿਕਸਿਤ ਕਰਨਾ ਹੈ। ਇਸ ਤੋਂ ਇਲਾਵਾ, ਇਹ ਅਧਿਐਨ ਵਾਤਾਵਰਣ ਅਤੇ ਕੰਮ ਦੇ ਭਾਰੀ ਦਬਾਅ ਹੇਠ ਪ੍ਰਭਾਵਸ਼ਾਲੀ ਫੈਸਲੇ ਲੈਣ ਦੀ ਸਮਰੱਥਾ ਨੂੰ ਬਿਹਤਰ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ।

## ਚੋਣਾਂ ਤੋਂ ਬਾਅਦ ਟੀ.ਐੱਮ.ਸੀ. ਦੇ ਪਾਪਾਂ ਦਾ ਹੋਵੇਗਾ ਹਿਸਾਬ, ਕੂਚਬਿਹਾਰ 'ਚ ਬੋਲੇ ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਕੂਚਬਿਹਾਰ 5 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਪੱਛਮੀ ਬੰਗਾਲ ਦੇ ਕੂਚਬਿਹਾਰ ਵਿੱਚ ਇੱਕ ਵਿਸ਼ਾਲ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਤ੍ਰਿਣਮੂਲ ਕਾਂਗਰਸ 'ਤੇ ਤਿੱਖੇ ਹਮਲੇ ਕੀਤੇ। ਪੀ.ਐੱਮ. ਮੋਦੀ ਨੇ ਦਾਅਵਾ ਕੀਤਾ ਕਿ ਪੂਰੇ ਬੰਗਾਲ ਵਿੱਚ ਪਰਿਵਰਤਨ ਦੀ ਲਹਿਰ ਚੱਲ ਰਹੀ ਹੈ ਅਤੇ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਟੀ.ਐੱਮ.ਸੀ. ਦੇ ਪਾਪਾਂ ਦਾ ਹਿਸਾਬ ਚੁਣ-ਚੁਣ ਕੇ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬੰਗਾਲ ਵਿੱਚ ਟੀ.ਐੱਮ.ਸੀ. ਦੀ ਕਰੱਪਸ਼ਨ ਕੰਪਨੀ ਅਤੇ ਸਿੰਡੀਕੇਟ ਰਾਜ ਕਾਰਨ ਲੋਕਾਂ ਵਿੱਚ ਭਾਰੀ ਗੁੱਸਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇੱਕ ਪਾਸੇ ਟੀ.ਐੱਮ.ਸੀ. ਦਾ ਕੱਟਮਨੀ ਅਤੇ ਭ੍ਰਿਸ਼ਟਾਚਾਰ ਦਾ ਡਰ ਹੈ, ਜਦਕਿ ਦੂਜੇ ਪਾਸੇ ਭਾਜਪਾ ਦਾ ਵਿਕਾਸ ਅਤੇ ਭਰੋਸਾ ਹੈ। ਮੋਦੀ ਨੇ ਭਰੋਸਾ ਦਿੱਤਾ ਕਿ ਸਾਲਾਂ ਤੋਂ ਬੰਗਾਲ ਦੇ ਲੋਕਾਂ ਦੀ ਮਿਹਨਤ ਦੀ ਕਮਾਈ ਲੁੱਟਣ ਵਾਲੇ ਹਰ ਭ੍ਰਿਸ਼ਟ ਵਿਅਕਤੀ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ ਅਤੇ ਲੁੱਟਿਆ ਹੋਇਆ ਪੈਸਾ ਲੋਕਾਂ ਨੂੰ ਵਾਪਸ ਕਰਨਾ ਪਵੇਗਾ। ਪੀ.ਐੱਮ. ਮੋਦੀ ਨੇ ਆਪਣੇ ਸੰਬੋਧਨ ਵਿੱਚ ਬੰਗਾਲ ਵਿੱਚ ਵਧ ਰਹੀ ਘੁਸਪੈਠ ਦਾ ਮੁੱਦਾ ਵੀ ਚੁੱਕਿਆ। ਉਨ੍ਹਾਂ ਸੰਕਲਪ ਦੁਹਰਾਇਆ ਕਿ ਭਾਜਪਾ ਸਰਕਾਰ ਆਉਣ 'ਤੇ ਬੰਗਾਲ ਵਿੱਚੋਂ ਸਾਰੇ ਘੁਸਪੈਠੀਆਂ ਨੂੰ ਬਾਹਰ ਕੱਢਿਆ ਜਾਵੇਗਾ ਅਤੇ ਵਿਦੇਸ਼ੀਆਂ ਨੂੰ ਵਸਾਉਣ ਦੀ ਟੀ.ਐੱਮ.ਸੀ. ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਜਾਵੇਗਾ। ਸੰਦੇਸ਼ਖਾਲੀ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿੱਥੇ ਇੱਕ ਪਾਸੇ ਬੇਟੀਆਂ 'ਤੇ ਅੱਤਿਆਚਾਰ ਹੋ ਰਹੇ



ਹਨ, ਉੱਥੇ ਹੀ ਦੂਜੇ ਪਾਸੇ ਮੋਦੀ ਦੀ ਗਾਰੰਟੀ ਹੈ ਕਿ ਔਰਤਾਂ ਨੂੰ ਸੁਰੱਖਿਆ, ਸਨਮਾਨ ਅਤੇ ਸਸ਼ਕਤੀਕਰਨ ਦਿੱਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ 2029 ਦੀਆਂ ਲੋਕ ਸਭਾ ਚੋਣਾਂ ਤੋਂ ਔਰਤਾਂ ਨੂੰ ਵਿਧਾਨ ਸਭਾਵਾਂ ਅਤੇ ਲੋਕ ਸਭਾ ਵਿੱਚ 33 ਪ੍ਰਤੀਸ਼ਤ ਰਾਖਵੇਂਕਰਨ ਦਾ ਫਾਇਦਾ ਮਿਲਣਾ ਸ਼ੁਰੂ ਹੋ ਜਾਵੇਗਾ। ਪੀ.ਐੱਮ. ਮੋਦੀ ਨੇ ਟੀ.ਐੱਮ.ਸੀ. ਦੇ ਚੋਣ ਮਨੋਰਥ ਪੱਤਰ ਨੂੰ ਬੰਗਾਲੀ ਦੀ ਬਜਾਏ 'ਇਸ਼ਤਿਹਾਰ' ਕਹਿਣ 'ਤੇ ਵੀ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਇਹ 1905 ਦੀਆਂ ਉਨ੍ਹਾਂ ਮਜ਼ਹਬੀ ਤਾਕਤਾਂ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ 'ਲਾਲ ਇਸ਼ਤਿਹਾਰ' ਜਾਰੀ ਕਰਕੇ ਹਿੰਦੂਆਂ ਦਾ ਨਰਸੰਹਾਰ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਟੀ.ਐੱਮ.ਸੀ. ਬੰਗਾਲ ਦੀ ਮਹਾਨ ਪਛਾਣ ਨੂੰ ਬਦਲਣ ਅਤੇ ਤੁਸ਼ਟੀਕਰਨ ਦੀ ਖੇਡ ਖੇਡਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ 4 ਮਈ ਤੋਂ ਬਾਅਦ ਕਾਨੂੰਨ ਆਪਣਾ ਕੰਮ ਕਰੇਗਾ। ਚਾਹੇ ਕੋਈ ਕਿੰਨਾ ਵੀ ਵੱਡਾ ਗੁੰਡਾ ਜਾਂ ਅਸਰਦਾਰ ਵਿਅਕਤੀ ਕਿਉਂ ਨਾ ਹੋਵੇ, ਇਸ ਵਾਰ ਇਨਸਾਫ਼ ਹੋ ਕੇ ਰਹੇਗਾ। ਉਨ੍ਹਾਂ ਕਿਹਾ ਕਿ ਬੰਗਾਲ ਦੀ ਪਵਿੱਤਰ ਧਰਤੀ 'ਤੇ ਲੋਕਤੰਤਰ ਨੂੰ ਲਹੂ-ਲੁਹਾਨ ਕਰਨ ਵਾਲਿਆਂ ਦੀ ਵਿਦਾਈ ਹੁਣ ਤੈਅ ਹੈ।



# ਹਸਪਤਾਲ ਵਿਚ ਹੋਈ ਜ਼ਬਰਦਸਤ ਖ਼ੂਨੀ ਝੜਪ ਦੇ ਮਾਮਲੇ ਵਿਚ ਵੱਡੀ ਕਾਰਵਾਈ

**ਕੌਮੀ ਪਤ੍ਰਿਕਾ**

ਡੇਰਾਬਸੀ 5 ਅਪ੍ਰੈਲ। ਸਿਵਲ ਹਸਪਤਾਲ 'ਚ ਸ਼ੁੱਕਰਵਾਰ ਰਾਤ ਹੋਈ ਖ਼ੂਨੀ ਝੜਪ ਦੇ ਮਾਮਲੇ 'ਚ ਪੁਲਸ ਨੇ ਸੱਤਾਧਾਰੀ ਸਰਪੰਚ ਦੇ ਪਤੀ ਰਣਜੀਤ ਸਿੰਘ ਮਿੰਟਾ ਗੁੱਜਰ ਦੀ ਸ਼ਿਕਾਇਤ 'ਤੇ ਕਾਂਗਰਸੀ ਧਿਰ ਦੇ 17 ਮੁਲਜ਼ਮਾਂ ਖ਼ਿਲਾਫ਼ ਪਰਚਾ ਦਰਜ ਕਰ ਲਿਆ। ਨਾਲ ਹੀ ਛੇ ਮੁਲਜ਼ਮਾਂ ਨੂੰ ਐਤਵਾਰ ਨੂੰ ਅਦਾਲਤ 'ਚ ਪੇਸ਼ ਕਰਕੇ 3 ਦਿਨ ਦਾ ਰਿਮਾਂਡ ਹਾਸਲ ਕੀਤਾ। ਗ੍ਰਿਫ਼ਤਾਰ ਮੁਲਜ਼ਮਾਂ 'ਚ ਜ਼ਿਆਦਾਤਰ ਜ਼ਖ਼ਮੀ ਸ਼ਾਮਲ ਸਨ, ਜਿਨ੍ਹਾਂ ਨੂੰ ਪੁਲਸ ਨੇ ਹਸਪਤਾਲ ਤੋਂ ਹਿਰਾਸਤ 'ਚ ਲੈ ਲਿਆ। ਪੁਲਸ ਨੇ ਮੌਕੇ 'ਤੇ ਹਾਜ਼ਰ ਕਾਂਗਰਸ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਦੇ ਬੇਟੇ ਉਦੈਵੀਰ ਸਿੰਘ ਢਿੱਲੋਂ ਦਾ ਨਾਂ ਵੀ ਜਾਂਚ ਲਈ ਸ਼ਾਮਲ ਕੀਤਾ ਹੈ। ਪੁਲਸ ਨੇ ਦੱਸਿਆ ਕਿ ਸ਼ਿਕਾਇਤਕਰਤਾ ਰਣਜੀਤ ਸਿੰਘ ਉਰਫ਼ ਮਿੰਟਾ ਗੁੱਜਰ ਨੇ ਦੋਸ਼ ਲਾਇਆ ਕਿ ਸਿਵਲ ਹਸਪਤਾਲ 'ਚ ਹਮਲਾ ਉਦੈਵੀਰ ਸਿੰਘ ਢਿੱਲੋਂ ਦੀ ਸ਼ਹਿ 'ਤੇ ਹੋਇਆ ਤੇ ਉਹ ਮੌਕੇ 'ਤੇ ਮੌਜੂਦ ਸੀ, ਜਿਸ ਦੀ ਜਾਂਚ ਕੀਤੀ ਜਾਵੇਗੀ। ਮੁਲਜ਼ਮਾਂ 'ਚ ਅਨਿਲ ਕੁਮਾਰ ਉਰਫ਼ ਹਨੀ ਪਡੰਤ, ਅੰਗਰੇਜ਼ ਸਿੰਘ, ਮਹੀਪਾਲ, ਨਰੇਸ਼ ਕੁਮਾਰ, ਮਨੀਸ਼ ਕੁਮਾਰ ਮੰਗੂ, ਕਰਮਪਾਲ, ਅਸ਼ੋਕ ਕੁਮਾਰ, ਰਾਜੇਸ਼ ਕੁਮਾਰ, ਰਾਜ ਕੁਮਾਰ, ਅਮਰ ਸਿੰਘ, ਮੋਹਿਤ, ਗੁਰਪ੍ਰੀਤ ਸਿੰਘ, ਗੁਰਜੰਟ, ਗੁਰਮੀਤ ਸਿੰਘ, ਨਾਇਬ ਸਿੰਘ, ਮਯੰਕ ਤੇ ਸੰਜੀਵ ਕੁਮਾਰ ਸ਼ਾਮਲ ਹਨ। ਪੁਲਸ ਸ਼ਿਕਾਇਤ 'ਚ ਰਣਜੀਤ ਸਿੰਘ ਉਰਫ਼ ਮਿੰਟਾ ਗੁੱਜਰ ਨੇ ਦੋਸ਼ ਲਾਇਆ ਕਿ ਹਨੀ ਪੰਡਤ ਸ਼ੁੱਕਰਵਾਰ ਨੂੰ ਸਾਥੀਆਂ ਨਾਲ ਗੌਰਵ ਦੇ ਘਰ ਵੜ ਕੇ ਕੁੱਟਮਾਰ ਕਰ ਰਿਹਾ ਸੀ। ਉਹ ਸਾਥੀਆਂ ਨਾਲ ਉਸ ਨੂੰ ਬਚਾਉਣ ਲਈ ਗਿਆ ਤਾਂ ਉਨ੍ਹਾਂ ਨੇ ਉਸ ਦੀ ਤੇ ਸਾਥੀਆਂ ਦੀ ਕੁੱਟਮਾਰ ਕੀਤੀ। ਉਹ ਇਲਾਜ ਕਰਵਾਉਣ ਲਈ ਸਿਵਲ ਹਸਪਤਾਲ ਪਹੁੰਚੇ ਤਾਂ ਐਮਰਜੰਸੀ 'ਚ ਪਹਿਲਾਂ ਹੀ ਹਨੀ ਪਡੰਤ, ਸਾਥੀ ਤੇ ਕਾਂਗਰਸੀ ਆਗੂ ਉਦੈਵੀਰ ਸਿੰਘ ਢਿੱਲੋਂ ਵੀ ਹਾਜ਼ਰ ਸਨ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਢਿੱਲੋਂ ਨੇ ਹਨੀ ਪਡੰਤ ਤੇ ਹੋਰਨਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਫੜ ਲਓ ਤੇ ਅੱਜ ਇਹ ਬਚਣੇ ਨਹੀਂ ਚਾਹੀਦੇ। ਇਸ ਮਗਰੋਂ ਹਨੀ ਤੇ ਸਾਥੀਆਂ ਨੇ ਹਸਪਤਾਲ 'ਚ ਪਏ ਗਮਲੇ, ਬੈਰੀਕੇਡ, ਅੱਗ ਬੁਝਾਓ ਸਿਲੰਡਰ, ਕੈਂਚੀਆਂ, ਪੇਚਕਸ, ਸਟੂਲ ਸਣੇ ਹੋਰਨਾਂ ਸਾਮਾਨ ਨਾਲ ਉਨ੍ਹਾਂ ਦੀ ਬੁਰੀ ਤਰਾਂ ਮਾਰਕੁੱਟ ਕੀਤੀ। ਦੂਜੇ ਪਾਸੇ ਕਾਂਗਰਸ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਨੇ ਦੋਸ਼ ਲਾਇਆ ਕਿ ਪੁਲਸ ਨੇ ਸਿਆਸੀ ਦਬਾਅ ਹੇਠ ਇਕ ਤਰਫ਼ਾ ਕਾਰਵਾਈ ਕੀਤੀ ਹੈ ਜਦਕਿ ਮਾਰਕੁੱਟ ਕਰਨ ਵਾਲੀ ਸੱਤਾਧਾਰੀ ਧਿਰ 'ਤੇ ਕਾਰਵਾਈ ਨਹੀਂ ਕੀਤੀ। ਪਿੰਡ 'ਚ ਨਾਜਾਇਜ਼ ਮਾਈਨਿੰਗ ਹੋ ਰਹੀ ਹੈ। ਇਸ ਸਬੰਧ 'ਚ ਪਿੰਡ ਦੇ ਵਸਨੀਕ ਕਈਂ ਦਿਨਾਂ ਤੋਂ ਸ਼ਿਕਾਇਤ ਕਰ ਰਹੇ ਸੀ ਪਰ ਕੋਈ ਕਾਰਵਾਈ ਨਹੀਂ ਹੋ ਰਹੀ ਸੀ। ਇਸ ਨੂੰ ਲੈ ਕੇ ਸ਼ੁੱਕਰਵਾਰ ਨੂੰ ਉਨ੍ਹਾਂ ਦਾ ਬੇਟਾ ਉਦੈਵੀਰ ਪਿੰਡ ਮੁਕੰਦਪੁਰ ਗਿਆ ਤੇ ਨਾਜਾਇਜ਼ ਮਾਈਨਿੰਗ ਦੀ ਵੀਡਿਓ ਬਣਾ ਕੇ ਉਸ ਨੇ ਡੀ.ਸੀ. ਮੋਹਾਲੀ ਨੂੰ ਭੇਜ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਰੰਜਿਸ਼ ਤਹਿਤ ਸੱਤਾਧਾਰੀ ਧਿਰ ਨੇ ਸ਼ਿਕਾਇਤਕਰਤਾ ਧਿਰ ਹਨੀ ਪਡੰਤ 'ਤੇ ਹਮਲਾ ਕਰ ਦਿੱਤਾ। ਇਸ 'ਚ ਗੰਭੀਰ ਜ਼ਖ਼ਮੀ ਹੋ ਗਏ। ਜਦ ਉਹ ਪੁਲਸ ਕਾਰਵਾਈ ਕਰਵਾਉਣ ਲਈ ਸਿਵਲ ਹਸਪਤਾਲ 'ਚ ਦਾਖ਼ਲ ਹੋਏ, ਜਿੱਥੇ ਉਨ੍ਹਾਂ ਦਾ ਹਾਲਚਾਲ ਪੁੱਛਣ ਲਈ ਉਦੈਵੀਰ ਮੌਕੇ 'ਤੇ ਪਹੁੰਚੇ ਤਾਂ ਮਿੰਟਾ ਗੁੱਜਰ ਗਰੁੱਪ ਨੇ ਮੁੜ ਤੋਂ ਹਸਪਤਾਲ 'ਚ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਦੋਸ਼ ਲਾਇਆ ਕਿ ਮਿੰਟਾ ਗੁੱਜਰ ਗੈਂਗਸਟਰ ਕਿਸਮ ਦਾ ਹੈ। ਉਸ ਖ਼ਿਲਾਫ਼ ਕਰੀਬ ਦਸ ਪਰਚੇ ਦਰਜ ਹਨ। ਉੱਧਰ, ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਚੇਤਾਵਨੀ ਦਿੱਤੀ ਕਿ ਇਹ ਹਲਕਾ ਉਨ੍ਹਾਂ ਦਾਘਰ ਹੈ, ਇੱਥੇ ਗੰਦੀ ਰਾਜਨੀਤੀ ਨਾ ਕਰੋ। ਮਾਵਾਂ ਦੇ ਪੁੱਤ ਨੂੰ ਨਾ ਮਰਵਾਓ। ਉਨ੍ਹਾਂ ਵਿਰੋਧੀਆਂ ਨੂੰ ਕਿਹਾ ਕਿ ਰਾਜਨੀਤੀ ਚਮਕਾਉਣ ਕਰ ਕੇ ਹਲਕੇ ਦੇ ਪਿੰਡਾਂ 'ਚ ਅੱਗ ਨਾ ਲਾਓ ਕਿਉਂਕਿ ਅਕਸਰ ਅੱਗ ਲਾਉਣ ਵਾਲੇ ਤੱਕ ਵੀ ਅੱਗ ਦਾ ਤਾਪ ਜ਼ਰੂਰ ਪਹੁੰਚਦਾ ਹੈ। ਨਥਾਣਾ ਮੁਖੀ ਮਨਦੀਪ ਸਿੰਘ ਨੇ ਕਿਹਾ ਕਿ ਜ਼ਖ਼ਮੀ ਦੇ ਬਿਆਨ ਦੇ ਆਧਾਰ 'ਤੇ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਉਦੈਵੀਰ ਸਿੰਘ ਢਿੱਲੋਂ ਨੂੰ ਜਾਂਚ ਲਈ ਐੱਫ.ਆਈ.ਆਰ. 'ਚ ਸ਼ਾਮਲ ਕੀਤਾ ਗਿਆ ਹੈ, ਜੇਕਰ ਜਾਂਚ 'ਚ ਉਨ੍ਹਾਂ ਦੀ ਕੋਈ ਭੂਮਿਕਾ ਪਾਈ ਗਈ ਤਾਂ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸਿਆਸੀ ਦਬਾਅ ਦੀ ਗੱਲ ਨੂੰ ਸਿਰੇ ਤੋਂ ਨਕਾਰ ਦਿੱਤਾ।

## ਮਿਹਨਤਕਸ਼ ਲੱਡੂ ਵੇਚਣ ਵਾਲੇ ਨਾਲ ਕੁੱਟਮਾਰ ਕਰਕੇ ਮੋਬਾਇਲ ਤੇ ਨਕਦੀ ਲੁੱਟੀ

ਸੁਲਤਾਨਪੁਰ ਲੋਧੀ 5 ਅਪ੍ਰੈਲ। ਇਲਾਕੇ ਵਿਚ ਲੁੱਟਾਂਖੋਹਾਂ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ, ਜਿਸ ਕਾਰਨ ਆਮ ਲੋਕਾਂ ਵਿਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਬਣਦਾ ਜਾ ਰਿਹਾ ਹੈ। ਤਾਜ਼ਾ ਮਾਮਲੇ ਵਿਚ ਪ੍ਰਾਪਤ ਜਾਣਕਾਰੀ ਅਨੁਸਾਰ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨ ਵਾਲੇ ਲੱਡੂ ਵੇਚਣ ਵਾਲੇ ਸ਼ਿਵ ਸ਼ੰਕਰ ਪਾਂਡੇ ਪੁੱਤਰ ਲਾਲ ਬਹਾਦੁਰ ਪਾਂਡੇ, ਨਿਵਾਸੀ ਪਿੰਡ ਪਕੜੀ ਕਲਾਂ, ਜ਼ਿਲ੍ਹਾ ਬਹਿਰਾਇਚ (ਉੱਤਰ ਪ੍ਰਦੇਸ਼), ਜੋ ਇਸ ਸਮੇਂ ਵਾਰਡ ਨੰਬਰ 1 ਮਨਜੀਤ ਨਗਰ, ਲੋਹੀਆਂ ਖਾਸ (ਜਲੰਧਰ) ਵਿਚ ਰਹਿ ਰਹੇ ਹਨ, ਲੁਟੇਰਿਆਂ ਦਾ ਸ਼ਿਕਾਰ ਬਣ ਗਿਆ। ਗੱਲਬਾਤ ਕਰਦੇ ਹੋਏ ਸ਼ਿਵ ਸ਼ੰਕਰ ਪਾਂਡੇ ਨੇ ਦੱਸਿਆ ਕਿ ਘਟਨਾ ਬੀਤੇ ਦਿਨੀ ਸ਼ਾਮ ਕਰੀਬ ਸਵਾ 6 ਵਜੇ ਦੀ ਹੈ, ਜਦੋਂ ਉਹ ਮੁਹੱਲਾ ਕੰਬੋਆਂ ਰਸਤਾ, ਸੁਲਤਾਨਪੁਰ ਲੋਧੀ ਵਿਚ ਆਪਣਾ ਰੋਜ਼ਾਨਾ ਕੰਮ ਤੋਂ ਵਾਪਸ ਆ ਰਹੇ ਸਨ। ਇਸ ਦੌਰਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ 3 ਅਣਪਛਾਤੇ ਲੁਟੇਰਿਆਂ ਨੇ ਉਸਨੂੰ ਨਿਸ਼ਾਨਾ ਬਣਾਉਂਦਿਆਂ ਪਹਿਲਾਂ ਘੇਰ ਕੇ ਉਸ ਦੀ ਕੁੱਟਮਾਰ ਕੀਤੀ ਅਤੇ ਫਿਰ ਉਸ ਕੋਲੋਂ ਵੀਵੋ ਕੰਪਨੀ ਦਾ ਮੋਬਾਇਲ ਫੋਨ ਅਤੇ ਕਰੀਬ 1000 ਰੁਪਏ ਦੀ ਨਕਦੀ ਖੋਹ ਕੇ ਫਰਾਰ ਹੋ ਗਏ। ਪੀੜਤ ਸ਼ਿਵ ਸ਼ੰਕਰ ਪਾਂਡੇ ਨੇ ਦੱਸਿਆ ਕਿ ਉਸ ਵੱਲੋਂ ਤੁਰੰਤ ਇਸ ਸਬੰਧੀ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਦੇ ਵਸਨੀਕਾਂ ਵਿਚ ਗੁੱਸਾ ਹੈ

# ਨੌਜਵਾਨ ਦੀ ਨਹਿਰ 'ਚੋਂ ਮਿਲੀ ਲਾਸ਼, ਪਰਿਵਾਰ 'ਚ ਛਾਇਆ ਸੋਗ

**ਕੌਮੀ ਪਤ੍ਰਿਕਾ**

ਤਲਵਾੜਾ 5 ਅਪ੍ਰੈਲ। ਸੀ-ਪਾਇਟ ਤਲਵਾੜਾ ਦੇ ਨਹਿਰ 'ਚ ਨਹਾਉਣ ਗਏ ਡੁੱਬੇ ਟ੍ਰੇਨੀ ਨੌਜਵਾਨ ਦੀ ਲਾਸ਼ ਨਹਿਰ 'ਚੋਂ ਬਰਾਮਦ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਚ. ਓ. ਤਲਵਾੜਾ ਸਤਪਾਲ ਸਿੰਘ ਨੇ ਦੱਸਿਆ ਹੈ ਕਿ ਤਲਵਾੜਾ ਪੁਲਸ ਨੂੰ ਦਿੱਤੇ ਬਿਆਨਾਂ 'ਚ ਸੁਖਵਿੰਦਰ ਸਿੰਘ ਪੁੱਤਰ ਸਿਗਾਰਾ ਸਿੰਘ ਵਾਸੀ ਪਿੰਡ ਟੂੰਡ ਥਾਣਾ ਗੜ੍ਹਦੀਵਾਲਾ ਨੇ ਦੱਸਿਆ ਹੈ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ (19) ਜੋ ਸੀ-ਪਾਇਟ ਕੈਂਪ ਤਲਵਾੜਾ ਵਿਖੇ ਆਰਮੀ ਦੀ ਭਰਤੀ ਲਈ ਕਰੀਬ 4-5 ਮਹੀਨਿਆਂ ਤੋਂ ਟਰੇਨਿੰਗ ਲੈ ਰਿਹਾ ਸੀ, 26 ਮਾਰਚ ਨੂੰ ਕਰੀਬ 5 ਵਜੇ ਸ਼ਾਮ ਮੈਨੂੰ ਸੀ-ਪਾਇਟ ਅਕੈਡਮੀ ਤਲਵਾੜਾ ਤੋਂ ਫੋਨ ਆਇਆ ਕਿ ਤੁਹਾਡਾ ਲੜਕਾ ਗੁਰਪ੍ਰੀਤ ਸਿੰਘ ਸ਼ਾਹ ਨਹਿਰ ਤਲਵਾੜਾ ਵਿੱਚ ਡੁੱਬ ਗਿਆ ਹੈ। ਇਸ ਤੋ ਬਾਅਦ ਮੈਂ ਆਪਣੇ ਪਰਿਵਾਰ ਨਾਲ ਤਲਵਾੜਾ ਵਿਖੇ ਪੁੱਜਿਆ ਅਤੇ ਫਿਰ ਸ਼ਾਹ ਨਹਿਰ ਦੇ ਆਸ ਪਾਸ ਆਪਣੇ ਲੜਕੇ ਗੁਰਪ੍ਰੀਤ ਸਿੰਘ ਦੀ ਭਾਲ ਕੀਤੀ ਜੋ ਨਹੀਂ ਮਿਲਿਆ। ਅੱਜ ਸਵੇਰੇ ਮੈਂ ਸਮੇਤ ਆਪਣੇ ਰਿਸ਼ਤੇਦਾਰਾਂ ਦੇ, ਪਰਿਵਾਰਕ ਮੈਂਬਰਾਂ ਦੇ ਅਤੇ ਪਿੰਡ ਵਾਸੀਆਂ ਨਾਲ ਆਪਣੇ ਲੜਕੇ ਗੁਰਪ੍ਰੀਤ ਸਿੰਘ ਦੀ ਬਾਬਾ ਦੀਪ ਸਿੰਘ ਸੇਵਾ ਦਲ ਦੇ ਸੇਵਾਦਾਰ ਗੋਤਾਖੋਰਾਂ ਦੀ ਮਦਦ ਨਾਲ ਮੇਰੇ ਲੜਕੇ ਗੁਰਪ੍ਰੀਤ ਸਿੰਘ ਦੀ ਲਾਸ਼ ਨਹਿਰ ਵਿਚੋਂ ਬਾਹਰ ਕੱਢੀ। ਜਿਸ ਸਬੰਧੀ ਮੈਨੂੰ ਸੀ-ਪਾਇਟ ਅਕੈਡਮੀ ਤਲਵਾੜਾ ਅਤੇ ਗੁਰਪ੍ਰੀਤ ਸਿੰਘ ਦੇ ਹੋਰ ਸਾਥੀ ਬੱਚਿਆ ਪਾਸੋਂ ਚੰਗੀ ਤਰਾਂ ਨਾਲ ਪੁੱਛਗਿੱਛ ਕੀਤੀ ਤਾਂ ਮੈਨੂੰ ਪਤਾ ਲੱਗਾ ਹੈ ਕਿ 26 ਮਾਰਚ ਨੂੰ ਵਕਤ



ਕਰੀਬ 3 ਵਜੇ ਸ਼ਾਮ ਗੁਰਪ੍ਰੀਤ ਸਿੰਘ ਨਹਾਉਣ ਲਈ ਨਹਿਰ 'ਤੇ ਗਿਆ ਸੀ, ਜਿੱਥੇ ਉਸ ਦਾ ਪੈਰ ਫਿਸਲਣ ਕਰਕੇ ਉਹ ਨਹਿਰ ਦੇ ਡੂੰਘੇ ਪਾਣੀ ਵਿੱਚ ਡਿੱਗ ਪਿਆ। ਤਲਵਾੜਾ ਪੁਲਸ ਨੇ ਗੁਰਪ੍ਰੀਤ ਸਿੰਘ ਦੇ ਪਿਤਾ ਸੁਖਵਿੰਦਰ ਸਿੰਘ ਦੇ ਬਿਆਨਾਂ 'ਤੇ ਕਾਰਵਾਈ ਕਰਦੇ ਹੋਏ ਲਾਸ਼ ਨੂੰ ਕਬਜ਼ੇ 'ਚ ਲੈ ਕੇ ਤਲਵਾੜਾ ਦੇ ਬੀ. ਬੀ. ਐੱਮ. ਬੀ. ਹਸਪਤਾਲ ਵਿਖੇ ਪੋਸਟਮਾਰਟਮ ਲਈ ਭੇਜ ਦਿੱਤੀ ਹੈ ।

## ਸਕੂਲ ਮਾਲਕ ਨੂੰ ਗ੍ਰਿਫ਼ਤਾਰ ਕਰਨ ਨੂੰ ਲੈ ਕੇ 'ਆਪ' ਸਰਕਾਰ ਵਿਵਾਦਾਂ 'ਚ ਘਿਰੀ

ਜਲੰਧਰ 5 ਅਪ੍ਰੈਲ। ਜਲੰਧਰ 'ਚ ਇਕ ਸਕੂਲ ਮਾਲਕ ਦੇ ਘਰ 'ਤੇ ਪੁਲਸ ਦੀ ਰੇਡ ਅਤੇ ਉਸ ਤੋਂ ਬਾਅਦ ਸਕੂਲ ਮਾਲਕ ਨੂੰ ਹਿਰਾਸਤ 'ਚ ਲੈਣ ਨੂੰ ਲੈ ਕੇ ਆਮ ਆਦਮੀ ਪਾਰਟੀ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਇਕ ਵਾਰ ਫਿਰ ਵਿਵਾਦ ਵਿੱਚ ਘਿਰ ਗਏ ਹਨ। ਜਾਣਕਾਰੀ ਮੁਤਾਬਕ ਪੁਲਸ ਨੇ ਸਵੇਰੇ 5 ਵਜੇ ਦੇ ਕਰੀਬ ਡਿਪਸ ਸਕੂਲ ਦੇ ਮਾਲਕ ਤਰਵਿੰਦਰ ਰਾਜੂ ਦੇ ਘਰ ਛਾਪਾ ਮਾਰਿਆ ਅਤੇ ਉਸ ਨੂੰ ਪੁਲਸ ਨਾਲ ਲੈ ਗਈ। ਪਤਾ ਲੱਗਾ ਹੈ ਕਿ ਜਲਾਲਾਬਾਦ 'ਚ ਕਿਸੇ ਜ਼ਮੀਨ ਨੂੰ ਲੈ ਕੇ ਕੋਈ ਵਿਵਾਦ ਸੀ, ਜਿਸ ਕਾਰਨ



ਤਰਵਿੰਦਰ ਰਾਜੂ ਦੇ ਘਰ ਪੁਲਸ ਪਹੁੰਚੀ ਸੀ। ਇਹ ਹੈਰਾਨੀ ਵਾਲੀ ਗੱਲ ਹੈ ਕਿ ਆਮ ਆਦਮੀ ਪਾਰਟੀ ਦੇ ਇਕ ਵਿਧਾਇਕ ਦੇ ਕਥਿਤ ਤੌਰ 'ਤੇ ਉਸ ਜ਼ਮੀਨ ਵਿਵਾਦ 'ਚ ਸ਼ਾਮਲ ਹੋਣ ਦੀ ਗੱਲ ਕਹੀ ਜਾ ਰਹੀ ਹੈ, ਜਿਸ 'ਤੇ ਇਹ ਮਾਮਲਾ ਦਰਜ ਕੀਤਾ ਗਿਆ ਸੀ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਜਲਾਲਾਬਾਦ 'ਚ ਉਸ ਜ਼ਮੀਨ ਬਾਰੇ ਪਹਿਲਾਂ ਹੀ ਇਕ ਸ਼ਿਕਾਇਤ ਦਰਜ ਕੀਤੀ ਗਈ ਸੀ, ਜਿਸ 'ਤੇ ਇਹ ਪੂਰਾ ਮਾਮਲਾ ਦਰਜ ਕੀਤਾ ਗਿਆ ਹੈ। ਹਾਲਾਂਕਿ ਇਸ ਮਾਮਲੇ ਵਿੱਚ ਦੋ ਵਾਰ ਜਾਂਚ ਕੀਤੀ ਗਈ ਸੀ, ਜਿਸ 'ਚ ਤਰਵਿੰਦਰ ਰਾਜੂ ਨੂੰ ਕਲੀਨ ਚਿੱਟ ਦਿੱਤੀ ਗਈ ਸੀ। ਮਨੁੱਖਤਾ ਅਦਾਲਤ ਦੁਆਰਾ ਪਹਿਲਾਂ ਹੀ ਇਕ ਫ਼ੈਸਲਾ ਜਾਰੀ ਕੀਤਾ ਜਾ ਚੁੱਕਾ ਹੈ। ਜੇਕਰ ਕਿਸੇ ਮਾਮਲੇ ਦੀ ਦੋ ਵਾਰ ਜਾਂਚ ਕੀਤੀ ਗਈ ਹੈ ਤਾਂ ਇਸ ਦੀ ਦੋਬਾਰਾ ਜਾਂਚ ਨਹੀਂ ਕੀਤੀ ਜਾ ਸਕਦੀ। ਇਸੇ ਮਾਮਲੇ ਨੂੰ ਲੈ ਕੇ ਕਥਿਤ ਤੌਰ 'ਤੇ ਦੋਬਾਰਾ ਇਹ ਨਵਾਂ ਵਿਵਾਦ ਛੇੜਿਆ ਗਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਵਿਵਾਦ ਨੂੰ ਜਾਣ-ਬੁੱਝ ਕੇ ਚੁੱਕਿਆ ਗਿਆ ਹੈ ਕਿਉਂਕਿ ਉਕਤ ਜ਼ਮੀਨ 'ਤੇ ਹੁਣ ਆਮ ਆਦਮੀ ਪਾਰਟੀ ਦੇ ਇਕ ਵਿਧਾਇਕ ਦੀ ਨਜ਼ਰ ਹੈ। ਇਸ ਪੂਰੇ ਵਿਵਾਦ ਵਿਚ ਵਿਧਾਇਕ ਅਤੇ ਸਰਕਾਰ ਦੀ ਸ਼ਹਿ 'ਤੇ ਦੋਬਾਰਾ ਤੋਂ ਤਰਵਿੰਦਰ ਰਾਜੂ ਨੂੰ ਘੇਰਣ ਦੀ ਕੋਸ਼ਿਸ਼ ਕੀਤੀ ਗਈ ਹੈ।

## ਮੋਟਰਸਾਈਕਲ ਸਵਾਰ ਦੋ ਵਿਅਕਤੀ ਗੰਭੀਰ ਜ਼ਖਮੀ

ਭਵਾਨੀਗੜ੍ਹ 5 ਅਪ੍ਰੈਲ। ਸਥਾਨਕ ਇਲਾਕੇ 'ਚੋਂ ਲੰਘਦੇ ਬਠਿੰਡਾ ਜ਼ੀਰਕਪੁਰ ਨੈਸ਼ਨਲ ਹਾਈਵੇ ਉੱਪਰ ਪਿੰਡ ਘਾਬਦਾਂ ਨੇੜੇ ਸਥਿਤ ਪੀ.ਜੀ.ਆਈ. ਹਸਪਤਾਲ ਕੋਲ ਇਕ ਸੜਕ ਹਾਦਸਾ ਵਾਪਰ ਗਿਆ। ਜਾਣਕਾਰੀ ਅਨੁਸਾਰ ਇਕ ਤੇਜ਼ ਰਫਤਾਰ ਕਾਰ ਨੇ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀਆਂ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ, ਜਿਸ ਨਾਲ ਦੋਵੇਂ ਗੰਭੀਰ ਰੂਪ 'ਚ ਜ਼ਖਮੀ ਹੋ ਗਏ। ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਸਹਾਇਕ ਸਬ-ਇੰਸਪੈਕਟਰ ਹਰਬੰਸ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਛੱਤਰ ਸਿੰਘ ਪੁੱਤਰ ਨੱਥੂ ਸਿੰਘ ਅਤੇ ਜਰਨੈਲ ਸਿੰਘ ਪੁੱਤਰ ਖੜਕ ਸਿੰਘ ਦੋਵੇਂ ਵਾਸੀ ਪਿੰਡ ਜਖੇਪਲ ਮੋਟਰਸਾਈਕਲ 'ਤੇ ਜਾ ਰਹੇ ਸਨ। ਜਿਵੇਂ ਹੀ ਉਹ ਘਾਬਦਾਂ ਨੇੜੇ ਸੜਕ ਦੇ ਕੱਟ ਤੋਂ ਮੁੜਨ ਲੱਗੇ ਤਾਂ ਪਿੱਛੋਂ ਆ ਰਹੀ ਤੇਜ਼ ਰਫ਼ਤਾਰ ਕਾਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਦੋਵੇਂ ਵਿਅਕਤੀ ਸੜਕ 'ਤੇ ਡਿੱਗ ਪਏ ਅਤੇ ਗੰਭੀਰ ਜ਼ਖਮੀ ਹੋ ਗਏ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਤੁਰੰਤ ਕਾਰਵਾਈ ਕਰਦਿਆਂ ਜ਼ਖਮੀਆਂ ਨੂੰ ਸਿਵਲ ਹਸਪਤਾਲ ਸੰਗਰੂਰ ਪਹੁੰਚਾਇਆ। ਡਾਕਟਰਾਂ ਵੱਲੋਂ ਹਾਲਤ ਨਾਜ਼ੁਕ ਦੇਖਦਿਆਂ ਨਛੱਤਰ ਸਿੰਘ ਨੂੰ ਸੁਨਾਮ ਦੇ ਇਕ ਨਿੱਜੀ ਹਸਪਤਾਲ ਅਤੇ ਜਰਨੈਲ ਸਿੰਘ ਨੂੰ ਪਟਿਆਲਾ ਦੇ ਨਿੱਜੀ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਪੁਲਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ।

# ਜਲੰਧਰ 'ਚ ਹੰਗਾਮਾ! ਮਹਿਲਾ ਨੇ ਪਤੀ ਤੇ ਸੱਸ 'ਤੇ ਲਾਏ ਕੁੱਟਮਾਰ ਦੇ ਗੰਭੀਰ ਦੋਸ਼

**ਕੌਮੀ ਪਤ੍ਰਿਕਾ**

ਜਲੰਧਰ 5 ਅਪ੍ਰੈਲ। ਜਲੰਧਰ ਸ਼ਹਿਰ ਦੇ ਤੇਜ ਮੋਹਨ ਨਗਰ ਬਸਤੀ ਸ਼ੇਖ ਵਿੱਚ ਇਕ ਔਰਤ ਨੇ ਆਪਣੇ ਪਤੀ ਅਤੇ ਸੱਸ 'ਤੇ ਘਰੇਲੂ ਝਗੜੇ ਦੇ ਚਲਦਿਆਂ ਹਮਲਾ ਕਰਨ ਦਾ ਦੋਸ਼ ਲਗਾਇਆ ਹੈ। ਉਸ ਨੇ ਪੁਲਸ ਸਟੇਸ਼ਨ 5 'ਚ ਸ਼ਿਕਾਇਤ ਦਰਜ ਕਰਵਾਈ ਪਰ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੀੜਤ ਸ਼ਾਨੂ ਭੱਟੀ ਨੇ ਦੱਸਿਆ ਕਿ ਉਸ ਦਾ ਪਤੀ ਸਚਿਨ ਭੱਟੀ ਨਸ਼ੇ ਦਾ ਆਦੀ ਹੈ। ਔਰਤ ਮੁਤਾਬਕ ਉਸ ਦੇ ਵਿਆਹ ਨੂੰ 16 ਸਾਲ ਹੋ ਗਏ ਹਨ ਪਰ ਉਸ ਨੂੰ ਘਰ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ। ਤਿੰਨ ਮਹੀਨੇ ਪਹਿਲਾਂ ਉਹ ਦਿੱਲੀ ਵਿੱਚ ਆਪਣੇ ਮਾਪਿਆਂ ਦੇ ਘਰ ਰਹਿ ਕੇ ਆਈ ਹੈ। ਮਹਿਲਾ ਨੇ ਆਪਣੀ ਸੱਸ 'ਤੇ ਨਸ਼ੇ ਵੇਚਣ ਦਾ ਦੋਸ਼ ਲਗਾਇਆ ਹੈ ਅਤੇ ਦਾਅਵਾ ਕੀਤਾ ਹੈ ਕਿ ਉਸ ਦੇ ਕੋਲ ਸਬੂਤ ਹਨ। ਪੀੜਤ ਮੁਤਾਬਕ ਉਸ ਨੇ ਨਸ਼ਾ ਮੁਕਤੀ ਕੇਂਦਰ ਵਿਚ ਦਾਖ਼ਲ ਕਰਵਾ ਕੇ ਪਿਛਲੇ 7 ਸਾਲਾਂ ਤੋਂ ਨਸ਼ਾ ਛੁਡਵਾ ਦਿੱਤਾ ਸੀ। ਦੋਸ਼ ਹੈ ਕਿ ਉਸ ਦੀ ਸੱਸ ਪਹਿਲਾਂ ਨਸ਼ੀਲੇ ਪਦਾਰਥ ਵੇਚਦੀ ਸੀ ਅਤੇ ਹੁਣ ਵਾਪਸ ਆ ਕੇ ਮਾਂ-ਪੁੱਤ ਉਸ ਦੇ ਨਾਲ ਕੁੱਟਮਾਰ ਕਰ ਰਹੇ ਹਨ। ਮਹਿਲਾ ਨੂੰ ਘਰੋਂ ਕੱਢਣ ਦੀ ਧਮਕੀ ਦਿੱਤੀ ਜਾ ਰਹੀ ਹੈ । ਦੱਸਿਆ ਕਿ ਉਸ ਦਾ ਪਤੀ ਚਾਰ ਸਾਲਾਂ ਤੋਂ ਕੰਮ ਨਹੀਂ ਕਰ ਰਿਹਾ ਹੈ। ਅਜਿਹੇ ਵਿਚ ਉਹ ਖ਼ੁਦ ਕੰਮਕਾਜ ਕਰਕੇ ਪਰਿਵਾਰ ਦਾ ਪਾਲਣ-ਪੋਸ਼ਣ ਕਰ



ਰਹੀ ਹੈ। ਉਸ ਦਾ ਦੋਸ਼ ਹੈ ਕਿ ਮਾਂ-ਪੁੱਤ ਦੋਵੇਂ ਨਸ਼ੇ ਦੇ ਆਦੀ ਹਨ ਅਤੇ ਮਾਂ ਨਸ਼ਾ ਵੇਚਣ ਦਾ ਕੰਮ ਵੀ ਕਰਦੀ ਹੈ । ਪੀੜਤਾ ਮੁਤਾਬਕ ਉਹ ਸ਼ਾਮ 5 ਵਜੇ ਪੁਲਸ ਸਟੇਸ਼ਨ ਗਈ ਅਤੇ ਕੁਲਵਿੰਦਰ ਮੈਡਮ ਕੋਲ ਸ਼ਿਕਾਇਤ ਦਰਜ ਕਰਵਾਈ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹ ਦੋਬਾਰਾ ਸ਼ਿਕਾਇਤ ਦਰਜ ਕਰਵਾਉਣ ਲਈ ਥਾਣੇ ਆਈ ਪਰ ਉਸ ਨੂੰ ਅਧਿਕਾਰੀ ਨਾਲ ਮਿਲਣ ਨਹੀਂ ਦਿੱਤਾ ਜਾ ਰਿਹਾ। ਪੀੜਤਾ ਨੇ ਇਨਸਾਫ਼ ਦੀ ਗੁਹਾਰ ਲਗਾਈ ਹੈ। ਮਾਮਲਾ ਜਾਂਚ ਅਧਿਕਾਰੀ ਕੋਲ ਹੈ ਅਤੇ ਮੀਡੀਆ ਵਿੱਚ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੁਲਸ ਨੇ ਕਾਰਵਾਈ ਦਾ ਭਰੋਸਾ ਦਿੱਤਾ। ਦੋਸ਼ ਹੈ ਕਿ ਸੱਸ ਜਦੋਂ ਤੋਂ ਵਾਪਸ ਆਈ ਹੈ ਘਰ ਵਿੱਚ ਲੜ ਰਹੀ ਹੈ। ਪੀੜਤਾ ਨੇ ਦੱਸਿਆ ਕਿ ਕਾਰਵਾਈ ਨਾ ਹੋਣ ਕਾਰਨ ਉਸ ਨੇ ਕਈ ਵਾਰ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਸੀ, ਜਿਸ ਤੋਂ ਬਾਅਦ ਹਸਪਤਾਲ ਵਿਚ ਉਸ ਦਾ ਇਲਾਜ ਕਰਵਾਇਆ ਗਿਆ। ਪਤੀ ਨੇ ਪੁਲਸ ਨੂੰ ਲਿਖਤੀ ਤੌਰ 'ਤੇ ਆਪਣੀ ਗਲਤੀ ਮੰਨ ਲਈ ਅਤੇ ਉਸ ਦਾ ਇਲਾਜ ਕਰਵਾਉਣ ਦਾ ਵਾਅਦਾ ਕੀਤਾ। ਹਾਲਾਂਕਿ, ਉਹ ਹੁਣ ਸਿਲੰਡਰ ਸਮੇਤ ਹੋਰ ਸਮਾਨ ਚੋਰੀ ਕਰ ਰਿਹਾ ਹੈ ਅਤੇ ਵੇਚ ਰਿਹਾ ਹੈ। ਦੂਜੇ ਪਾਸੇ ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸ਼ਾਲੂ ਭੱਟੀ ਨੇ ਆਪਣੇ ਪਤੀ ਅਤੇ ਸੱਸ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਔਰਤ ਨੇ ਆਪਣੇ ਪਤੀ ਨੂੰ ਉਸ ਦੀ ਨਸ਼ੇ ਦੀ ਆਦਤ ਬਾਰੇ ਦੱਸਿਆ। ਇਸ ਤੋਂ ਬਾਅਦ ਪੁਲਸ ਨੇ ਉਸ ਨੂੰ ਭਰੋਸਾ ਦਿੱਤਾ ਹੈ ਕਿ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰਵਾਇਆ ਜਾਵੇਗਾ।

## ਲੁਧਿਆਣਾ 'ਚ ਚੋਰੀ! ਹੌਰਸ ਸ਼ੂ ਕੈਫੇ ਦੇ ਘੋੜਾ ਫਾਰਮ ਹਾਊਸ 'ਤੇ 7-8 ਬਦਮਾਸ਼ਾਂ ਨੇ ਕੀਤਾ ਹੱਥ ਸਾਫ

ਲੁਧਿਆਣਾ 5 ਅਪ੍ਰੈਲ। ਨੂਰਪੁਰ ਬੇਟ ਵਿਚ ਸਥਿਤ ਇਕ ਨਾਮੀ ਘੋੜਾ ਫਾਰਮ ਹਾਊਸ 'ਹੌਰਸ ਸ਼ੂ ਕੈਫੇ' ਵਿਚ ਬਦਮਾਸ਼ਾਂ ਨੇ ਚੋਰੀ ਕਰ ਲਈ। ਕਰੀਬ 7 ਤੋਂ 8 ਨਕਾਬਪੋਸ਼ ਲੁਟੇਰਿਆਂ ਨੇ ਫਾਰਮ ਹਾਊਸ ਦੇ ਅੰਦਰ ਦਾਖ਼ਲ ਹੋ ਕੇ ਨਾ ਸਿਰਫ਼ ਕੀਮਤੀ ਸਾਮਾਨ 'ਤੇ ਹੱਥ ਸਾਫ਼ ਕੀਤਾ, ਸਗੋਂ ਆਪਣੀ ਪਛਾਣ ਛੁਪਾਉਣ ਲਈ ਬੜੀ ਚਲਾਕੀ ਨਾਲ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਵਾਲਾ ਡੀ.ਵੀ.ਆਰ. ਵੀ ਨਾਲ ਲੈ ਗਏ। ਫਿਲਹਾਲ ਥਾਣਾ ਲਾਡੋਵਾਲ ਦੀ ਪੁਲਸ ਨੇ ਅਣਪਛਾਤੇ 7-8 ਹਮਲਾਵਰਾਂ ਦੇ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਇਲਾਕੇ ਵਿਚ ਲੱਗੇ ਹੋਰ ਰਸਤਿਆਂ ਦੇ ਕੈਮਰਿਆਂ ਦੀ ਫੁਟੇਜ ਖੰਗਾਲਣੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਇਨ੍ਹਾਂ ਸ਼ਾਤਰ ਅਪਰਾਧੀਆਂ ਤੱਕ ਪਹੁੰਚਿਆ ਜਾ ਸਕੇ। ਫਾਰਮ ਹਾਊਸ ਮਾਲਕ ਜੈਨਿੰਦਰ ਸਿੰਘ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿਚ ਦੱਸਿਆ ਕਿ ਘਟਨਾ 19




ਮਾਰਚ ਦੀ ਹੈ। ਸ਼ਾਤਰ ਲੁਟੇਰਿਆਂ ਦਾ ਇਕ ਪੂਰਾ ਗਿਰੋਹ ਫਾਰਮ ਹਾਊਸ ਦੀ ਕੰਧ ਟੱਪ ਕੇ ਅੰਦਰ ਦਾਖ਼ਲ ਹੋਇਆ। ਬਦਮਾਸ਼ਾਂ ਨੇ ਉੱਥੇ ਖੜ੍ਹੇ ਟਰੈਕਟਰਾਂ ਦੀਆਂ ਬੈਟਰੀਆਂ, ਭਾਰੀ-ਭਰਕਮ ਜਨਰੇਟਰ ਦੀਆਂ ਬੈਟਰੀਆਂ ਅਤੇ ਇਨਵਰਟਰ ਸਮੇਤ ਬੈਟਰੀਆਂ ਪੁੱਟ ਲਈਆਂ। ਲੁਟੇਰਿਆਂ ਦੀ ਨਜ਼ਰ ਫਾਰਮ ਹਾਊਸ ਦੇ ਬਿਜਲੀ ਸਿਸਟਮ 'ਤੇ ਵੀ ਸੀ, ਜਿੱਥੋਂ ਉਹ ਮੇਨ ਮੀਟਰ ਦੀ ਕੇਬਲ ਦੇ ਭਾਰੀ-ਭਰਕਮ ਰੋਲ ਵੀ ਸਮੇਟ ਲੈ ਗਏ। ਇੰਨਾ ਹੀ ਨਹੀਂ, ਜਾਂਦੇ-ਜਾਂਦੇ ਲੁਟੇਰੇ ਘਰ ਦੇ ਅੰਦਰ ਰੱਖਿਆ ਕੁਝ ਕੀਮਤੀ ਘਰੇਲੂ ਸਾਮਾਨ ਵੀ ਬਟੋਰ ਲੈ ਗਏ। ਵਾਰਦਾਤ ਨੂੰ ਇੰਨੇ ਯੋਜਨਾਬੱਧ ਤਰੀਕੇ ਨਾਲ ਅੰਜਾਮ ਦਿੱਤਾ ਗਿਆ ਕਿ ਪੁਲਸ ਦੇ ਹੱਥ ਕੋਈ ਡਿਜੀਟਲ ਸੁਰਾਗ ਨਾ ਲੱਗੇ, ਇਸ ਦੇ ਲਈ ਬਦਮਾਸ਼ਾਂ ਨੇ ਸੀ.ਸੀ.ਟੀ.ਵੀ. ਕੈਮਰਿਆਂ ਨਾਲ ਛੇੜਛਾੜ ਕੀਤੀ ਅਤੇ ਡੀ.ਵੀ.ਆਰ. ਪੁੱਟ ਕੇ ਆਪਣੇ ਨਾਲ ਲੈ ਗਏ। ਸਵੇਰੇ ਜਦੋਂ ਕਰਮਚਾਰੀਆਂ ਨੇ ਫਾਰਮ ਹਾਊਸ ਦਾ ਨਜ਼ਾਰਾ ਦੇਖਿਆ ਤਾਂ ਉਨ੍ਹਾਂ ਦੇ ਹੋਸ਼ ਉੱਡ ਗਏ।

## ਲੁਧਿਆਣਾ 'ਚ ਸਿਹਤ ਵਿਭਾਗ ਦਾ ਵੱਡਾ ਐਕਸ਼ਨ

ਲੁਧਿਆਣਾ 5 ਅਪ੍ਰੈਲ। ਜ਼ਿਲ੍ਹਾ ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਵੱਲੋਂ ਢੰਡਾਰੀ, ਮਾਡਲ ਟਾਊਨ, ਦੁੱਗਰੀ, ਜੋਧਾਂ, ਸ਼ੇਰਪੁਰ ਚੌਕ ਦੇ ਇਲਾਕੇ ਵਿਚ ਵੱਖ ਵੱਖ ਫਾਸਟ ਫੂਡ ਆਊਟਲੇਟ ਅਤੇ ਰੈਸਟੋਰੈਂਟ, ਬੇਕਰੀ, ਮਠਿਆਈ ਦੀਆਂ ਦੁਕਾਨਾਂ, ਡੇਅਰੀਆਂ ਅਤੇ ਇਲਾਕੇ ਵਿਚ ਪੈਣ ਵਾਲੇ ਹਸਪਤਾਲਾਂ ਦੀ ਇੰਸਪੈਕਸ਼ਨ ਕੀਤੀ ਹੈ। ਇਸ ਦੌਰਾਨ ਟੀਮ ਨੇ ਵੱਖ ਵੱਖ ਥਾਵਾਂ ਤੋਂ 21 ਫੂਡ ਸੈਂਪਲ ਇਕੱਠੇ ਕੀਤੇ। ਟੀਮ ਨੇ ਸ਼ੱਕਰ, ਪਿਸਤਾ, ਵਰਤਿਆ ਹੋਇਆ ਕੁਕਿੰਗ ਆਇਲ, ਦਾਲ ਮੱਖਣੀ, ਪਨੀਰ ਦੇ ਦੋ ਸੈਂਪਲ ਅਤੇ ਗੁੜ ਦੇ ਸੈਂਪਲਾਂ ਸਮੇਤ ਸਿਹਤ ਅਧਿਕਾਰੀਆਂ ਦੇ ਮੁਤਾਬਕ ਇਨ੍ਹਾਂ ਸੈਂਪਲਾਂ ਵਿਚ ਉਪਰੋਕਤ ਤੋਂ ਇਲਾਵਾ, ਮੈਂਗੋ, ਬੰਟਾ ਬੋਤਲ ਡ੍ਰਿੰਕ, ਤਿਆਰ ਦਾਲ, ਆਟਾ, ਤਿਆਰ ਸਬਜ਼ੀ, ਕਾਲੇ ਛੋਲੇ, ਮੈਦਾ, ਗੁਜੀਆ ਅਤੇ ਡੋਡਾ ਦੇ ਸੈਂਪਲ ਸ਼ਾਮਲ ਹਨ।

# ਅਚਾਨਕ ਮੂਧੇ ਮੂੰਹ ਡਿੱਗੀਆਂ ਸੋਨੇ-ਚਾਂਦੀ ਦੀਆਂ ਕੀਮਤਾਂ! ਬਾਜ਼ਾਰ 'ਚ ਮਚੀ ਹਫੜਾ-ਦਫੜੀ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 5 ਅਪ੍ਰੈਲ। ਰਾਮ ਨੌਮੀ ਕਾਰਨ ਭਾਰਤੀ ਸ਼ੇਅਰ ਬਾਜ਼ਾਰ ਬੰਦ ਹੋਣ ਦੇ ਬਾਵਜੂਦ, ਸ਼ਾਮ 5 ਵਜੇ ਜਿਵੇਂ ਹੀ ਮਲਟੀ ਕਮੋਡਿਟੀ ਮਾਰਕੀਟ ਖੁੱਲ੍ਹਿਆ, ਕੀਮਤਾਂ ਤੇਜ਼ੀ ਨਾਲ ਹੇਠਾਂ ਡਿੱਗ ਗਈਆਂ। ਕਮੋਡਿਟੀ ਮਾਰਕੀਟ ਵਿੱਚ ਅੱਜ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਇੱਕਦਮ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ। ਰਿਪੋਰਟਾਂ ਅਨੁਸਾਰ, ਚਾਂਦੀ ਦੀਆਂ ਕੀਮਤਾਂ ਵਿੱਚ ਦੇਖਦੇ ਹੀ ਦੇਖਦੇ 15,000 ਰੁਪਏ ਪ੍ਰਤੀ ਕਿਲੋ ਦੀ ਗਿਰਾਵਟ ਆਈ ਅਤੇ ਇਹ 2.20 ਲੱਖ ਰੁਪਏ ਪ੍ਰਤੀ ਕਿਲੋ ਦੇ ਪੱਧਰ ਤੋਂ ਹੇਠਾਂ ਆ ਗਈ। ਇਸੇ ਤਰ੍ਹਾਂ ਸੋਨੇ ਦੇ ਭਾਅ ਵੀ 3,000 ਰੁਪਏ ਤੋਂ ਜ਼ਿਆਦਾ ਡਿੱਗ ਕੇ 1.40 ਲੱਖ ਰੁਪਏ ਪ੍ਰਤੀ 10 ਗ੍ਰਾਮ 'ਤੇ ਆ ਗਏ, ਜੋ ਕਿ ਪਿਛਲੇ ਦਿਨ ਦੇ ਮੁਕਾਬਲੇ 2 ਫੀਸਦੀ ਤੋਂ ਵੱਧ ਦੀ ਗਿਰਾਵਟ ਹੈ। ਬਾਜ਼ਾਰ ਮਾਹਿਰਾਂ ਅਨੁਸਾਰ ਇਸ ਗਿਰਾਵਟ ਦੇ ਪਿੱਛੇ ਮੁੱਖ ਤੌਰ 'ਤੇ ਅਮਰੀਕਾ ਅਤੇ ਈਰਾਨ ਵਿਚਕਾਰ ਵਧ



ਰਿਹਾ ਤਣਾਅ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੈ। ਅਮਰੀਕਾ ਨੇ ਈਰਾਨ ਨੂੰ ਜੰਗ ਖਤਮ ਕਰਨ ਲਈ 15 ਸ਼ਰਤਾਂ ਵਾਲਾ ਪ੍ਰਸਤਾਵ ਦਿੱਤਾ ਸੀ, ਜਿਸ ਨੂੰ ਈਰਾਨ ਵੱਲੋਂ ਖਾਰਜ ਕੀਤੇ ਜਾਣ ਤੋਂ ਬਾਅਦ ਟਰੰਪ ਨੇ ਸਖ਼ਤ ਚੇਤਾਵਨੀ ਦਿੱਤੀ ਹੈ। ਈਰਾਨ ਵੱਲੋਂ ਸਪਲਾਈ ਰੂਟ (ਹੋਰਮੁਜ਼ ਅਤੇ ਬਾਬ ਅਲ ਮੰਡਾਬ) ਬੰਦ ਕਰਨ ਦੀ ਧਮਕੀ ਕਾਰਨ ਬ੍ਰੈਂਟ ਕਰੂਡ ਦੀ ਕੀਮਤ 101 ਡਾਲਰ ਪ੍ਰਤੀ ਬੈਰਲ ਤੋਂ ਪਾਰ ਹੋ ਗਈ ਹੈ। ਤੇਲ ਦੀਆਂ ਕੀਮਤਾਂ ਵਧਣ ਕਾਰਨ ਡਾਲਰ ਮਜ਼ਬੂਤ ਹੋਇਆ ਹੈ, ਜਿਸ ਦਾ ਸਿੱਧਾ ਅਸਰ ਸੋਨੇ-ਚਾਂਦੀ ਦੀਆਂ ਕੀਮਤਾਂ 'ਤੇ ਪਿਆ ਹੈ। ਜ਼ਿਕਰਯੋਗ ਹੈ ਕਿ ਇਸ ਸਾਲ ਜਨਵਰੀ ਵਿੱਚ ਸੋਨਾ ਆਪਣੇ ਰਿਕਾਰਡ ਪੱਧਰ 1.93 ਲੱਖ ਰੁਪਏ ਪ੍ਰਤੀ 10 ਗ੍ਰਾਮ 'ਤੇ ਪਹੁੰਚ ਗਿਆ ਸੀ, ਜੋ ਹੁਣ 53 ਹਜ਼ਾਰ ਰੁਪਏ ਸਸਤਾ ਹੋ ਕੇ 1.40 ਲੱਖ 'ਤੇ ਕਾਰੋਬਾਰ ਕਰ ਰਿਹਾ ਹੈ। ਉੱਥੇ ਹੀ ਚਾਂਦੀ ਵੀ ਜਨਵਰੀ ਦੇ 4.20 ਲੱਖ ਰੁਪਏ ਦੇ ਰਿਕਾਰਡ ਪੱਧਰ ਤੋਂ 2 ਲੱਖ ਰੁਪਏ ਪ੍ਰਤੀ ਕਿਲੋ ਸਸਤੀ ਹੋ ਚੁੱਕੀ ਹੈ।

## ਵਿਦੇਸ਼ ਭੇਜਣ ਦੇ ਨਾਮ 'ਤੇ ਸਾਢੇ 9 ਲੱਖ ਦੀ ਠੱਗੀ ਮਾਰਨ ਵਾਲੇ ਪਤੀ-ਪਤਨੀ ਸਣੇ 3 ਨਾਮਜ਼ਦ

ਤਰਨਤਾਰਨ 5 ਅਪ੍ਰੈਲ। ਵਿਦੇਸ਼ ਭੇਜਣ ਦੇ ਨਾਮ 'ਤੇ 9:30 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ 'ਚ ਥਾਣਾ ਭਿੱਖੀਵਿੰਡ ਦੀ ਪੁਲਸ ਨੇ ਪਤੀ-ਪਤਨੀ ਸਮੇਤ ਤਿੰਨ ਖਿਲਾਫ ਪਰਚਾ ਦਰਜ ਕਰਦੇ ਹੋਏ ਗ੍ਰਿਫਤਾਰੀ ਦੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਗਜੀਤ ਸਿੰਘ ਪੁੱਤਰ ਬਲੀ ਸਿੰਘ ਵਾਸੀ ਪੱਟੀ ਰੋਡ ਭਿੱਖੀਵਿੰਡ ਵੱਲੋਂ ਜ਼ਿਲੇ ਦੇ ਐੱਸ.ਐੱਸ.ਪੀ ਨੂੰ ਬੀਤੇ ਮਈ ਮਹੀਨੇ ਦੌਰਾਨ ਇਕ ਸ਼ਿਕਾਇਤ ਦਿੱਤੀ ਗਈ ਸੀ ਕਿ ਉਸ ਦੇ ਸਾਲੇ ਨੂੰ ਵਿਦੇਸ਼ ਭੇਜਣ ਦੇ ਨਾਮ ਉਪਰ ਲੱਖਾਂ ਰੁਪਏ ਦੀ ਠੱਗੀ ਮਾਰੀ ਗਈ ਹੈ। ਜਿਸ ਤੋਂ ਬਾਅਦ ਐੱਸ.ਐੱਸ.ਪੀ ਵੱਲੋਂ ਡੀ.ਐੱਸ.ਪੀ ਭਿੱਖੀਵਿੰਡ ਨੂੰ ਇਸ ਮਾਮਲੇ ਦੀ ਜਾਂਚ ਕਰਨ ਸਬੰਧੀ ਆਦੇਸ਼ ਜਾਰੀ ਕੀਤੇ ਗਏ। ਡੀ.ਐੱਸ.ਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਵੱਲੋਂ ਇਸ ਸ਼ਿਕਾਇਤ ਦੀ ਬਰੀਕੀ ਨਾਲ ਜਾਂਚ-ਪੜਤਾਲ ਕਰਨ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਜਗਜੀਤ ਸਿੰਘ ਦੇ ਸਾਲੇ ਨੂੰ ਵਿਦੇਸ਼ ਭੇਜਣ ਦੇ ਨਾਮ ਉਪਰ 9.30 ਲੱਖ ਰੁਪਏ ਦੀ ਠੱਗੀ ਵਿਕਾਸ ਚੌਧਰੀ ਅਤੇ ਉਸਦੀ ਪਤਨੀ ਵੱਲੋਂ ਮਾਰੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਜਗਜੀਤ ਸਿੰਘ ਦੀ




ਸ਼ਿਕਾਇਤ ਨੂੰ ਜਾਂਚ ਕਰਨ ਤੋਂ ਬਾਅਦ ਥਾਣਾ ਭਿੱਖੀਵਿੰਡ ਵਿਖੇ ਵਿਕਾਸ ਚੌਧਰੀ ਉਰਫ ਵਿੱਕੀ, ਸੋਨਮ ਪਤਨੀ ਵਿਕਾਸ ਚੌਧਰੀ ਵਾਸੀ ਦਿਆਲਪੁਰ ਹਰਿਆਣਾ ਤੋਂ ਇਲਾਵਾ ਤਰਲੋਕ ਸਿੰਘ ਵਾਸੀ ਬੱਲਬਗੜ੍ਹ ਹਰਿਆਣਾ ਦੇ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ, ਜਿਸ ਦੀ ਅਗਲੇਰੀ ਜਾਂਚ ਏ.ਐੱਸ.ਆਈ ਸਲਵਿੰਦਰ ਸਿੰਘ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ।

## ਜ਼ੀਰਕਪੁਰ ਦੇ ਕਾਰੋਬਾਰੀ ਨੂੰ ਆਈ ਧਮਕੀ ਭਰੀ ਕਾਲ, ਮੰਗੀ ਇਕ ਕਰੋੜ ਰੁਪਏ ਦੀ ਫ਼?ਰੌਤੀ

ਜ਼ੀਰਕਪੁਰ 5 ਅਪ੍ਰੈਲ। ਬਲਟਾਣਾ ਖੇਤਰ 'ਚ ਇੱਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਪ੍ਰਾਪਰਟੀ ਡੀਲਰ ਨੂੰ ਖ਼ਤਰਨਾਕ ਗੈਂਗਸਟਰ ਦੇ ਨਾਂ 'ਤੇ ਫੋਨ ਕਰਕੇ ਇਕ ਕਰੋੜ ਰੁਪਏ ਦੀ ਫ਼?ਰੌਤੀ ਮੰਗੀ ਗਈ ਹੈ। ਰਕਮ ਨਾ ਦੇਣ ਦੀ ਸੂਰਤ 'ਚ ਡੀਲਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ, ਜਿਸ ਕਾਰਨ ਪੀੜਤ ਪਰਿਵਾਰ ਕਾਫੀ ਡਰਿਆ ਹੋਇਆ ਹੈ। ਪੀੜਤ ਮਨਮੋਹਨ ਸਿੰਘ ਉਰਫ਼ ਸੋਨੂੰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਪ੍ਰਾਪਰਟੀ ਡੀਲਿੰਗ ਦਾ ਕੰਮ ਕਰਦਾ ਹੈ। ਬੀਤੇ ਦਿਨੀਂ ਉਸ ਦੇ ਮੋਬਾਇਲ 'ਤੇ ਇੱਕ ਵਿਦੇਸ਼ੀ ਨੰਬਰ ਤੋਂ ਵਟਸਐਪ ਕਾਲ ਆਈ, ਜਿਸ 'ਚ ਫੋਨ ਕਰਨ ਵਾਲੇ ਨੇ ਉਸ ਨੂੰ ਉਸ ਦੇ ਘਰੇਲੂ ਨਾਂ 'ਸੋਨੂੰ' ਨਾਲ ਸੰਬੋਧਿਤ ਕੀਤਾ, ਜਿਸ ਬਾਰੇ ਸਿਰਫ਼ ਉਸ ਦੇ ਨਜ਼ਦੀਕੀ ਹੀ ਜਾਣਦੇ ਹਨ। ਮੁਲਜ਼ਮ ਨੇ ਮਾਝੀ ਲਹਿਜੇ 'ਚ ਪੰਜਾਬੀ 'ਚ ਗੱਲ ਕੀਤੀ ਅਤੇ ਦੋ ਦਿਨਾਂ ਦੇ ਅੰਦਰ ਇਕ ਕਰੋੜ ਰੁਪਏ ਦੀ ਰੰਗਦਾਰੀ ਦੀ ਮੰਗ ਕੀਤੀ। ਪੀੜਤ ਅਨੁਸਾਰ ਦੋ ਦਿਨ ਬਾਅਦ ਉਸੇ ਨੰਬਰ ਤੋਂ ਦੁਬਾਰਾ ਫੋਨ ਆਇਆ ਅਤੇ ਕਾਲ ਕਰਨ ਵਾਲੇ ਨੇ ਖ਼ੁਦ ਨੂੰ ਗੈਂਗਸਟਰ ਡੋਨੀ ਬੱਲ ਦਾ ਛੋਟਾ ਭਰਾ ਦੱਸਿਆ। ਉਸ ਨੇ ਧਮਕਾਇਆ ਕਿ ਉਸ ਕੋਲ ਡੀਲਰ ਦੇ ਘਰ, ਦਫ਼ਤਰ ਅਤੇ ਗੱਡੀਆਂ ਦੀ ਪੂਰੀ ਜਾਣਕਾਰੀ ਹੈ। ਮੁਲਜ਼ਮ ਨੇ ਡਰਾਉਂਦਿਆਂ ਕਿਹਾ ਕਿ ਜੇਕਰ ਰਕਮ ਨਾ ਦਿੱਤੀ ਗਈ ਤਾਂ ਉਸ ਦਾ ਅੰਜਾਮ ਵੀ ਰਾਣਾ ਬਲਾਚੌਰੀਆ ਵਰਗਾ ਕਰ ਦਿੱਤਾ ਜਾਵੇਗਾ। ਇਸ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ ਹੈ। ਪੁਲਸ ਚੌਂਕੀ ਬਲਟਾਣਾ ਦੇ ਇੰਚਾਰਜ ਗੁਰਪ੍ਰੀਤ ਸਿੰਘ ਦੇ ਨਿਰਦੇਸ਼ਾਂ 'ਤੇ ਐੱਸ. ਆਈ. ਸੁਲੱਖਣ ਸਿੰਘ ਨੂੰ ਮਾਮਲੇ ਦੀ ਜਾਂਚ ਸੌਂਪੀ ਗਈ ਹੈ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਅਣਪਛਾਤੇ ਵਿਅਕਤੀ ਖ਼?ਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਪੁਲਸ ਹੁਣ ਮੋਬਾਇਲ ਨੰਬਰ ਨੂੰ ਟਰੇਸ ਕਰਕੇ ਮੁਲਜ਼ਮ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ।

## ਤੇਜ਼ ਰਫ਼ਤਾਰ 'ਥਾਰ' ਨੇ ਉਜਾੜਿਆ ਹੱਸਦਾ-ਖੇਡਦਾ ਪਰਿਵਾਰ

ਗੁਰੂਗ੍ਰਾਮ 5 ਅਪ੍ਰੈਲ। ਹਰਿਆਣਾ ਦੇ ਗੁਰੂਗ੍ਰਾਮ ਦੇ ਖੋੜ ਪਿੰਡ 'ਚ ਇਕ ਤੇਜ਼ ਰਫ਼ਤਾਰ ਥਾਰ ਕਾਰ ਨੇ 2 ਮੁੰਡਿਆਂ ਅਤੇ ਉਨ੍ਹਾਂ ਦੇ ਨਾਨਾ ਨੂੰ ਕੁਚਲ ਦਿੱਤਾ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ 8 ਅਤੇ ਸਾਲ ਦੇ ਜਾਇਦ ਖਾਨ ਅਤੇ ਈਸ਼ਾਂਤ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਉਨ੍ਹਾਂ ਦੇ ਨਾਨਾ, 53 ਸਾਲਾ ਸੁਭਾਸ਼ ਨੇ ਹਸਪਤਾਲ 'ਚ ਦਮ ਤੋੜ ਦਿੱਤਾ। ਮ੍ਰਿਤਕ ਰਾਜਸਥਾਨ ਦੇ ਭਿਵਾੜੀ ਜ਼ਿਲ੍ਹੇ ਦੇ ਮਿਲਕਪੁਰ ਪਿੰਡ ਦੇ ਵਾਸੀ ਸਨ। ਪੁਲਸ ਅਨੁਸਾਰ, ਸੁਭਾਸ਼ ਆਪਣੇ 2 ਦੋਹਤਿਆਂ ਨਾਲ ਖੋੜ ਪਿੰਡ ਕੋਲ ਲੋਕਰਾ ਰੋਡ 'ਤੇ ਆਪਣੇ ਭਰਾਵਾਂ ਨੂੰ ਮਿਲਣ ਆਇਆ ਸੀ। ਪੁਲਸ ਨੇ ਦੱਸਿਆ ਕਿ ਸ਼ੁੱਕਰਵਾਰ ਦੀ ਰਾਤ ਕਰੀਬ 11 ਵਜੇ ਜਦੋਂ ਉਹ ਆਪਣੇ ਦੋਹਤਿਆਂ ਨਾਲ ਘਰ ਪਰਤ ਰਿਹਾ ਸੀ, ਉਦੋਂ ਇਕ ਮਹਿੰਦਰਾ ਥਾਰ ਨੇ ਉਨ੍ਹਾਂ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ, ਜਿਸ ਨਾਲ ਉਹ ਕਈ ਫੁੱਟ ਦੂਰ ਜਾ ਡਿੱਗੇ। ਪੁਲਸ ਨੇ ਕਾਰ ਜ਼ਬਤ ਕਰ ਲਈ ਹੈ, ਹਾਲਾਂਕਿ ਉਸ ਦਾ ਡਰਾਈਵਰ ਅਜੇ ਵੀ ਫਰਾਰ ਹੈ। ਇਕ ਪੁਲਸ ਅਧਿਕਾਰੀ ਨੇ ਕਿਹਾ,"ਅਸੀਂ ਥਾਰ ਵਾਹਨ ਦੀ ਨੰਬਰ ਪਲੇਟ ਦੇ ਆਧਾਰ 'ਤੇ ਡਰਾਈਵਰ ਦੀ ਪਛਾਣ ਕਰ ਲਈ ਹੈ।

# 'ਡੰਕੀ ਰੂਟ' ਰਾਹੀਂ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵੇਸ਼ ਕਰਵਾਉਣ ਦੇ ਦੋਸ਼ 'ਚ ਪੰਜਾਬ ਦਾ ਏਜੰਟ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 5 ਅਪ੍ਰੈਲ। ਦਿੱਲੀ ਪੁਲਸ ਨੇ ਪੰਜਾਬ ਦੇ ਇਕ 36 ਸਾਲਾ ਏਜੰਟ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਕਥਿਤ ਤੌਰ 'ਤੇ ਜਾਅਲੀ ਯਾਤਰਾ ਦਸਤਾਵੇਜ਼ ਬਣਾਉਣ ਅਤੇ 'ਡੰਕੀ ਰੂਟ' ਰਾਹੀਂ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵੇਸ਼ ਦੀ ਸਹੂਲਤ ਦੇਣ 'ਚ ਸ਼ਾਮਲ ਸੀ। ਇਹ ਜਾਣਕਾਰੀ ਸ਼ੁੱਕਰਵਾਰ ਨੂੰ ਇਕ ਅਧਿਕਾਰੀ ਨੇ ਦਿੱਤੀ। 'ਡੰਕੀ ਰੂਟ' ਉਨ੍ਹਾਂ ਰਸਤਿਆਂ ਨੂੰ ਕਿਹਾ ਜਾਂਦਾ ਹੈ, ਜਿਸ ਦਾ ਇਸਤੇਮਾਲ ਪ੍ਰਵਾਸੀ ਬਿਨਾਂ ਉੱਚਿਤ ਦਸਤਾਵੇਜ਼ ਦੇ ਅਮਰੀਕਾ ਵਰਗੇ ਦੇਸ਼ਾਂ 'ਚ ਪ੍ਰਵੇਸ਼ ਕਰਨ ਲਈ ਕਰਦੇ ਹਨ। ਉਨ੍ਹਾਂ ਦੇ ਜੋਖਮ ਭਰੇ ਅਤੇ ਔਖੇ ਸਫ਼ਰ ਨੂੰ ਆਮ ਤੌਰ 'ਤੇ ਮਨੁੱਖੀ ਤਸਕਰੀ ਸਿੰਡੀਕੇਟਾਂ ਦੁਆਰਾ ਸੁਵਿਧਾਜਨਕ ਬਣਾਇਆ ਜਾਂਦਾ ਹੈ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ ਨਰੇਸ਼ ਕੁਮਾਰ ਵਜੋਂ ਹੋਈ ਹੈ, ਜੋ ਕਿ ਪੰਜਾਬ ਦੇ ਪਟਿਆਲਾ ਦੇ ਪਿੰਡ ਮਟੌਲੀ ਦਾ ਰਹਿਣ ਵਾਲਾ ਹੈ ਅਤੇ ਇਕ ਭਾਰਤੀ ਯਾਤਰੀ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤੇ ਜਾਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕੁਮਾਰ ਨੇ ਹੋਰ ਏਜੰਟਾਂ ਨਾਲ ਮਿਲ ਕੇ ਕਥਿਤ ਤੌਰ 'ਤੇ ਜਾਅਲੀ 'ਸ਼ੈਂਗੇਨ ਵੀਜ਼ਾ' ਦਾ ਪ੍ਰਬੰਧ ਕੀਤਾ ਸੀ ਅਤੇ ਬਾਅਦ 'ਚ ਜਾਅਲਸਾਜ਼ੀ ਨੂੰ ਲੁਕਾਉਣ ਲਈ ਯਾਤਰੀ ਦੇ ਪਾਸਪੋਰਟ ਨਾਲ ਛੇੜਛਾੜ ਕੀਤੀ ਸੀ। ਇਹ ਮਾਮਲਾ 4 ਤੋਂ 5 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਉਦੋਂ ਸਾਹਮਣੇ ਆਇਆ, ਜਦੋਂ ਗੁਰਸਾਹਿਬ ਸਿੰਘ (39) ਅਮਰੀਕਾ ਤੋਂ ਆਈਜੀਆਈ ਏਅਰਪੋਰਟ ਪਹੁੰਚਿਆ। ਉਸ ਨੂੰ ਅਮਰੀਕਾ ਤੋਂ ਵਾਪਸ ਭੇਜ ਦਿੱਤਾ ਗਿਆ ਸੀ। ਉਸ ਦੇ ਯਾਤਰਾ ਦਸਤਾਵੇਜ਼ਾਂ ਦੀ ਜਾਂਚ ਦੌਰਾਨ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਦੇ ਪਾਸਪੋਰਟ ਦੇ ਇਕ ਪੰਨੇ 'ਤੇ ਗੂੰਦ ਦੇ ਨਿਸ਼ਾਨ ਦੇਖੇ, ਜਿਸ ਨਾਲ ਛੇੜਛਾੜ ਦਾ ਸੰਕੇਤ ਮਿਲਿਆ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਵਾਸੀ ਸਿੰਘ 'ਤੇ ਬਾਅਦ 'ਚ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡਾ ਪੁਲਸ ਥਾਣੇ 'ਚ ਭਾਰਤੀ ਨਿਆਂ ਸੰਹਿਤਾ ਅਤੇ ਪਾਸਪੋਰਟ ਐਕਟ ਦੀਆਂ ਸੰਬੰਧਤ ਧਾਰਾਵਾਂ ਦੇ ਅਧੀਨ ਇਕ ਮਾਮਲਾ ਦਰਜ ਕੀਤਾ ਗਿਆ। ਅਧਿਕਾਰੀ ਨੇ ਦੱਸਿਆ ਕਿ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਪੁੱਛ-ਗਿੱਛ ਕੀਤੀ ਗਈ, ਜਿਸ ਦੌਰਾਨ ਉਸ ਨੇ ਇਸ ਬਾਰੇ ਪੂਰੀ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਸਿੰਘ ਨੇ ਖੁਲਾਸਾ ਕੀਤਾ ਕਿ 2024 'ਚ ਸਿੰਗਾਪੁਰ ਤੋਂ ਭਾਰਤ ਆਉਣ ਤੋਂ ਬਾਅਦ ਉਹ ਗੁਰਦੇਵ ਸਿੰਘ ਉਰਫ 'ਗੁਰੀ' ਨਾਮੀ ਇਕ ਏਜੰਟ ਦੇ ਸੰਪਰਕ 'ਚ ਆਇਆ, ਜਿਸ ਨੇ 20 ਲੱਖ ਰੁਪਏ ਦੇ ਬਦਲੇ ਉਸ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਪ੍ਰਵੇਸ਼ ਕਰਨ 'ਚ ਮਦਦ ਕਰਨ ਦਾ ਵਾਅਦਾ ਕੀਤਾ। ਸਿੰਘ ਨੇ 17 ਲੱਖ ਰੁਪਏ ਨਕਦ ਦਿੱਤੇ ਅਤੇ ਬਾਕੀ ਤਿੰਨ ਲੱਖ ਰੁਪਏ ਇਕ ਬੈਂਕ ਖਾਤੇ 'ਚ ਟਰਾਂਸਫਰ ਕੀਤੇ, ਜੋ ਬਾਅਦ 'ਚ ਨਰੇਸ਼ ਕੁਮਾਰ ਨਿਕਲਿਆ। ਪੁਲਸ ਨੇ ਦੱਸਿਆ ਕਿ ਸਾਜਿਸ਼ ਅਨੁਸਾਰ, ਸਿੰਘ ਨੂੰ ਬ੍ਰਿਟੇਨ, ਸਪੇਨ, ਗਵਾਟੇਮਾਲਾ, ਮੈਕਸੀਕੋ ਅਤੇ ਅੰਤ 'ਚ ਤਿਜੁਆਨਾ ਸਣੇ ਕਈ ਦੇਸ਼ਾਂ 'ਚੋਂ ਹੋ ਕੇ ਭੇਜਿਆ ਗਿਆ, ਜਿੱਥੋਂ ਉਹ 'ਡੰਕੀ ਰੂਟ' ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖ਼ਲ ਹੋ ਗਿਆ। ਪੁਲਸ ਅਨੁਸਾਰ ਅਮਰੀਕਾ 'ਚ ਪ੍ਰਵੇਸ਼ ਕਰਨ ਤੋਂ ਪਹਿਲਾਂ, ਏਜੰਟ ਦੇ ਇਕ ਸਹਿਯੋਗੀ ਨੇ ਜਾਅਲੀ 'ਸ਼ੈਂਗੇਨ ਵੀਜ਼ਾ' ਹਾਸਲ ਕੀਤਾ ਅਤੇ ਉਸ ਨੂੰ ਸਿੰਘ ਦੇ ਪਾਸਪੋਰਟ 'ਤੇ ਚਿਪਕਾ ਦਿੱਤਾ, ਜਿਸ 'ਚ ਬਾਅਦ 'ਚ ਨਕਲੀ ਵੀਜ਼ਾ ਲੁਕਾਉਣ ਲਈ ਛੇੜਛਾੜ ਕੀਤੀ ਗਈ। ਪੁਲਸ ਅਨੁਸਾਰ ਹਾਲਾਂਕਿ ਸਿੰਘ ਨੂੰ ਅਮਰੀਕੀ ਅਧਿਕਾਰੀਆਂ ਨੇ ਹਿਰਾਸਤ 'ਚ ਲੈ ਲਿਆ ਅਤੇ ਤਿੰਨ ਮਹੀਨੇ ਹਿਰਾਸਤ 'ਚ ਰੱਖਣ ਤੋਂ ਬਾਅਦ ਉਸ ਨੂੰ ਭਾਰਤ ਭੇਜ ਦਿੱਤਾ ਗਿਆ। ਪੁਲਸ ਅਨੁਸਾਰ ਉਸ ਦੇ ਆਉਣ 'ਤੇ ਜਾਂਚ ਸ਼ੁਰੂ ਹੋਈ ਅਤੇ ਕੁਮਾਰ ਦੀ ਗ੍ਰਿਫ਼ਤਾਰੀ ਹੋਈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜੈਤੋ ਨੂੰ 28.68 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦੀ ਸੌਗਾਤ

Contd....Front page

ਪਰ ਕੋਟਕਪੂਰਾ, ਬਹਿਬਲ ਕਲਾਂ ਅਤੇ ਹੋਰ ਥਾਵਾਂ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਅਤੇ ਨਿਰਦੋਸ਼ ਮਾਰੇ ਗਏ, ਦੀ ਗੱਲ 'ਤੇ ਉਹ ਅੱਖਾਂ ਮੀਟ ਲੈਂਦੇ ਹਨ। ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ 'ਤੇ ਵਿਅੰਗ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਦਲ ਦੀ ਇਸ ਚਾਲ ਦਾ ਅਸਲ ਨਾਮ ਪਰਿਵਾਰ ਬਚਾਓ ਯਾਤਰਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮੈਂ ਅਕਾਲੀ ਆਗੂਆਂ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਇਹ ਸਪੱਸ਼ਟ ਕਰਨ ਕਿ 15 ਸਾਲਾਂ ਤੱਕ ਸੂਬੇ ਨੂੰ ਲੁੱਟਣ ਤੋਂ ਬਾਅਦ ਉਹ ਕਿਸ ਤੋਂ ਸੂਬੇ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਸੂਬੇ ਨੂੰ ਬੇਰਹਿਮੀ ਨਾਲ ਲੁੱਟਿਆ ਅਤੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਭਾਵਨਾਤਮਕ ਤੌਰ 'ਤੇ ਕੁਚਲਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਵੱਖ-ਵੱਖ ਮਾਫੀਆ ਨੂੰ ਸਰਪ੍ਰਸਤੀ ਦਿੱਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਲੀਡਰਸ਼ਿਪ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਕਈ ਪੀੜ੍ਹੀਆਂ ਦੀ ਨਸਲਕੁਸ਼ੀ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਨਸ਼ਿਆਂ ਦੇ ਵਪਾਰ ਨੂੰ ਸਰਪ੍ਰਸਤੀ ਦਿੱਤੀ ਅਤੇ ਉਨ੍ਹਾਂ ਦੇ ਲੰਬੇ ਸਮੇਂ ਦੇ ਕੁਸ਼ਾਸਨ ਦੌਰਾਨ ਨਸ਼ਾ ਵੱਡੇ ਪੱਧਰ 'ਤੇ ਵਧਿਆ-ਫੁੱਲਿਆ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਹੱਥ ਲੱਖਾਂ ਨੌਜਵਾਨਾਂ ਦੇ ਖੂਨ ਨਾਲ ਰੰਗੇ ਹੋਏ ਹਨ, ਜੋ ਇਨ੍ਹਾਂ ਆਗੂਆਂ ਦੇ ਸਰਕਾਰੀ ਵਾਹਨਾਂ ਜ਼ਰੀਏ ਸੂਬੇ ਵਿੱਚ ਸਪਲਾਈ ਕੀਤੇ ਜਾਂਦੇ ਨਸ਼ਿਆਂ ਦਾ ਸ਼ਿਕਾਰ ਹੋਏ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦੇ ਪਾਪ ਮੁਆਫ਼ ਨਹੀਂ ਕੀਤੇ ਜਾ ਸਕਦੇ ਅਤੇ ਅਕਾਲੀਆਂ ਨੂੰ ਉਨ੍ਹਾਂ ਦੇ ਕੁਕਰਮਾਂ ਦੀ ਲੰਬੀ ਚੌੜੀ ਸੂਚੀ ਲਈ ਲੋਕ ਕਦੇ ਵੀ ਮਾਫ਼ ਨਹੀਂ ਕਰਨਗੇ।

ਇਸ ਦੌਰਾਨ ਵਿਧਾਨਕ ਕਾਰਵਾਈ ਦੀ ਰੂਪ-ਰੇਖਾ ਪੇਸ਼ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪ ਸਰਕਾਰ ਨੇ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ ਸੋਧ ਲਈ 13 ਅਪ੍ਰੈਲ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਪਵਿੱਤਰ ਗ੍ਰੰਥ ਦੀ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਘੱਟੋ-ਘੱਟ 10 ਸਾਲ ਅਤੇ ਉਮਰ ਕੈਦ ਤੱਕ ਦੀ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਕਾਨੂੰਨ ਬਣਾਉਣ ਲਈ ਤਜਰਬੇਕਾਰ ਕਾਨੂੰਨੀ ਮਾਹਿਰਾਂ ਦੀ ਸਹਾਇਤਾ ਲਈ ਹੈ ਅਤੇ ਇਸ ਸਬੰਧੀ ਸੰਤ ਸਮਾਜ ਨਾਲ ਵੀ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ। ਅਕਾਲੀ ਲੀਡਰਸ਼ਿਪ 'ਤੇ ਵਰ੍ਹਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੌਕਾਪ੍ਰਸਤ ਆਗੂ ਹਨ, ਜੋ ਆਪਣੀ ਸਹੂਲਤ ਅਤੇ ਨਿੱਜੀ ਰਾਜਨੀਤਕ ਹਿੱਤਾਂ ਅਨੁਸਾਰ ਗਿਰਗਿਟ ਵਾਂਗ ਰੰਗ ਅਤੇ ਰੁਖ਼ ਬਦਲਦੇ ਰਹਿੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਇਹ ਪਰਿਵਾਰ ਅੰਗਰੇਜ਼ਾਂ ਦਾ ਪਿੱਠੂ ਰਿਹਾ ਹੈ ਅਤੇ ਦੇਸ਼ ਭਗਤਾਂ ਵਿਰੁੱਧ ਅੰਗਰੇਜ਼ਾਂ ਦਾ ਸਾਥ ਦੇਣ ਲਈ ਇਸ ਪਰਿਵਾਰ ਨੂੰ ਸਰ ਦੀ ਉਪਾਧੀ ਨਾਲ ਨਿਵਾਜਿਆ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਪਰਿਵਾਰ ਨੇ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਦੋਸ਼ੀ ਜਨਰਲ ਡਾਇਰ ਵਾਸਤੇ ਇਸ ਘਿਨਾਉਣੀ ਘਟਨਾ ਤੋਂ ਬਾਅਦ ਰਾਤ ਦੇ ਖਾਣੇ ਦੀ ਮੇਜ਼ਬਾਨੀ ਕੀਤੀ ਸੀ। ਉਨ੍ਹਾਂ ਕਿਹਾ, "ਇਸ ਕਾਰਵਾਈ ਨੇ ਉਨ੍ਹਾਂ ਦੀ ਦੇਸ਼ ਵਿਰੋਧੀ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਨੂੰ ਜੱਗ ਜ਼ਾਹਰ ਕੀਤਾ ਹੈ।"

ਉਨ੍ਹਾਂ ਅੱਗੇ ਕਿਹਾ, "ਸਿਰਫ ਇਹ ਹੀ ਨਹੀਂ, ਪਰਿਵਾਰ ਨੇ ਜਨਰਲ ਡਾਇਰ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਰੋਪਾਓ ਭੇਂਟ ਕਰਨ ਅਤੇ ਮੁਆਫ਼ੀ ਦਿਵਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਸੀ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, "ਇਹ ਹੋਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸਿਰੋਪਾਓ ਭੇਂਟ ਕਰਨ ਵਾਲੇ ਜਥੇਦਾਰ ਅਰੂੜ ਸਿੰਘ, ਸਾਬਕਾ ਲੋਕ ਸਭਾ ਮੈਂਬਰ ਸਿਮਰਜੀਤ ਸਿੰਘ ਮਾਨ ਦੇ ਨਾਨਾ ਜੀ ਸਨ।" ਇਤਿਹਾਸ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, "ਬਾਦਲ ਦੇ ਪੁਰਖਿਆਂ ਦੇ ਦੋਗਲੇ ਕਿਰਦਾਰ ਦਾ ਸੱਚ ਇਤਿਹਾਸ ਦੇ ਪੰਨਿਆਂ 'ਤੇ ਉੱਕਰਿਆ ਹੈ, ਜਿਸ ਨੂੰ ਮਿਟਾਇਆ ਨਹੀਂ ਜਾ ਸਕਦਾ।" ਉਨ੍ਹਾਂ ਅੱਗੇ ਕਿਹਾ, "ਇਸ ਪਰਿਵਾਰ ਦੇ ਹੱਥ ਦੇਸ਼ ਭਗਤਾਂ ਦੇ ਖੂਨ ਨਾਲ ਰੰਗੇ ਹਨ ਅਤੇ ਰਾਸ਼ਟਰਵਾਦੀਆਂ ਦੀ ਪਿੱਠ 'ਚ ਛੁਰਾ ਮਾਰਨ ਤੋਂ ਲੈ ਕੇ ਕੌਮ ਨਾਲ ਧ੍ਰੋਹ ਕਮਾਉਣ ਤੱਕ ਉਨ੍ਹਾਂ ਦੀ ਭੂਮਿਕਾ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਕਾਂਗਰਸ ਨੂੰ ਕਰੜੀ ਹੱਥੀਂ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕਾਂਗਰਸ ਵਿੱਚ ਹਰ ਆਗੂ ਸੂਬੇ ਦਾ ਮੁਖੀ ਬਣਨਾ ਚਾਹੁੰਦਾ ਹੈ। ਉਨ੍ਹਾਂ ਕੋਲ ਵਰਕਰਾਂ ਨਾਲੋਂ ਵੱਧ ਮੁੱਖ ਮੰਤਰੀ ਹਨ।" ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਨ੍ਹਾਂ ਦੇ ਚੋਟੀ ਦੇ ਨੇਤਾ ਨੇ ਹਾਲ ਹੀ ਦੌਰਾਨ ਹੋਈ ਇੱਕ ਰੈਲੀ ਵਿੱਚ ਉਨ੍ਹਾਂ ਨੂੰ ਜਨਤਕ ਤੌਰ 'ਤੇ ਝਿੜਕਿਆ ਹੈ। ਉਨ੍ਹਾਂ ਤੰਜ ਕੱਸਦਿਆਂ ਕਿਹਾ, "ਕਾਂਗਰਸ ਇੱਕ ਦੁਫਾੜ ਹੋਈ ਪਾਰਟੀ ਹੈ, ਜੋ ਅੰਦਰੂਨੀ ਖਿੱਚੋਤਾਣ ਕਾਰਨ ਢਹਿ-ਢੇਰੀ ਹੋਣ ਦੇ ਕੰਢੇ ਹੈ।" ਉਨ੍ਹਾਂ ਕਿਹਾ, "ਇਹ ਬੜੀ ਮੰਦਭਾਗੀ ਗੱਲ ਹੈ ਕਿ ਉਨ੍ਹਾਂ ਨੂੰ ਇਕਜੁੱਟ ਕਰਨ ਲਈ ਭੇਜੇ ਗਏ ਆਗੂਆਂ ਨੂੰ ਉਨ੍ਹਾਂ ਦੇ ਨਾਮ ਤੱਕ ਨਹੀਂ ਉਚਾਰਣੇ ਆਉਂਦੇ।"

2027 ਦੀ ਚੋਣ ਦੀ ਰੂਪ-ਰੇਖਾ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਲੋਕਾਂ ਕੋਲ ਚੁਣਨ ਲਈ ਤਿੰਨ ਕਲਮਾਂ ਹੋਣਗੀਆਂ।" ਉਨ੍ਹਾਂ ਕਿਹਾ, "ਪਹਿਲੀ ਕਲਮ ਕਾਂਗਰਸ ਦੀ ਹੈ, ਜਿਸ ਦੀ ਸਿਆਹੀ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ, 1984 ਦੇ ਦੰਗਿਆਂ ਅਤੇ ਹੋਰ ਸਿੱਖ ਵਿਰੋਧੀ ਸਟੈਂਡਾਂ ਦੀ ਪ੍ਰਤੀਕ ਹੈ। ਇਸੇ ਤਰ੍ਹਾਂ ਦੂਜੀ ਕਲਮ ਅਕਾਲੀਆਂ ਦੀ ਹੈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਸਿਆਹੀ ਹੈ।" ਉਨ੍ਹਾਂ ਜ਼ੋਰ ਦਿੰਦਿਆਂ ਕਿਹਾ, "ਤੀਜੀ ਕਲਮ ਆਪ ਦੀ ਹੈ, ਜੋ ਕਿ ਲੋਕ-ਪੱਖੀ ਤੇ ਵਿਕਾਸਸ਼ੀਲ ਪਹਿਲਕਦਮੀਆਂ ਰਾਹੀਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾ ਕੇ ਇਸ ਦੀ ਸ਼ਾਨ-ਬਹਾਲੀ ਕਰ ਰਹੀ ਹੈ। ਸੁਚੱਜੇ ਸ਼ਾਸਨ ਪ੍ਰਬੰਧਾਂ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬਾ ਸਰਕਾਰ ਨੇ ਕਈ ਲੋਕ-ਪੱਖੀ ਪਹਿਲਕਦਮੀਆਂ ਕੀਤੀਆਂ ਹਨ, ਜਿਸ ਨਾਲ ਸੂਬੇ ਦੀ ਬਦਲੀ ਨੁਹਾਰ ਦੀ ਤਸਵੀਰ ਸਪੱਸ਼ਟ ਦਿਖ ਰਹੀ ਹੈ।" ਉਨ੍ਹਾਂ ਅੱਗੇ ਕਿਹਾ, "ਲੋਕਾਂ ਦੇ ਟੈਕਸ ਦਾ ਪੈਸਾ ਬੜੀ ਸਮਝਦਾਰੀ ਨਾਲ ਲੋਕਾਂ ਦੀ ਭਲਾਈ 'ਤੇ ਖਰਚ ਕੀਤਾ ਜਾ ਰਿਹਾ ਹੈ। ਇਹ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਦੀ ਅਪਗ੍ਰੇਡੇਸ਼ਨ ਰਾਹੀਂ ਮੁੜ ਸੂਬੇ 'ਤੇ ਹੀ ਲਗਾਇਆ ਜਾ ਰਿਹਾ ਹੈ। ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਵਾਈ ਹੈ, ਬਿਨਾਂ ਕਿਸੇ ਭ੍ਰਿਸ਼ਟਾਚਾਰ ਤੋਂ 65000 ਤੋਂ ਵੱਧ ਨੌਕਰੀਆਂ ਦਿੱਤੀਆਂ, ਸੜਕਾਂ ਵਿੱਚ ਸੁਧਾਰ ਕੀਤਾ ਹੈ, ਟੋਲ ਪਲਾਜ਼ਾ ਬੰਦ ਕੀਤੇ, ਜਿਸ ਨਾਲ ਰੋਜ਼ਾਨਾ 70 ਲੱਖ ਰੁਪਏ ਦੀ ਬਚਤ ਹੋਈ ਹੈ ਅਤੇ ਬੁਨਿਆਦੀ ਢਾਂਚਾ ਮਜ਼ਬੂਤ ਹੋਇਆ ਹੈ।" ਉਨ੍ਹਾਂ ਅੱਗੇ ਕਿਹਾ, "ਨਹਿਰੀ ਪਾਣੀ ਦੀ ਵਰਤੋਂ 22 ਫੀਸਦੀ ਤੋਂ ਵਧ ਕੇ 71 ਫੀਸਦੀ ਹੋ ਗਈ ਹੈ ਅਤੇ ਆਉਣ ਵਾਲੇ ਝੋਨੇ ਦੇ ਸੀਜ਼ਨ ਤੱਕ 90 ਫੀਸਦੀ ਤੱਕ ਪੁੱਜ ਜਾਵੇਗੀ। ਸਿੱਖਿਆ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੁਫ਼ਤ ਸਹੂਲਤਾਂ ਗ਼ਰੀਬੀ ਨੂੰ ਖਤਮ ਨਹੀਂ ਕਰ ਸਕਦੀਆਂ। ਸਿੱਖਿਆ ਇਕਲੌਤਾ ਸਾਧਨ ਹੈ ਜਿਸ ਰਾਹੀਂ ਲੋਕਾਂ ਨੂੰ ਉੱਚਾ ਚੁੱਕਿਆ ਸਕਦਾ ਹੈ।" ਉਨ੍ਹਾਂ ਅੱਗੇ ਕਿਹਾ, "ਵਿੱਦਿਆ ਉਹ ਚਾਨਣ ਹੈ ਜੋ ਹਨੇਰੇ ਦੂਰ ਕਰਦਾ ਹੈ, ਇਸ ਲਈ ਅਸੀਂ ਸਿੱਖਿਆ ਨੂੰ ਵਡੇਰੀ ਤਰਜੀਹ ਦੇ ਰਹੇ ਹਾਂ। ਸਿਹਤ ਸੰਭਾਲ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ।" ਉਨ੍ਹਾਂ ਅੱਗੇ ਕਿਹਾ,"ਹਰੇਕ ਪਰਿਵਾਰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦਾ ਹੱਕਦਾਰ ਹੈ, ਜਿਸ ਵਿੱਚ 30 ਲੱਖ ਤੋਂ ਵੱਧ ਕਾਰਡ ਜਾਰੀ ਕੀਤੇ ਗਏ ਹਨ ਅਤੇ ਹੁਣ ਤੱਕ 1.65 ਲੱਖ ਇਲਾਜ ਮੁਹੱਈਆ ਕਰਵਾਏ ਗਏ ਹਨ।" ਉਨ੍ਹਾਂ ਲੋਕਾਂ ਅਜਿਹੀ ਲਾਭਕਾਰੀ ਸਕੀਮਾਂ ਤੋਂ ਪੂਰਾ ਲਾਭ ਉਠਾਉਣ ਦੀ ਅਪੀਲ ਵੀ ਕੀਤੀ।

ਬਿਜਲੀ ਸਪਲਾਈ ਬਾਰੇ ਉਨ੍ਹਾਂ ਕਿਹਾ, "ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਖੇਤਾਂ ਦੇ ਟਿਊਬਵੈੱਲਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਗਈ ਹੈ।" ਉਨ੍ਹਾਂ ਅੱਗੇ ਕਿਹਾ, "ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਵਿੱਚ ਬਦਲਾਅ ਸਾਫ਼ ਦੇਖਿਆ ਜਾ ਰਿਹਾ ਹੈ।" ਉਨ੍ਹਾਂ ਦੁਹਰਾਇਆ, "ਸਰਕਾਰੀ ਖ਼ਜ਼ਾਨੇ ਦਾ ਇੱਕ-ਇੱਕ ਪੈਸਾ ਲੋਕ ਭਲਾਈ ਲਈ ਵਰਤਿਆ ਜਾ ਰਿਹਾ ਹੈ।" ਸਮਾਜ ਭਲਾਈ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ 18 ਸਾਲ ਤੋਂ ਵੱਧ ਉਮਰ ਦੀਆਂ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1500 ਰੁਪਏ ਦਿੱਤੇ ਜਾ ਰਹੇ ਹਨ। ਇਕੱਠ ਨੂੰ ਗੱਲਬਾਤ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਕੋਈ ਸਿਆਸੀ ਰੈਲੀ ਨਹੀਂ, ਸਗੋਂ ਲੋਕਾਂ ਨਾਲ ਜੁੜਨ ਦਾ ਅਸਲ ਮੰਚ ਹੈ।" ਉਨ੍ਹਾਂ ਅੱਗੇ ਕਿਹਾ, "ਪਿਛਲੀਆਂ ਸਰਕਾਰਾਂ ਨੇ ਲੋਕਾਂ ਦਾ ਭਰੋਸਾ ਤੋੜਿਆ ਅਤੇ ਸੂਬੇ ਨੂੰ ਲੁੱਟਿਆ, ਪਰ ਫੇਰ ਲੋਕਾਂ ਨੇ ਬਦਲਾਅ ਲਈ ਵੋਟ ਦਿੱਤੀ, ਜਿਸ ਨਾਲ ਸਕੂਲਾਂ, ਹਸਪਤਾਲਾਂ ਅਤੇ ਹੋਰ ਖੇਤਰਾਂ ਵਿੱਚ ਤਬਦੀਲੀ ਆਈ। ਜੈਤੋ ਦੀ ਇਤਿਹਾਸਕ ਧਰਤ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ, "ਇਸ ਪਵਿੱਤਰ ਧਰਤੀ ਨੇ ਹਮੇਸ਼ਾ ਇਤਿਹਾਸ ਲਿਖਿਆ ਹੈ ਅਤੇ ਪੰਜਾਬ ਦੀ ਕਿਸਮਤ ਵਿੱਚ ਜ਼ਰਖੇਜ਼ ਭੋਇੰ ਦਾ ਬਹੁਤ ਵੱਡਾ ਯੋਗਦਾਨ ਪਾਇਆ ਹੈ।" ਉਨ੍ਹਾਂ ਅੱਗੇ ਕਿਹਾ, "ਰਵਾਇਤੀ ਆਗੂ ਚਾਂਦੀ ਦੇ ਚਮਚਿਆਂ ਨਾਲ ਪੈਦਾ ਹੋਏ ਸਨ ਅਤੇ ਉਨ੍ਹਾਂ ਨੇ ਦੇਸ਼ ਲਈ ਨਾ ਕਦੇ ਕੁਝ ਕੀਤਾ ਤੇ ਨਾ ਹੀ ਦੁੱਖ ਜਰਿਆ।" ਉਨ੍ਹਾਂ ਕਿਹਾ, "ਉਹ ਮੰਨਦੇ ਰਹੇ ਕਿ ਉਨ੍ਹਾਂ ਕੋਲ ਰਾਜ ਕਰਨ ਦਾ ਰੱਬੀ ਅਧਿਕਾਰ ਹੈ, ਪਰ ਲੋਕਤੰਤਰ ਵਿੱਚ ਲੋਕ ਹੀ ਸਰਵਉੱਚ ਹੁੰਦੇ ਹਨ।" ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਿੱਖਿਆ ਅਤੇ ਭਲਾਈ ਬਾਰੇ ਚਰਚਾ ਕਰਨ ਦੀ ਬਜਾਏ, ਉਹ ਮੱਝਾਂ ਬਾਰੇ ਗੱਲ ਕਰਦੇ ਹਨ, ਜੋ ਕਿ ਇੱਕ ਸੌੜੀ ਮਾਨਸਿਕਤਾ ਨੂੰ ਦਰਸਾਉਂਦਾ ਹੈ।

## NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

## NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

## NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

## NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

## NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

## NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

## NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

## PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

## PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

## PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

## NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

## NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

## PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

## NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

## NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

## NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

## NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

## NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

## NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

## NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

## PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

## NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

## NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

## NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

## NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

## NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

## PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

## NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

## NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

## NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

## NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

## NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

## NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

## NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

## NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

## PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

## NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

## PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

## NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

## PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

## NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

## NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

## NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

## NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

## PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

## NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

## NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

## NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

## NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

## NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

## NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

## NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

## NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

## NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

## PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

## NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

## NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

## NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

## NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

## NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

## NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

## NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

## NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

## NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

## NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

## NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

## PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

## NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

## NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

## NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

## PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

## NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

## NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

## NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

## NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

## NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

## PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਅਰੁੰਧਤੀ ਰਾਏ ਨੂੰ ਮਿਲਿਆ US Critics Circle ਪੁਰਸਕਾਰ





ਵਾਸ਼ਿੰਗਟਨ: ਨੋਬਲ ਪੁਰਸਕਾਰ ਜੇਤੂ ਹਾਨ ਕਾਂਗ ਦੇ ਇੱਕ ਨਾਵਲ, ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਅਤੇ Open AI 'ਤੇ ਕਰੇਨ ਹਾਓ ਦੀ ਖੋਜ ਅਤੇ ਲੇਖਿਕਾ ਅਰੁੰਧਤੀ ਰਾਏ ਦੀ ਆਪਣੀ ਸਵੈ-ਜੀਵਨੀ ਨੂੰ ਅਮਰੀਕਾ ਦੇ ਸਾਲਾਨਾ ਨੈਸ਼ਨਲ ਬੁੱਕ ਕ੍ਰਿਟਿਕਸ ਸਰਕਲ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ।

ਹਾਨ ਦਾ ਨਾਵਲ ਵੀ ਡੂ ਨੌਟ ਪਾਰਟ ਕੋਰੀਆਈ ਮੁੱਖ ਭੂਮੀ ਦੇ ਦੱਖਣ 'ਚ ਸਥਿਤ ਜੇਜੂ ਟਾਪੂ 'ਚ 1948-1949 ਦੇ ਵਿਦਰੋਹ ਦੀ ਕਹਾਣੀ ਹੈ ਜਿਸ 'ਚ ਹਜ਼ਾਰਾਂ ਲੋਕ ਮਾਰੇ ਗਏ ਸਨ। ਇਸ ਨਾਵਲ ਦਾ ਅਨੁਵਾਦ ਈ. ਯੇਵੋਨ ਅਤੇ ਪੈਜ ਅਨੀਆਹ ਮੌਰਿਸ ਨੇ ਕੀਤਾ ਹੈ। ਪੁਰਸਕਾਰਾਂ ਦੀ ਕਥਾ ਕਮੇਟੀ ਦੀ ਪ੍ਰਧਾਨ ਹੀਥਰ ਸਕੌਟ ਪਾਰਟਿੰਗਟਨ ਨੇ ਇਸ ਨਾਵਲ ਬਾਰੇ ਕਿਹਾ ਕਿ ਇਸ ਦੀ ਕਹਾਣੀ ਇੱਕ ਪ੍ਰਭਾਵਸ਼ਾਲੀ ਅਤੇ ਕੀਲ ਲੈਣ ਵਾਲੇ ਸੁਪਨੇ ਵਾਂਗ ਮਨ 'ਚ ਵੱਸ ਜਾਂਦੀ ਹੈ।

ਲਾਈਫ਼ ਟਾਈਮ ਅਚੀਵਮੈਂਟ ਸ਼੍ਰੇਣੀ ਦਾ ਪੁਰਸਕਾਰ ਲੇਖਿਕਾ ਅਤੇ ਪੱਤਰਕਾਰ ਫ਼੍ਰਾਂਸਿਸ ਫ਼ਿਟਜ਼ਜੇਰਾਲਡ ਨੂੰ ਦਿੱਤਾ ਗਿਆ ਜਿਨ੍ਹਾਂ ਦੀ ਵੀਅਤਨਾਮ ਯੁੱਧ 'ਤੇ ਆਧਾਰਤ 1972 ਦੀ ਪੁਸਤਕ ਫ਼ਾਇਰ ਇਨ ਦਾ ਲੇਕ ਕਾਫ਼ੀ ਚਰਚਿਤ ਹੈ। ਨੈਸ਼ਨਲ ਪਬਲਿਕ ਰੇਡੀਓ (NPR) ਅਤੇ ਪਬਲਿਕ ਬ੍ਰੌਡਕਾਸਟਿੰਗ ਸਰਵਿਸ (PBS) ਨੂੰ ਉਨ੍ਹਾਂ ਸੰਸਥਾਵਾਂ ਵਜੋਂ ਪੁਰਸਕ੍ਰਿਤ ਕੀਤਾ ਗਿਆ ਜਿਨ੍ਹਾਂ ਨੇ ਪੁਸਤਕ ਸਭਿਆਚਾਰ 'ਚ ਮਹੱਤਵਪੂਰਣ ਯੋਗਦਾਨ ਪਾਇਆ ਹੈ। ਅਰੁੰਧਤੀ ਰਾਏ ਨੂੰ ਉਨ੍ਹਾਂ ਦੀ ਕਿਰਤ ਮਦਰ ਮੈਰੀ ਕਮਜ਼ ਟੂ ਮੀ ਲਈ ਸਵੈ-ਜੀਵਨੀ ਸ਼੍ਰੇਣੀ 'ਚ ਸਨਮਾਨਿਤ ਕੀਤਾ ਗਿਆ।

# Toronto 'ਚ US ਕੌਂਸਲੇਟ ਦੇ ਬਾਹਰ No Kings ਪ੍ਰਦਰਸ਼ਨ



ਟੋਰੌਂਟੋ: Toronto 'ਚ US ਕੌਂਸਲੇਟ ਦੇ ਬਾਹਰ No Kings ਪ੍ਰਦਰਸ਼ਨ ਦੌਰਾਨ ਸੈਂਕੜੇ ਲੋਕ ਇਕੱਠੇ ਹੋਏ ਜਿਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਆਪਣਾ ਰੋਸ ਜਤਾਇਆ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਪ੍ਰਦਰਸ਼ਨ 'ਚ ਲੋਕਾਂ ਨੇ ਨਾਅਰੇਬਾਜ਼ੀ ਕਰਦੇ ਹੋਏ ਟਰੰਪ ਪ੍ਰਸ਼ਾਸ਼ਨ ਦੇ ਫ਼ੈਸਲਿਆਂ ਦਾ ਵਿਰੋਧ ਕੀਤਾ। ਦੱਸਿਆ ਜਾ ਰਿਹਾ ਹੈ ਕਿ Toronto 'ਚ ਹੋਇਆ ਇਹ ਪ੍ਰਦਰਸ਼ਨ ਅਮਰੀਕਾ ਅਤੇ ਦੁਨੀਆਂ ਦੇ ਹੋਰ ਸ਼ਹਿਰਾਂ 'ਚ ਹੋ ਰਹੀਆਂ ਇਸੇ ਤਰ੍ਹਾਂ ਦੀਆਂ ਰੈਲੀਆਂ ਦਾ ਹਿੱਸਾ ਹੈ। ਆਯੋਜਕਾਂ ਮੁਤਾਬਿਕ ਇਹ ਪ੍ਰਦਰਸ਼ਨ ਲੋਕਤੰਤਰ ਅਤੇ ਅਧਿਕਾਰਾਂ ਦੀ ਰੱਖਿਆ ਲਈ ਕੀਤਾ ਗਿਆ ਜਿਸ 'ਚ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਹਿੱਸਾ ਲਿਆ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਪ੍ਰਦਰਸ਼ਨ ਮੌਜੂਦਾ ਰਾਜਨੀਤਿਕ ਮਾਹੌਲ 'ਚ ਲੋਕਾਂ ਦੇ ਵਿਚਾਰਾਂ ਨੂੰ ਦਰਸਾਉਂਦੇ ਹਨ ਅਤੇ ਸਮਾਜ 'ਚ ਚਰਚਾ ਨੂੰ ਜਨਮ ਦਿੰਦੇ ਹਨ।

# ਦੁਨੀਆਂ ਭਰ 'ਚ No Kings ਰੈਲੀਆਂ ਦੀ ਗੂੰਜ




ਸੇਂਟ ਪੌਲ: ਅਮਰੀਕਾ ਅਤੇ ਯੌਰਪ ਦੇ ਕਈ ਹਿੱਸਿਆਂ 'ਚ No Kings ਰੈਲੀਆਂ ਦੌਰਾਨ ਵੱਡੀ ਗਿਣਤੀ 'ਚ ਲੋਕਾਂ ਨੇ ਸ਼ਮੂਲੀਅਤ ਕੀਤੀ। ਇਹ ਪ੍ਰਦਰਸ਼ਨ ਮੁੱਖ ਤੌਰ 'ਤੇ ਈਰਾਨ ਨਾਲ ਜਾਰੀ ਜੰਗ ਅਤੇ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਕਾਰਵਾਈਆਂ ਦੇ ਵਿਰੁੱਧ ਕੀਤੇ ਗਏ।

**ਮਿਨੇਸੋਟਾ ਬਣਿਆ ਅੰਦੋਲਨ ਦਾ ਗੜ੍ਹ:** ਅਮਰੀਕਾ ਦਾ ਮਿਨੇਸੋਟਾ ਸੂਬਾ ਇਸ ਵਿਰੋਧ ਪ੍ਰਦਰਸ਼ਨ ਦਾ ਮੁੱਖ ਕੇਂਦਰ ਬਣ ਕੇ ਉੱਭਰਿਆ ਹੈ। ਸੇਂਟ ਪੌਲ ਵਿਖੇ ਹੋਈ ਵਿਸ਼ਾਲ ਰੈਲੀ 'ਚ ਹਜ਼ਾਰਾਂ ਲੋਕਾਂ ਨੇ ਇਕਜੁਟਤਾ ਦਿਖਾਉਂਦੇ ਹੋਏ ਟਰੰਪ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਇਸ ਰੈਲੀ 'ਚ ਮਸ਼ਹੂਰ ਗਾਇਕ ਬਰੂਸ ਸਪ੍ਰਿੰਗਸਟੀਨ ਨੇ ਵੀ ਹਿੱਸਾ ਲਿਆ। ਉਨ੍ਹਾਂ ਨੇ ਸੰਘੀ ਏਜੰਟਾਂ ਦੀ ਗੋਲੀਬਾਰੀ 'ਚ ਮਾਰੇ ਗਏ ਰਨੇ ਗੁੱਡ ਅਤੇ ਐਲੈਕਸ ਪ੍ਰੈੱਟੀ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਆਪਣਾ ਗੀਤ ਸਟ੍ਰੀਟਸ ਔਫ਼ ਮਿਨੀਐਪਲਿਸ ਪੇਸ਼ ਕੀਤਾ। ਸਪ੍ਰਿੰਗਸਟੀਨ ਨੇ ਲੋਕਾਂ ਦੇ ਜਜ਼ਬੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਵਿਰੋਧ ਪੂਰੇ ਦੇਸ਼ ਲਈ ਉਮੀਦ ਦੀ ਕਿਰਨ ਹੈ।

ਇਹ ਅੰਦੋਲਨ ਸਿਰਫ਼ ਵੱਡੇ ਸ਼ਹਿਰਾਂ ਤਕ ਹੀ ਸੀਮਿਤ ਨਹੀਂ ਸੀ ਬਲਕਿ 85 ਲੱਖ ਦੀ ਆਬਾਦੀ ਵਾਲੇ ਨਿਊ ਯੌਰਕ ਤੋਂ ਲੈ ਕੇ ਦੋ ਹਜ਼ਾਰ ਤੋਂ ਵੀ ਘੱਟ ਆਬਾਦੀ ਵਾਲੇ ਡ੍ਰਿਗਜ਼ ਕਸਬੇ ਤਕ ਲੋਕ ਸੜਕਾਂ 'ਤੇ ਉਤਰ ਆਏ। ਅਮਰੀਕਾ ਤੋਂ ਇਲਾਵਾ ਯੌਰਪ, ਲੈਟਿਨ ਅਮੈਰੀਕਾ ਅਤੇ ਆਸਟ੍ਰੇਲੀਆ ਸਮੇਤ ਦੁਨੀਆਂ ਦੇ ਲਗਭਗ 12 ਦੇਸ਼ਾਂ 'ਚ ਵਿਰੋਧ ਪ੍ਰਦਰਸ਼ਨ ਹੋਏ। ਇੰਡਿਵਿਜ਼ੇਬਲ ਸੰਗਠਨ ਅਨੁਸਾਰ ਲੋਕਤੰਤਰੀ ਦੇਸ਼ਾਂ 'ਚ ਇਨ੍ਹਾਂ ਪ੍ਰਦਰਸ਼ਨਾਂ ਨੂੰ No Tyrants (ਕੋਈ ਤਾਨਾਸ਼ਾਹ ਨਹੀਂ) ਵਜੋਂ ਵੀ ਜਾਣਿਆ ਜਾ ਰਿਹਾ ਹੈ।

**ਰੋਮ 'ਚ ਵੀ ਗੂੰਜੇ ਨਾਅਰੇ:** ਇਟਲੀ ਦੀ ਰਾਜਧਾਨੀ ਰੋਮ 'ਚ ਹਜ਼ਾਰਾਂ ਲੋਕਾਂ ਨੇ ਸੜਕਾਂ 'ਤੇ ਉਤਰ ਕੇ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਵਿਰੁੱਧ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਹੱਥਾਂ 'ਚ ਬੈਨਰ ਫ਼ੜੇ ਹੋਏ ਸਨ ਜਿਨ੍ਹਾਂ ਰਾਹੀਂ ਇਜ਼ਰਾਇਲ ਅਤੇ ਅਮਰੀਕਾ ਵਲੋਂ ਈਰਾਨ 'ਤੇ ਕੀਤੇ ਗਏ ਹਮਲਿਆਂ ਦਾ ਸਖ਼ਤ ਵਿਰੋਧ ਕੀਤਾ ਗਿਆ।

# ਪਿਤਾ ਨਾਲ ਕਾਨੂੰਨੀ ਲੜਾਈ ਤੋਂ ਬਾਅਦ ਲੜਕੀ ਨੂੰ ਮਿਲੀ ਇੱਛਾ ਮੌਤ



ਬਾਰਸੇਲੋਨਾ: ਸਪੇਨ 'ਚ 25 ਸਾਲਾ ਨੋਏਲੀਆ ਕਾਸਤੀਲੋ ਨੇ ਇੱਕ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਇੱਛਾ ਮੌਤ ਰਾਹੀਂ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ ਹੈ। ਨੋਏਲੀਆ ਨੂੰ ਇੱਛਾ ਮੌਤ ਲਈ ਆਪਣੇ ਪਿਤਾ ਨਾਲ ਵੀ ਕਾਨੂੰਨੀ ਲੜਾਈ ਲੜਨੀ ਪਈ ਕਿਉਂਕਿ ਉਹ ਇਸ ਦੇ ਵਿਰੋਧ 'ਚ ਸਨ।

ਬਾਰਸੇਲੋਨਾ ਦੀ ਰਹਿਣ ਵਾਲੀ ਨੋਏਲੀਆ ਦਾ 2022 'ਚ ਇੱਕ ਫ਼ੈਸਿਲਿਟੀ ਸੈਂਟਰ 'ਚ ਤਿੰਨ ਨੌਜਵਾਨਾਂ ਵਲੋਂ ਬਲਾਤਕਾਰ ਕੀਤਾ ਗਿਆ ਸੀ। ਉਸ ਤੋਂ ਬਾਅਦ ਉਸ ਨੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਅਤੇ ਪੰਜਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਹਾਲਾਂਕਿ ਉਹ ਇਸ ਘਟਨਾ 'ਚ ਬਚ ਤਾਂ ਗਈ, ਪਰ ਉਸ ਦੀ ਰੀੜ੍ਹ ਦੀ ਹੱਡੀ 'ਚ ਗੰਭੀਰ ਸੱਟ ਲੱਗੀ ਜਿਸ ਕਾਰਨ ਉਹ ਕਮਰ ਤੋਂ ਹੇਠਾਂ ਲਕਵਾਗ੍ਰਸਤ ਹੋ ਗਈ ਸੀ। ਉਸ ਤੋਂ ਬਾਅਦ ਉਹ ਲਗਾਤਾਰ ਸ਼ਰੀਰਕ ਦਰਦ ਅਤੇ ਮਾਨਸਿਕ ਤਨਾਅ ਨਾਲ ਜੂਝ ਰਹੀ ਸੀ।

ਨੋਏਲੀਆ ਨੇ 2024 'ਚ ਇੱਛਾ ਮੌਤ ਲਈ ਅਰਜ਼ੀ ਦਿੱਤੀ ਸੀ ਜਿਸ ਨੂੰ ਕੈਟੇਲੋਨੀਆ ਸਰਕਾਰ ਨੇ ਮਨਜ਼ੂਰੀ ਵੀ ਦੇ ਦਿੱਤੀ ਸੀ, ਪਰ ਆਖ਼ਰੀ ਸਮੇਂ 'ਤੇ ਉਸ ਦੇ ਪਿਤਾ ਨੇ ਅਦਾਲਤ 'ਚ ਇਤਰਾਜ਼ ਦਰਜ ਕਰਵਾਇਆ ਅਤੇ ਪ੍ਰਕਿਰਿਆ ਰੁਕਵਾ ਦਿੱਤੀ। ਕਰੀਬ 18 ਮਹੀਨਿਆਂ ਬਾਅਦ ਉਸ ਨੇ 2021 'ਚ ਲਾਗੂ ਹੋਏ ਸਪੇਨ ਦੇ ਇੱਛਾ ਮੌਤ ਕਾਨੂੰਨ ਤਹਿਤ ਆਪਣੀ ਜ਼ਿੰਦਗੀ ਖ਼ਤਮ ਕਰਨ ਦੀ ਇਜਾਜ਼ਤ ਹਾਸਿਲ ਕੀਤੀ।

# ਪ੍ਰੀ-ਸਕੂਲ ਦੇ ਬੱਚਿਆਂ 'ਚ ਵਧੀ ਮਾਨਸਿਕ ਚਿੰਤਾ

ਸਿਡਨੀ: ਆਸਟ੍ਰੇਲੀਆ 'ਚ ਪ੍ਰੀ-ਸਕੂਲ ਜਾਣ ਵਾਲੇ ਬੱਚਿਆਂ 'ਤੇ ਕੀਤੇ ਗਏ ਇੱਕ ਨਵੇਂ ਅਧਿਐਨ 'ਚ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ ਹਨ। ਇੱਕ ਯੂਨੀਵਰਸਿਟੀ ਹੇਠ ਕੀਤੇ ਗਏ ਇਸ ਅਧਿਐਨ ਅਨੁਸਾਰ 40 ਪ੍ਰਤੀਸ਼ਤ ਤੋਂ ਵੱਧ ਬੱਚੇ ਘਬਰਾਹਟ ਅਤੇ ਚਿੰਤਾ ਸੰਬੰਧੀ ਵਿਕਾਰ ਦਾ ਸਾਹਮਣਾ ਕਰ ਰਹੇ ਹਨ। ਤੁਹਾਨੂੰ ਦੱਸ ਦਈਏ ਇਸ ਖੋਜ ਲਈ ਤਿੰਨ ਅਤੇ ਚਾਰ ਸਾਲ ਦੀ ਉਮਰ ਦੇ 545 ਬੱਚਿਆਂ ਦੀਆਂ ਮਾਵਾਂ ਨਾਲ ਗੱਲਬਾਤ ਕੀਤੀ ਗਈ। ਨਤੀਜਿਆਂ ਤੋਂ ਪਤਾ ਲੱਗਾ ਹੈ ਕਿ ਲਗਭਗ 48% ਬੱਚੇ ਮਾਨਸਿਕ ਸਿਹਤ ਸਬੰਧੀ ਵਿਕਾਰ ਤੋਂ ਪੀੜਤ ਪਾਏ ਗਏ ਹਨ ਅਤੇ 43% ਬੱਚਿਆਂ 'ਚ ਘਬਰਾਹਟ ਜਾਂ ਚਿੰਤਾ ਦੇ ਲੱਛਣ ਦੇਖੇ ਗਏ ਜਿਸ 'ਚ ਮਾਪਿਆਂ ਤੋਂ ਵੱਖ ਹੋਣ ਦਾ ਡਰ, ਨਵੇਂ ਲੋਕਾਂ 'ਚ ਜਾਣ ਦਾ ਡਰ, ਅਤੇ ਹਨ੍ਹੇਰੇ ਵਰਗੇ ਵਿਸ਼ੇਸ਼ ਡਰ ਸ਼ਾਮਿਲ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਛੋਟੇ ਬੱਚਿਆਂ 'ਚ ਕੁੱਝ ਹੱਦ ਤਕ ਘਬਰਾਹਟ ਹੋਣੀ ਸੁਭਾਵਿਕ ਹੈ। ਹਲਕੀ ਚਿੰਤਾ ਬੱਚਿਆਂ ਨੂੰ ਸੰਭਾਵੀ ਖ਼ਤਰਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਪ੍ਰਤੀ ਪ੍ਰਤੀਕਿਰਿਆ ਦੇਣ 'ਚ ਮਦਦ ਕਰਦੀ ਹੈ। ਸਰੋਤਾਂ ਅਨੁਸਾਰ ਮਾਪੇ ਆਪਣੇ ਬੱਚਿਆਂ ਦੀ ਮਾਨਸਿਕ ਸਿਹਤ ਸੁਧਾਰਨ ਲਈ ਹੇਠ ਲਿਖੇ ਕਦਮ ਚੁੱਕ ਸਕਦੇ ਹਨ। ਬੱਚੇ ਦੀਆਂ ਭਾਵਨਾਵਾਂ ਬਾਰੇ ਸ਼ਾਂਤ ਮਾਹੌਲ 'ਚ ਗੱਲ ਕਰੋ ਅਤੇ ਉਨ੍ਹਾਂ ਨੂੰ ਇਹ ਸਮਝਣ 'ਚ ਮਦਦ ਕਰੋ ਕਿ ਉਹ ਕੀ ਮਹਿਸੂਸ ਕਰ ਰਹੇ ਹਨ। - ਬੱਚਿਆਂ ਨੂੰ ਹੌਲੀ ਸਾਹ ਲੈਣ, ਬਾਹਰ ਸਮਾਂ ਬਿਤਾਉਣ ਜਾਂ ਪਾਲਤੂ ਜਾਨਵਰਾਂ ਨਾਲ ਖੇਡਣ ਵਰਗੀਆਂ ਰਣਨੀਤੀਆਂ ਸਿਖਾਓ। - ਬੱਚਿਆਂ ਨੂੰ ਉਨ੍ਹਾਂ ਚੀਜ਼ਾਂ 'ਚ ਹੌਲੀ-ਹੌਲੀ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰੋ ਜਿਨ੍ਹਾਂ ਤੋਂ ਉਹ ਡਰਦੇ ਹਨ, ਕਿਉਂਕਿ ਚੀਜ਼ਾਂ ਤੋਂ ਬਚਣਾ ਲੰਬੇ ਸਮੇਂ 'ਚ ਚਿੰਤਾ ਵਧਾ ਸਕਦਾ ਹੈ।

**ਡਾਕਟਰੀ ਮਦਦ ਦੀ ਲੋੜ ਕਦੋਂ ਹੈ?** ਜੇਕਰ ਬੱਚੇ ਦੀ ਘਬਰਾਹਟ ਉਸ ਨੂੰ ਸਕੂਲ ਜਾਂ ਡੇ-ਕੇਅਰ ਜਾਣ ਤੋਂ ਰੋਕ ਰਹੀ ਹੋਵੇ, ਉਸ ਦੀ ਨੀਂਦ ਜਾਂ ਖਾਣ-ਪੀਣ ਨੂੰ ਪ੍ਰਭਾਵਿਤ ਕਰ ਰਹੀ ਹੋਵੇ, ਜਾਂ ਇਹ ਸਥਿਤੀ ਕਈ ਹਫ਼ਤਿਆਂ ਤੋਂ ਬਣੀ ਹੋਈ ਹੋਵੇ ਤਾਂ ਮਾਪਿਆਂ ਨੂੰ ਡਾਕਟਰ, ਮਨੋਵਿਗਿਆਨੀ ਜਾਂ ਕਿਸੇ ਮਾਹਿਰ ਥੈਰੇਪਿਸਟ ਨਾਲ ਸਲਾਹ ਕਰਨੀ ਚਾਹੀਦੀ ਹੈ। ਮਾਪੇ ਰੇਜ਼ਿੰਗ ਚਿਲਰਨ ਨੈੱਟਵਰਕ ਵਰਗੀਆਂ ਵੈੱਬਸਾਈਟਾਂ ਤੋਂ ਮੁਫ਼ਤ ਜਾਣਕਾਰੀ ਵੀ ਲੈ ਸਕਦੇ ਹਨ।

# ਡੌਂਕੀ ਲਗਾ ਕੇ US ਆਏ ਮੁੰਡੇ ਨੂੰ ਮਾਰੀ ਗੋਲੀ



ਅੰਬਾਲਾ: ਹਰਿਆਣਾ ਦੇ ਇੱਕ ਪਰਿਵਾਰ ਦੇ ਘਰ ਉਸ ਸਮੇਂ ਚੀਕ-ਚਿਹਾੜਾ ਮੱਚ ਗਿਆ ਜਦੋਂ ਉਨ੍ਹਾਂ ਦੇ US ਗਏ ਨੌਜਵਾਨ ਪੁੱਤਰ ਦਾ ਜੌਰਜੀਆ 'ਚ ਗੋਲੀ ਮਾਰ ਕੇ ਮਾਰ ਕਤਲ ਕਰ ਦਿੱਤਾ ਗਿਆ। ਇਸ ਘਟਨਾ ਨਾਲ ਪਰਿਵਾਰ 'ਚ ਸੋਗ ਦੀ ਲਹਿਰ ਪੈਦਾ ਹੋ ਗਈ। ਸਿਰਫ਼ 24 ਮਹੀਨੇ ਪਹਿਲਾਂ ਸੁਨਹਿਰੇ ਭਵਿੱਖ ਲਈ ਸੱਤ ਸਮੁੰਦਰ ਪਾਰ ਕਰਨ ਵਾਲੇ ਇਸ ਨੌਜਵਾਨ ਦੀ ਮੌਤ ਨੇ ਇੱਕ ਵਾਰ ਫ਼ਿਰ ਵਿਦੇਸ਼ਾਂ 'ਚ ਭਾਰਤੀਆਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਜਾਣਕਾਰੀ ਮੁਤਾਬਿਕ ਇਹ ਘਟਨਾ ਅਮਰੀਕਾ ਦੇ ਜੌਰਜੀਆ 'ਚ ਵਾਪਰੀ ਹੈ ਜਿੱਥੇ ਕੁੱਝ ਅਣਪਛਾਤੇ ਹਮਲਾਵਰਾਂ ਨੇ ਨੌਜਵਾਨ ਨੂੰ ਨਿਸ਼ਾਨਾ ਬਣਾ ਕੇ ਉਸ ਦਾ ਕਤਲ ਕਰ ਦਿੱਤਾ। ਹਾਲਾਂਕਿ ਇਹ ਅਜੇ ਸਪੱਸ਼ਟ ਨਹੀਂ ਕਿ ਇਹ ਘਟਨਾ ਲੁੱਟ-ਖਸੁੱਟ ਦੇ ਵਿਰੋਧ 'ਚ ਵਾਪਰੀ ਸੀ ਜਾਂ ਨਸਲੀ ਹਮਲੇ ਦੌਰਾਨ। ਸਥਾਨਕ ਪੁਲੀਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

ਮ੍ਰਿਤਕ ਨੌਜਵਾਨ ਦੀ ਪਛਾਣ ਚੇਤਕ ਉਰਫ਼ ਲੱਖਾ ਵਜੋਂ ਹੋਈ ਹੈ ਜੋ ਹਰਿਆਣਾ ਦਾ ਰਹਿਣ ਵਾਲਾ ਸੀ। ਸਾਲ 2024 'ਚ ਉਹ ਆਪਣੇ ਸੁਨਹਿਰੀ ਭਵਿੱਖ ਲਈ ਸੱਤ ਸਮੁੰਦਰ ਪਾਰ (ਡੌਂਕੀ ਲਗਾ) US ਗਿਆ ਹੋਇਆ ਸੀ। ਨੌਜਵਾਨ ਆਪਣੇ ਪਰਿਵਾਰ ਦੀ ਵਿੱਤੀ ਸਥਿਤੀ ਸੁਧਾਰਨ ਅਤੇ ਕਰੀਅਰ ਬਣਾਉਣ ਦੇ ਸੁਫ਼ਨੇ ਪੂਰੇ ਕਰਨ ਲਈ ਦੋ ਸਾਲ ਤੋਂ USA 'ਚ ਰਹਿ ਰਿਹਾ ਸੀ।

# ਨਸ਼ੇ ਦੀ ਹਾਲਤ 'ਚ ਕਾਬੂ ਕੀਤੇ ਡਰਾਇਵਰ ਨੇ ਕਿਹਾ: ਸਵਾਦ ਟੈੱਸਟ ਕਰਨ ਲਈ ਪੀਤੀ ਸੀ ਦਾਰੂ



ਵੈਨਕੂਵਰ: ਨੌਰਥ ਵੈਨਕੂਵਰ 'ਚ ਨਸ਼ੇ ਦੀ ਹਾਲਤ 'ਚ ਗਡੀ ਚਲਾ ਰਹੇ ਇੱਕ ਡਰਾਇਵਰ ਨੂੰ ਪੁਲੀਸ ਵਲੋਂ ਕਾਬੂ ਕੀਤੇ ਜਾਣ ਮਗਰੋਂ ਡਰਾਈਵਰ ਨੇ ਪੁੱਛਗਿੱਛ ਦੌਰਾਨ ਇੱਕ ਹੈਰਾਨੀਜਨਕ ਬਿਆਨ ਦਿੰਦਿਆਂ ਕਿਹਾ ਕਿ ਉਸ ਨੇ ਸਿਰਫ਼ ਸ਼ਰਾਬ ਦਾ ਸਵਾਦ ਚੈੱਕ ਕਰਨ ਲਈ ਹੀ ਨਸ਼ਾ ਕੀਤਾ ਸੀ।

ਪ੍ਰਾਪਤ ਜਾਣਕਾਰੀ ਸਵੇਰੇ ਇੱਕ ਪੁਲੀਸ ਅਧਿਕਾਰੀ ਰੁਟੀਨ ਗਸ਼ਤ ਕਰ ਰਿਹਾ ਸੀ ਜਦੋਂ ਉਸ ਨੇ ਇੱਕ ਵਾਹਨ ਨੂੰ ਸ਼ੱਕੀ ਢੰਗ ਨਾਲ ਚੱਲਦੇ ਵੇਖਿਆ। ਇਸ ਤੋਂ ਬਾਅਦ ਪੁਲੀਸ ਅਧਿਕਾਰੀ ਵਲੋਂ ਵਾਹਨ ਨੂੰ ਰੋਕ ਕੇ ਡਰਾਇਵਰ ਦੀ ਜਾਂਚ ਕੀਤੀ ਗਈ ਤਾਂ ਉਸ ਵਲੋਂ ਡਰਾਈਵਿੰਗ ਦੌਰਾਨ ਨਸ਼ਾ ਕੀਤੇ ਜਾਣ ਦੀ ਪੁਸ਼ਟੀ ਹੋਈ। ਪੁਲੀਸ ਵਲੋਂ ਡਰਾਇਵਰ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ, ਅਤੇ ਲੋਕਾਂ ਨੂੰ ਨਸ਼ੇ 'ਚ ਵਾਹਨ ਨਾ ਚਲਾਉਣ ਦੀ ਸਖ਼ਤ ਚਿਤਾਵਨੀ ਦਿੱਤੀ ਗਈ ਹੈ।

# ਕੈਨੇਡਾ ਆਈ ਵਹੁਟੀ ਨੂੰ ਭੁੱਲੇ ਰਿਸ਼ਤੇ



ਬਰਨਾਲਾ: ਬਰਨਾਲਾ ਦੇ ਇੱਕ ਪਰਿਵਾਰ ਨਾਲ ਵਿਦੇਸ਼ ਭੇਜਣ ਦੇ ਨਾਂ 'ਤੇ 30 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਬਰਨਾਲਾ ਪੁਲੀਸ ਨੇ ਕਾਰਵਾਈ ਕਰਦਿਆਂ ਮੁਲਜ਼ਮ ਲੜਕੀ ਦੇ ਮਾਪਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪੁਲੀਸ ਨੂੰ ਦਿੱਤੀ ਗਈ ਸ਼ਿਕਾਇਤ ਮੁਤਾਬਿਕ ਬਰਨਾਲਾ ਦੇ ਰਹਿਣ ਵਾਲੇ ਸੰਦੀਪ ਕੁਮਾਰ ਦੇ ਪਰਿਵਾਰ ਨੇ ਆਪਣੇ ਪੁੱਤਰ ਦਾ ਵਿਆਹ ਦਸੰਬਰ 2023 'ਚ ਇੱਕ ਲੜਕੀ ਨਾਲ ਕੀਤਾ ਸੀ। ਲੜਕੀ ਦੇ ਪਰਿਵਾਰ ਨੇ ਭਰੋਸਾ ਦਿੱਤਾ ਸੀ ਕਿ ਵਿਆਹ ਤੋਂ ਬਾਅਦ ਉਹ ਕੈਨੇਡਾ ਜਾ ਕੇ ਪੜ੍ਹਾਈ ਕਰੇਗੀ, ਅਤੇ ਫ਼ਿਰ ਸੰਦੀਪ ਨੂੰ ਵੀ ਉੱਥੇ ਬੁਲਾ ਕੇ PR ਕਰਵਾ ਲਵੇਗੀ। ਸੰਦੀਪ ਦੇ ਮਾਪਿਆਂ ਨੇ ਆਪਣੀ ਜਮ੍ਹਾਂ ਪੂੰਜੀ, ਗਹਿਣੇ ਗਿਰਵੀ ਰੱਖ ਕੇ ਅਤੇ ਰਿਸ਼ਤੇਦਾਰਾਂ ਤੋਂ ਕਰਜ਼ਾ ਲੈ ਕੇ ਲੜਕੀ ਨੂੰ ਕੈਨੇਡਾ ਭੇਜਣ ਲਈ ਲਗਭਗ 30 ਲੱਖ ਰੁਪਏ ਖ਼ਰਚ ਕੀਤੇ।

ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਕੈਨੇਡਾ ਪਹੁੰਚਣ ਤੋਂ ਕੁੱਝ ਸਮੇਂ ਬਾਅਦ ਹੀ ਲੜਕੀ ਦੇ ਤੇਵਰ ਬਦਲ ਗਏ। ਉਸ ਨੇ ਸੰਦੀਪ ਅਤੇ ਉਸ ਦੇ ਪਰਿਵਾਰ ਦੇ ਨੰਬਰ ਬਲਾਕ ਕਰ ਦਿੱਤੇ ਅਤੇ ਰਿਸ਼ਤਾ ਰੱਖਣ ਤੋਂ ਇਨਕਾਰ ਕਰ ਦਿੱਤਾ। ਇਸ ਧੋਖੇ ਕਾਰਨ ਸੰਦੀਪ ਦਾ ਪਰਿਵਾਰ ਗਹਿਰੇ ਸਦਮੇ ਅਤੇ ਭਾਰੀ ਕਰਜ਼ੇ ਹੇਠ ਹੈ।

DSP ਬਰਨਾਲਾ ਸਤਬੀਰ ਸਿੰਘ ਨੇ ਦੱਸਿਆ ਕਿ ਸੰਦੀਪ ਦੇ ਪਿਤਾ ਰਾਜਕੁਮਾਰ ਦੀ ਸ਼ਿਕਾਇਤ 'ਤੇ ਸਹੁਰੇ ਪਰਿਵਾਰ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲੀਸ ਨੇ ਸੰਦੀਪ ਦੇ ਸੱਸ-ਸਹੁਰੇ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਅਤੇ ਕੈਨੇਡਾ ਗਈ ਉਸ ਦੀ ਪਤਨੀ ਨੂੰ ਵਾਪਿਸ ਭਾਰਤ ਲਿਆਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਪੀੜਤ ਪਰਿਵਾਰ ਹੁਣ ਇਨਸਾਫ਼ ਦੀ ਮੰਗ ਕਰ ਰਿਹਾ ਹੈ।

# ਸੁੰਦਰਤਾ ਮੁਕਾਬਲੇ ਦੌਰਾਨ ਡਿੱਗ ਗਏ ਨਕਲੀ ਦੰਦ



ਬੈਂਕੌਕ: ਸੁੰਦਰਤਾ ਮੁਕਾਬਲਿਆਂ 'ਚ ਅਕਸਰ ਮਾਡਲਾਂ ਨੂੰ ਆਪਣੀ ਦਿੱਖ ਅਤੇ ਆਤਮ-ਵਿਸ਼ਵਾਸ ਲਈ ਜਾਣਿਆ ਜਾਂਦਾ ਹੈ, ਪਰ ਹਾਲ ਹੀ 'ਚ ਮਿਸ ਗ੍ਰੈਂਡ ਥਾਇਲੈਂਡ 2026 ਦੇ ਮੰਚ 'ਤੇ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਮੁਕਾਬਲੇ ਦੀ ਇੱਕ ਪ੍ਰਤੀਯੋਗੀ ਕਮੋਲਵਾਨ ਚਨਾਗੋ ਦੇ ਲਾਈਵ ਪਰਫ਼ੌਰਮੈਂਸ ਦੌਰਾਨ ਅਚਾਨਕ ਉਸ ਦੇ ਨਕਲੀ ਦੰਦ ਮੂੰਹ 'ਚੋਂ ਬਾਹਰ ਨਿਕਲ ਗਏ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਕਮੋਲਵਾਨ ਬੜੇ ਆਤਮ-ਵਿਸ਼ਵਾਸ ਨਾਲ ਸਟੇਜ 'ਤੇ ਖੜ੍ਹੀ ਸੀ, ਅਤੇ ਜਿਵੇਂ ਹੀ ਉਸ ਨੇ ਆਪਣੀ ਸਪੀਚ ਸ਼ੁਰੂ ਕੀਤੀ ਤਾਂ ਉਸ ਦੇ ਨਕਲੀ ਦੰਦਾਂ ਦਾ ਸੈੱਟ ਮੂੰਹ 'ਚੋਂ ਬਾਹਰ ਨਿਕਲ ਗਿਆ।

ਹਾਲਾਂਕਿ ਇਹ ਪਲ ਕਾਫ਼ੀ ਸ਼ਰਮਿੰਦਗੀ ਭਰਿਆ ਹੋ ਸਕਦਾ ਸੀ, ਪਰ ਕਮੋਲਵਾਨ ਨੇ ਬਹੁਤ ਹੀ ਪੇਸ਼ੇਵਰ ਤਰੀਕੇ ਨਾਲ ਸਥਿਤੀ ਨੂੰ ਸੰਭਾਲਿਆ। ਉਸ ਨੇ ਤੁਰੰਤ ਮੂੰਹ ਪਿੱਛੇ ਨੂੰ ਘੁਮਾਇਆ ਅਤੇ ਆਪਣੇ ਦੰਦ ਠੀਕ ਕਰ ਕੇ ਬਿਨਾਂ ਘਬਰਾਏ ਆਪਣੀ ਸਪੀਚ ਜਾਰੀ ਰੱਖੀ ਅਤੇ ਫ਼ਿਰ ਰੈਂਪ ਵਾਕ ਵੀ ਕੀਤੀ। ਉਸ ਦੀ ਇਸ ਹਿੰਮਤ ਅਤੇ ਪ੍ਰੈਜ਼ੈਂਸ ਔਫ਼ ਮਾਈਂਡ ਦੀ ਹੁਣ ਸੋਸ਼ਲ ਮੀਡੀਆ 'ਤੇ ਕਾਫ਼ੀ ਤਾਰੀਫ਼ ਹੋ ਰਹੀ ਹੈ। ਇਸ ਘਟਨਾ ਦੀ ਵੀਡੀਓ ਇੰਟਰਨੈੱਟ 'ਤੇ ਅੱਗ ਵਾਂਗ ਫ਼ੈਲ ਗਈ ਹੈ। ਜਿੱਥੇ ਕੁੱਝ ਲੋਕ ਇਸ ਨੂੰ ਹਾਸੋਹੀਣਾ ਦੱਸ ਰਹੇ ਹਨ, ਉੱਥੇ ਹੀ ਵੱਡੀ ਗਿਣਤੀ 'ਚ ਲੋਕ ਮਾਡਲ ਦਾ ਸਮਰਥਨ ਕਰ ਰਹੇ ਹਨ।

ਪ੍ਰਸ਼ੰਸਕਾਂ ਦਾ ਕਹਿਣਾ ਹੈ ਕਿ ਅਜਿਹੀਆਂ ਗ਼ਲਤੀਆਂ ਕਿਸੇ ਨਾਲ ਵੀ ਹੋ ਸਕਦੀਆਂ ਹਨ, ਪਰ ਮਹੱਤਵਪੂਰਣ ਇਹ ਹੈ ਕਿ ਤੁਸੀਂ ਉਸ ਤੋਂ ਬਾਅਦ ਆਪਣੇ ਆਪ ਨੂੰ ਕਿਵੇਂ ਸੰਭਾਲਦੇ ਹੋ।

# ਟਰੰਪ ਦਾ ਡਾਂਸ ਚਰਚਾ 'ਚ



ਤਹਿਰਾਨ: ਮੱਧ-ਪੂਰਬ 'ਚ ਜੰਗ ਵਰਗੀ ਸਥਿਤੀ ਦੇ ਵਿਚਕਾਰ ਸਾਊਦੀ ਅਰਬ ਦੇ ਪ੍ਰਿੰਸ ਸੁਲਤਾਨ ਏਅਰਬੇਸ 'ਤੇ ਈਰਾਨ ਵਲੋਂ ਕੀਤੇ ਗਏ ਇੱਕ ਮਿਜ਼ਾਇਲੀ ਹਮਲੇ ਨੇ ਪੂਰੇ ਵਿਸ਼ਵ 'ਚ ਤਨਾਅ ਪੈਦਾ ਕਰ ਦਿੱਤਾ ਹੈ। ਉਸ ਹਮਲੇ 'ਚ 20 ਅਮਰੀਕੀ ਸੈਨਿਕ ਜ਼ਖ਼ਮੀ ਹੋਏ ਸਨ ਜਿਨ੍ਹਾਂ 'ਚੋਂ ਅੱਠ ਦੀ ਹਾਲਤ ਬਹੁਤ ਗੰਭੀਰ ਦੱਸੀ ਜਾ ਰਹੀ ਹੈ। ਹਮਲੇ ਦੌਰਾਨ ਮਿਜ਼ਾਇਲਾਂ ਦੇ ਨਾਲ-ਨਾਲ ਡਰੋਨਾਂ ਦੀ ਵਰਤੋਂ ਵੀ ਕੀਤੀ ਗਈ ਸੀ ਜਿਸ ਕਾਰਨ ਅਮਰੀਕੀ ਹਵਾਈ ਸੈਨਾ ਦੇ ਕਈ ਰੀਫ਼ਿਊਲਿੰਗ ਜਹਾਜ਼ ਨੁਕਸਾਨੇ ਗਏ ਹਨ।

ਉਸ ਭਿਆਨਕ ਹਮਲੇ ਅਤੇ ਅਮਰੀਕੀ ਸੈਨਿਕਾਂ ਦੇ ਜ਼ਖ਼ਮੀ ਹੋਣ ਦੇ ਵਿਚਕਾਰ ਰਾਸ਼ਟਰਪਤੀ ਡੌਨਲਡ ਟਰੰਪ ਦਾ ਇੱਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਇੱਕ ਵੱਡਾ ਸਿਆਸੀ ਵਿਵਾਦ ਛਿੜ ਗਿਆ ਹੈ। ਵੀਡੀਓ 'ਚ ਟਰੰਪ ਇੱਕ ਜਨਤਕ ਪ੍ਰੋਗਰਾਮ ਦੌਰਾਨ ਨਿਵੇਸ਼ਕਾਂ ਦੇ ਸਾਹਮਣੇ ਚੁਟਕਲੇ ਸੁਣਾਉਂਦੇ ਅਤੇ ਆਪਣੇ ਖ਼ਾਸ ਅੰਦਾਜ਼ 'ਚ ਡਾਂਸ ਕਰਦੇ ਨਜ਼ਰ ਆ ਰਹੇ ਹਨ।

ਆਲੋਚਕਾਂ ਅਤੇ ਵਿਰੋਧੀ ਨੇਤਾਵਾਂ ਨੇ ਟਰੰਪ ਦੇ ਇਸ ਵਤੀਰੇ ਦੀ ਸਖ਼ਤ ਨਿਖੇਧੀ ਕੀਤੀ ਹੈ। ਸੋਸ਼ਲ ਮੀਡੀਆ 'ਤੇ ਲੋਕਾਂ ਨੇ ਲਿਖਿਆ ਕਿ ਜਦੋਂ ਜ਼ਮੀਨ 'ਤੇ ਅਮਰੀਕੀ ਸੈਨਿਕਾਂ ਦਾ ਖ਼ੂਨ ਵਹਿ ਰਿਹਾ ਹੈ, ਓਦੋਂ ਰਾਸ਼ਟਰਪਤੀ ਦਾ ਮੰਚ 'ਤੇ ਡਾਂਸ ਕਰਨਾ ਬੇਹੱਦ ਸ਼ਰਮਨਾਕ ਅਤੇ ਗ਼ੈਰ-ਗੰਭੀਰ ਹੈ। ਕਈ ਵਿਸ਼ਲੇਸ਼ਕਾਂ ਨੇ ਇਸ ਨੂੰ ਟਾਈਮਿੰਗ ਦਾ ਸਵਾਲ ਦੱਸਦਿਆਂ ਪੁੱਛਿਆ ਹੈ ਕਿ ਕੀ ਇਹ ਇੱਕ ਸੱਚੇ ਲੀਡਰ ਦਾ ਸੁਨੇਹਾ ਹੈ? ਦੂਜੇ ਪਾਸੇ ਟਰੰਪ ਦੇ ਸਮਰਥੱਕਾਂ ਦਾ ਕਹਿਣਾ ਹੈ ਕਿ ਇਹ ਇੱਕ ਪਹਿਲਾਂ ਤੋਂ ਤੈਅ ਪ੍ਰੋਗਰਾਮ ਸੀ, ਅਤੇ ਵੀਡੀਓ ਨੂੰ ਗ਼ਲਤ ਸੰਦਰਭ 'ਚ ਪੇਸ਼ ਕੀਤਾ ਜਾ ਰਿਹਾ ਹੈ।

## ਫਲ ਉਤਪਾਦਨ, ਕੁਦਰਤੀ ਖੇਤੀ ਅਤੇ ਕਲੱਸਟਰ ਅਧਾਰਤ ਮਾਡਲ ਨਾਲ ਵਧੇਗੀ ਕਿਸਾਨਾਂ ਦੀ ਆਮਦਨ: ਮੁੱਖ ਮੰਤਰੀ



**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਚੰਡੀਗੜ੍ਹ ਸਥਿਤ ਸਿਵਲ ਸਕੱਤਰੇਤ ਵਿਖੇ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਦੀ ਸਮੀਖਿਆ ਮੀਟਿੰਗ ਵਿੱਚ ਕਿਸਾਨਾਂ ਦੀ ਆਮਦਨ ਵਧਾਉਣ ਲਈ ਫ਼ਸਲੀ ਵਿਭਿੰਨਤਾ, ਬਾਗਬਾਨੀ ਅਤੇ ਉੱਚ ਮੁੱਲ ਵਾਲੀਆਂ ਫਲਾਂ ਦੀਆਂ ਫ਼ਸਲਾਂ ਦੇ ਪਸਾਰ ’ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸੂਬੇ ਵਿੱਚ ਮਿੱਟੀ ਅਤੇ ਜਲਵਾਯੂ ਅਨੁਸਾਰ ਕਲੱਸਟਰ ਅਧਾਰਤ ਖੇਤੀ ਮਾਡਲ ਵਿਕਸਿਤ ਕੀਤਾ ਜਾਵੇ, ਤਾਂ ਜੋ ਕਿਸਾਨਾਂ ਨੂੰ ਘੱਟ ਸਮੇਂ ਵਿੱਚ ਵੱਧ ਉਤਪਾਦਨ ਅਤੇ ਬਿਹਤਰ ਮੁੱਲ ਮਿਲ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਫ਼ਸਲਾਂ ਦੇ ਨਾਲ-ਨਾਲ ਫਲ ਉਤਪਾਦਨ ਨੂੰ ਵੱਡੇ ਪੱਧਰ ’ਤੇ ਉਤਸ਼ਾਹਿਤ ਕੀਤਾ ਜਾਵੇ। ਉਨ੍ਹਾਂ ਨੇ ਵਿਸ਼ੇਸ਼ ਤੌਰ ’ਤੇ ਸਟ੍ਰਾਬੇਰੀ, ਨਿੰਬੂ, ਅਮਰੂਦ ਅਤੇ ਡਰੈਗਨ ਫਰੂਟ ਵਰਗੀਆਂ ਪ੍ਰਮੁੱਖ ਫਲ ਫ਼ਸਲਾਂ ਲਈ ਢੁਕਵੇਂ ਖੇਤਰਾਂ ਦੀ ਪਛਾਣ ਕਰਕੇ ਕਲੱਸਟਰ ਵਿਕਸਿਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਫਲਾਂ ਦੀ ਬਾਜ਼ਾਰ ਵਿੱਚ ਮੰਗ ਅਤੇ ਲਾਭਕਾਰੀ ਮੁੱਲ ਨੂੰ ਦੇਖਦੇ ਹੋਏ ਕਿਸਾਨਾਂ ਨੂੰ ਇਨ੍ਹਾਂ ਦੇ ਉਤਪਾਦਨ, ਪੌਦਿਆਂ ਦੀ ਉਪਲਬਧਤਾ, ਪ੍ਰੋਸੈਸਿੰਗ ਅਤੇ ਮੰਡੀਕਰਨ ਨਾਲ ਜੋੜਿਆ ਜਾਵੇ, ਤਾਂ ਜੋ ਉਨ੍ਹਾਂ ਦੀ ਆਮਦਨ ਵਿੱਚ ਮਹੱਤਵਪੂਰਨ ਵਾਧਾ ਹੋ ਸਕੇ।

ਮੁੱਖ ਮੰਤਰੀ ਨੇ ਅਰਹਰ, ਸੋਇਆਬੀਨ, ਮੂੰਗਫਲੀ, ਦਾਲਾਂ, ਫਲ ਫ਼ਸਲਾਂ ਅਤੇ ਗੰਨੇ ਦੇ ਟਿਸ਼ੂ ਕਲਚਰ ਅਧਾਰਤ ਉਤਪਾਦਨ ਨੂੰ ਉਤਸ਼ਾਹਿਤ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਹਰ ਜ਼ਿਲ੍ਹੇ ਦੀ ਖੇਤੀਬਾੜੀ ਅਤੇ ਬਾਗਬਾਨੀ ਸਮਰੱਥਾ ਦਾ ਵਿਗਿਆਨਕ ਮੁਲਾਂਕਣ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਕਿਸਾਨਾਂ ਨੂੰ ਬਹੁ-ਫ਼ਸਲੀ, ਬਹੁ-ਉਤਪਾਦ ਅਤੇ ਉੱਚ ਮੁੱਲ ਅਧਾਰਤ ਖੇਤੀ ਨਾਲ ਜੋੜ ਕੇ ਸਥਾਈ ਆਮਦਨ ਦੇ ਮੌਕੇ ਪ੍ਰਦਾਨ ਕਰਨਾ ਹੈ।

ਮੀਟਿੰਗ ਵਿੱਚ ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਨਰਮਾ, ਸਰ੍ਹੋਂ, ਅਰਹਰ, ਸੋਇਆਬੀਨ, ਮੂੰਗਫਲੀ ਅਤੇ ਦਾਲਾਂ ਦੀਆਂ ਨਵੀਂਆਂ ਹਾਈਬ੍ਰਿਡ ਅਤੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਜਾਣ। ਇਸ ਦੇ ਨਾਲ ਹੀ ਅਜਿਹੇ ਬੀਜਾਂ ਅਤੇ ਪੌਦਿਆਂ ਦੀ ਖੋਜ ਨੂੰ ਪ੍ਰੋਤਸਾਹਿਤ ਕੀਤਾ ਜਾਵੇ ਜੋ ਗੜੇਮਾਰੀ, ਜਲਵਾਯੂ ਪਰਿਵਰਤਨ ਅਤੇ ਪ੍ਰਤੀਕੂਲ ਮੌਸਮ ਦੇ ਪ੍ਰਭਾਵ ਨੂੰ ਸਹਿ ਸਕਣ।

ਉਨ੍ਹਾਂ ਕਿਹਾ ਕਿ ਖੇਤੀਬਾੜੀ ਯੂਨੀਵਰਸਿਟੀਆਂ, ਕਾਲਜਾਂ ਅਤੇ ਪੰਚਾਇਤ ਪੱਧਰ ’ਤੇ ਉਪਲਬਧ ਜ਼ਮੀਨ ਨੂੰ ਖੋਜ ਅਤੇ ਪ੍ਰੀਖਣ ਲਈ ਚਿੰਨ੍ਹਿਤ ਕੀਤਾ ਜਾਵੇ, ਤਾਂ ਜੋ ਨਵੀਂਆਂ ਕਿਸਮਾਂ ਅਤੇ ਤਕਨੀਕਾਂ ਦਾ ਸਥਾਨਕ ਹਾਲਾਤਾਂ ਵਿੱਚ ਟੈਸਟ ਕਰਕੇ ਕਿਸਾਨਾਂ ਤੱਕ ਤੇਜ਼ੀ ਨਾਲ ਪਹੁੰਚਾਇਆ ਜਾ ਸਕੇ। ਵਿਦਿਆਰਥੀਆਂ ਅਤੇ ਖੋਜ ਸੰਸਥਾਵਾਂ ਨੂੰ ਵੀ ਇਸ ਮੁਹਿੰਮ ਨਾਲ ਜੋੜ ਕੇ ਨਵੀਨਤਾ ਨੂੰ ਗਤੀ ਦੇਣ ਦੇ ਨਿਰਦੇਸ਼ ਦਿੱਤੇ ਗਏ।ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਹੋਰਨਾਂ ਰਾਜਾਂ ਦੀਆਂ ਯੂਨੀਵਰਸਿਟੀਆਂ ਵਿੱਚ ਵਿਕਸਿਤ ਸਫਲ ਹਾਈਬ੍ਰਿਡ ਕਿਸਮਾਂ, ਫਲਦਾਰ ਪੌਦਿਆਂ ਅਤੇ ਆਧੁਨਿਕ ਤਕਨੀਕਾਂ ਦਾ ਅਧਿਐਨ ਕਰਕੇ ਉਨ੍ਹਾਂ ਨੂੰ ਹਰਿਆਣਾ ਦੇ ਹਾਲਾਤਾਂ ਅਨੁਸਾਰ ਅਪਣਾਇਆ ਜਾਵੇ, ਤਾਂ ਜੋ ਸੂਬੇ ਦੇ ਕਿਸਾਨਾਂ ਨੂੰ ਬਿਹਤਰ ਗੁਣਵੱਤਾ ਵਾਲੇ ਪੌਦੇ ਅਤੇ ਬੀਜ ਉਪਲਬਧ ਹੋ ਸਕਣ।

ਵਿੱਤੀ ਸਾਲ 2026-27 ਲਈ ਰਾਜ ਸਰਕਾਰ ਨੇ 1,40,000 ਏਕੜ ਸੇਮ ਅਤੇ ਖਾਰੀ ਜ਼ਮੀਨ ਦੇ ਸੁਧਾਰ ਦਾ ਟੀਚਾ ਮਿਥਿਆ ਹੈ। ਇਸ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਜੈਵਿਕ ਨਿਕਾਸ (bio-drainage) ਤਹਿਤ ਸਫ਼ੈਦੇ ਦੇ ਰੁੱਖ ਕਿਸਾਨਾਂ ਦੇ ਖੇਤਾਂ ਦੇ ਵੱਟਾਂ, ਨਹਿਰਾਂ ਦੇ ਕਿਨਾਰਿਆਂ ਅਤੇ ਨਾਲਿਆਂ ਦੀਆਂ ਪਟੜੀਆਂ ’ਤੇ ਵੱਡੇ ਪੱਧਰ ’ਤੇ ਲਗਾਏ ਜਾਣ, ਤਾਂ ਜੋ ਜਲਥਲ ਵਾਲੇ ਖੇਤਰਾਂ ਵਿੱਚੋਂ ਵਾਧੂ ਪਾਣੀ ਨੂੰ ਕੁਦਰਤੀ ਤੌਰ ’ਤੇ ਘੱਟ ਕੀਤਾ ਜਾ ਸਕੇ। ਸਫ਼ੈਦੇ ਦੇ ਰੁੱਖ ਆਪਣੀਆਂ ਡੂੰਘੀਆਂ ਜੜ੍ਹਾਂ ਅਤੇ ਜ਼ਿਆਦਾ ਪਾਣੀ ਸੋਖਣ ਦੀ ਸਮਰੱਥਾ ਕਾਰਨ ਸੇਮ ਪ੍ਰਭਾਵਿਤ ਜ਼ਮੀਨ ਦੇ ਸੁਧਾਰ ਵਿੱਚ ਬਹੁਤ ਲਾਹੇਵੰਦ ਸਿੱਧ ਹੁੰਦੇ ਹਨ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਵਿੱਚ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕਲੱਸਟਰ ਚਿੰਨ੍ਹਿਤ ਕੀਤੇ ਜਾਣ। ਇਨ੍ਹਾਂ ਕਲੱਸਟਰਾਂ ਵਿੱਚ ਕਿਸਾਨਾਂ ਨੂੰ ਜੀਵਾਮ੍ਰਿਤ, ਜੈਵਿਕ ਘੋਲ, ਡਰੰਮ ਅਤੇ ਹੋਰ ਲੋੜੀਂਦੇ ਸਾਧਨ ਮੁਹੱਈਆ ਕਰਵਾਏ ਜਾਣ ਅਤੇ ਉਨ੍ਹਾਂ ਨੂੰ ਵਿਹਾਰਕ ਸਿਖਲਾਈ ਵੀ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਗੁਰੂਕੁਲ ਕੁਰੂਕਸ਼ੇਤਰ ਵਿਖੇ ਆਚਾਰੀਆ ਦੇਵਵਰਤ ਵੱਲੋਂ ਅਪਣਾਈ ਜਾ ਰਹੀ ਕੁਦਰਤੀ ਖੇਤੀ ਪੱਧਤੀ ਨੂੰ ਅਧਾਰ ਬਣਾ ਕੇ ਇਸ ਨੂੰ ਲਾਗੂ ਕੀਤਾ ਜਾਵੇ, ਤਾਂ ਜੋ ਵੱਧ ਤੋਂ ਵੱਧ ਕਿਸਾਨ ਘੱਟ ਲਾਗਤ ਅਤੇ ਟਿਕਾਊ ਖੇਤੀ ਨਾਲ ਜੁੜ ਸਕਣ।

ਮੁੱਖ ਮੰਤਰੀ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਕੁਦਰਤੀ ਖੇਤੀ ਅਪਣਾਉਣ ਦੇ ਸ਼ੁਰੂਆਤੀ ਪੜਾਅ ਵਿੱਚ ਜੇਕਰ ਕਿਸੇ ਖੇਤਰ ਵਿੱਚ ਉਤਪਾਦਕਤਾ ਘੱਟ ਹੁੰਦੀ ਹੈ, ਤਾਂ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਸਰਕਾਰ ਵੱਲੋਂ ਕੀਤੀ ਜਾਵੇ। ਕਿਸਾਨਾਂ ਨੂੰ ਆਰਥਿਕ ਸਹਾਇਤਾ ਅਤੇ ਤਕਨੀਕੀ ਮਾਰਗਦਰਸ਼ਨ ਦੇ ਕੇ ਉਨ੍ਹਾਂ ਦਾ ਵਿਸ਼ਵਾਸ ਮਜ਼ਬੂਤ ਕੀਤਾ ਜਾਵੇ, ਤਾਂ ਜੋ ਕੁਦਰਤੀ ਖੇਤੀ ਨੂੰ ਮੁਹਿੰਮ ਵਜੋਂ ਅੱਗੇ ਵਧਾ ਕੇ ਇਸ ਨੂੰ ਜਨ-ਅੰਦੋਲਨ ਬਣਾਇਆ ਜਾ ਸਕੇ।

ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਪ੍ਰਯੋਗਸ਼ਾਲਾਵਾਂ ਵਿੱਚ ਫ਼ਸਲਾਂ, ਫਲਾਂ-ਸਬਜ਼ੀਆਂ ਅਤੇ ਹੋਰ ਖੇਤੀ ਉਤਪਾਦਾਂ ਵਿੱਚ ਕੀਟਨਾਸ਼ਕ ਦਵਾਈਆਂ ਅਤੇ ਕੀਟਨਾਸ਼ਕਾਂ ਦੇ ਅੰਸ਼ਾਂ ਦੀ ਨਿਯਮਤ ਜਾਂਚ ਯਕੀਨੀ ਬਣਾਈ ਜਾਵੇ। ਜਿਨ੍ਹਾਂ ਰਸਾਇਣਾਂ ਦੀ ਬਹੁਤ ਜ਼ਿਆਦਾ ਵਰਤੋਂ ਸਿਹਤ ਲਈ ਹਾਨੀਕਾਰਕ ਹੈ ਅਤੇ ਜਿਨ੍ਹਾਂ ਨਾਲ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਖ਼ਤਰਾ ਵਧਦਾ ਹੈ, ਉਨ੍ਹਾਂ ਦੀ ਵਰਤੋਂ ’ਤੇ ਤੁਰੰਤ ਰੋਕ ਲਗਾਈ ਜਾਵੇ। ਨਮੂਨਿਆਂ ਦੀ ਜਾਂਚ ਲਈ ਨਿਯਮਤ ਰੂਪ ਵਿੱਚ ਲੈਬਾਰਟਰੀ ਭੇਜੇ ਜਾਣ ਅਤੇ ਨਿਯਮਾਂ ਦੀ ਉਲੰਘਣਾ ਪਾਏ ਜਾਣ ’ਤੇ ਸਬੰਧਤ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਇੱਕ ਅਤਿ-ਆਧੁਨਿਕ ਜੈਵਿਕ ਪ੍ਰਯੋਗਸ਼ਾਲਾ ਸਥਾਪਿਤ ਕੀਤੀ ਜਾਵੇ, ਜਿਸ ਵਿੱਚ ਜੈਵਿਕ ਉਤਪਾਦਾਂ ਅਤੇ ਜੈਵਿਕ ਉਤਪਾਦਨ ਨਾਲ ਸਬੰਧਤ ਸਾਰੇ ਨਮੂਨਿਆਂ ਦੀ ਨਿਯਮਤ ਜਾਂਚ ਕੀਤੀ ਜਾ ਸਕੇ। ਇਸ ਪ੍ਰਯੋਗਸ਼ਾਲਾ ਵਿੱਚ ਮਿੱਟੀ, ਪਾਣੀ, ਜੈਵਿਕ ਖਾਦ, ਫ਼ਸਲ ਅਤੇ ਹੋਰ ਲੋੜੀਂਦੇ ਤੱਤਾਂ ਦੇ ਨਮੂਨਿਆਂ ਦਾ ਵਿਗਿਆਨਕ ਪ੍ਰੀਖਣ ਯਕੀਨੀ ਬਣਾਇਆ ਜਾਵੇ, ਤਾਂ ਜੋ ਜੈਵਿਕ ਖੇਤੀ ਦੀ ਗੁਣਵੱਤਾ, ਸ਼ੁੱਧਤਾ ਅਤੇ ਮਿਆਰਾਂ ਦੀ ਪ੍ਰਭਾਵਸ਼ਾਲੀ ਨਿਗਰਾਨੀ ਹੋ ਸਕੇ।

ਮੀਟਿੰਗ ਵਿੱਚ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਜੇਂਦਰ ਕੁਮਾਰ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਸਾਕਤ ਕੁਮਾਰ, ਵਿਭਾਗ ਦੇ ਡਾਇਰੈਕਟਰ ਸ੍ਰੀ ਰਾਜਨਾਰਾਇਣ ਕੌਸ਼ਿਕ, ਮੁੱਖ ਮੰਤਰੀ ਦੇ ਓਐਸਡੀ ਸ੍ਰੀ ਵੀਰੇਂਦਰ ਬੜਖਾਲਸਾ ਸਮੇਤ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਏਸੀਐਸ ਸਿਹਤ ਡਾ. ਸੁਮਿਤਾ ਮਿਸ਼ਰਾ ਨੇ ਰਾਜਵਿਆਪੀ ਸਮੀਖਿਆ ਕਰ ਵਿਆਪਕ ਸੁਧਾਰ ਦੇ ਨਿਰਦੇਸ਼ ਕੀਤੇ ਜਾਰੀ

**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਹਰਿਆਣਾ ਵਿੱਚ ਪਬਲਿਕ ਸਿਹਤ ਸੇਵਾਵਾਂ ਨੂੰ ਹੋਰ ਵੱਧ ਪ੍ਰਭਾਵੀ, ਜਵਾਬਦੇਹ ਅਤੇ ਮਰੀਜਾਂ ਦੀ ਇਲਾਜ ਸੇਵਾਵਾਂ ਨੂੰ ਬਿਹਤਰ ਬਨਾਉਣ ਦੇ ਉਦੇ ਨਾਲ ਕਈ ਸੁਧਾਰਾਂ ਦੀ ਸ਼ੁਰੂਆਤ ਕੀਤੀ ਹੈ।

ਸਿਵਲ ਸਰਜਨਾਂ ਅਤੇ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਰਾਜਪੱਧਰੀ ਸਮੀਖਿਆ ਮੀਟਿੰਗ ਦੀ ਅਗਵਾਈ ਕਰਦੇ ਹੋਏ ਡਾ. ਮਿਸ਼ਰਾ ਨੇ ਦਵਾਈ ਪ੍ਰਬੰਧਨ, ਬਿਹਤਰ ਜਾਂਚ ਸਹੂਲਤਾਂ ਅਤੇ ਹਸਪਤਾਲਾਂ ਦੇ ਸੁਚਾਰੂ ਸੰਚਾਲਨ ’ਤੇ ਕੇਂਦ੍ਰਿਤ ਇੱਕ ਸਪਸ਼ਟ ਕਾਰਜਯੋਜਨਾ ਪੇਸ਼ ਕੀਤੀ। ਊਨ੍ਹਾਂ ਨੇ ਕਿਹਾ ਕਿ ਇਹ ਸਿਵਲ ਸਰਜਨਾਂ ਦੀ ਜਿਮੇਵਾਰੀ ਹੈ ਕਿ ਹਰੇਕ ਸੋਮਵਾਰ ਨੂੰ ਦਵਾਈਆਂ ਦੇ ਸਟਾਕ ਦਾ ਡੇਟਾ ਅਪਡੇਟ ਕੀਤਾ ਜਾਵੇ ਅਤੇ ਸਾਰੀ ਸਿਹਤ ਅਦਾਰਿਆਂ ਵਿੱਚ ਜਰੂਰੀ ਦਵਾਈਆਂ ਦੀ ਉਪਲਬਧਤਾ ਬਿਨ੍ਹਾ ਕਿਸੇ ਰੁਕਾਵਟ ਦੇ ਯਕੀਨੀ ਕੀਤੀਆਂ ਜਾਣ।

ਦਵਾਈ ਸਪਲਾਈ ਚੇਨ ਨੂੰ ਮਜਬੂਤ ਬਨਾਉਣ ’ਤੇ ਸੁਧਾਰ ਏਜੰਡਾ ਕੇਂਦ੍ਰਿਤ ਹੈ, ਜਿਸ ਦੇ ਲਈ ਰਿਅਲ-ਟਾਇਮ ਮਾਨੀਟਰਿੰਗ ਅਤੇ ਜਵਾਬਦੇਹੀ ਯਕੀਨੀ ਕੀਤੀ ਜਾਵੇਗੀ। ਡਾ. ਮਿਸ਼ਰਾ ਨੇ ਨਿਰਦੇਸ਼ ਦਿੱਤੇ ਕਿ ਸਾਰੇ ਜਿਲ੍ਹਿਆਂ ਵਿੱਚ ਜਰੂਰੀ ਦਵਾਈਆਂ ਦੀ ਲਿਸਟ ਅਨੁਸਾਰ ਦਵਾਈਆਂ ਦੀ ਬਿਨ੍ਹਾ ਰੁਕਾਵਟ ਉਪਲਬਧਤਾ ਯਕੀਨੀ ਕੀਤੀ ਜਵੇ, ਨਾਲ ਹੀ ਡਿਜੀਟਲ ਪੇਲਟਫਾਰਮ ’ਤੇ ਸਟੀਕ ਅਤੇ ਸਮੇਂਬੱਧ ਡੇਟਾ ਏਂਟਰੀ ਕੀਤੀ ਜਾਵੇ।

ਉਨ੍ਹਾਂ ਨੇ ਅਸੰਗਤ ਖਪਤ ਡੇਟਾ, ਮੌਜੂਦਾ ਸਟਾਕ ਅਤੇ ਪੋਰਟਲ ਰਿਕਾਰਡ ਵਿੱਚ ਅੰਤਰ ਅਤੇ ਡੇਟਾ ਅਪਡੇਟ ਵਿੱਚ ਦੇਰੀ ਵਰਗੀ ਸਮਸਿਆਵਾਂ ਨੂੰ ਰੇਖਾਂਕਿਤ ਕੀਤਾ, ਜੋ ਪਹਿਲਾ ਅੰਦਾਜਾ ਅਤੇ ਖਰੀਦ ਪ੍ਰਕ੍ਰਿਆ ਨੂੰ ਪ੍ਰਭਾਵਿਤ ਕਰਦੀ ਹੈ। ਇੰਨ੍ਹਾਂ ਸਮਸਿਆਵਾਂ ਦੇ ਹੱਲ ਲਈ ਜਿਲ੍ਹਿਆਂ ਨੂੰ ਨਿਯਮਤ ਸਟਾਕ ਮਿਲਾਨ, ਸਿਸਟਮ ਵੈਲੀਡੇਸ਼ਨ ਜਾਂਚ ਅਤੇ ਮਹੀਨਾ ਸਟਾਕ ਦੀ ਤਸਦੀਕ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ, ਸਿਵਲ ਸਰਜਨਾਂ ਨੂੰ ਸਮੇਂ-ਸਮੇਂ ’ਤੇ ਸਟਾਕ ਦੀ ਅਚਾਨਕ ਜਾਂਚ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ ਤਾਂ ਜੋ ਆਮ ਜਨਤਾ ਨੂੰ ਕਿਸੇ ਤਰ੍ਹਾ ਦੀ ਅਸਹੂਲਤ ਨਾ ਹੋਵੇ। ਸੰਭਾਵਿਤ ਵਿਸ਼ਵ ਸਪਲਾਈ ਵਿਵਧਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜਰੂਰੀ ਦਵਾਈਆਂ ਦਾ ਬਫਰ ਸਟਾਕ ਬਣਾਏ ਰੱਖਣ ਅਤੇ ਇਸ ਸਬੰਧ ਵਿੱਚ ਐਸਓਪੀ ਜਾਰੀ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।

ਡਾ. ਮਿਸ਼ਰਾ ਨੇ ਸਿਵਲ ਸਰਜਨਾਂ ਨੂੰ ਹਫਤਾਵਾਰ ਮਾਨੀਟਰਿੰਗ ਕਰਨ ਅਤੇ ਜਿਲ੍ਹਾ ਪੱਧਰ ’ਤੇ ਸਮੀਖਿਆ ਪ੍ਰਣਾਲੀ ਸਥਾਪਿਤ ਕਰਨ ਨੂੰ ਕਿਹਾ ਹੈ, ਤਾਂ ਜੋ ਹਰ ਪੱਧਰ ’ਤੇ ਜਵਾਬਦੇਹੀ ਯਕੀਨੀ ਹੋ ਸਕੇ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਸਮੂਚੀ ਨਿਗਰਾਨੀ ਅਤੇ ਪਾਲਣ ਦੀ ਜਿਮੇਵਾਰੀ ਸਿਵਲ ਸਰਜਨਾਂ ਦੀ ਹੋਵੇਗੀ, ਸਮੇਂ ’ਤੇ ਡੇਟਾ ਏਂਟਰੀ ਅਤੇ ਸਟਾਕ ਸਤਦੀਕ ਦੀ ਜਿਮੇਵਾਰੀ ਫਾਰਮਾਂਸਿਸਟਾਂ ਦੀ ਅਤੇ ਦਵਾਈਆਂ ਦੇ ਵਿਵੇਕਪੂਰਣ ਵਰਤੋ ਅਤੇ ਈਡੀਐਲ ਦੇ ਪਾਲਣ ਦੀ ਜਿਮੇਵਾਰੀ ਮੈਡੀਕਲ ਅਧਿਕਾਰੀਆਂ ਦੀ ਹੋਵੇਗੀ।

ਉਨ੍ਹਾਂ ਨੇ ਇਸ ਗੱਲ ’ਤੇ ਜੋਰ ਦਿੱਤਾ ਕਿ ਦਵਾਈਆਂ ਦੀ ਮੰਗ, ਪ੍ਰਾਪਤੀ ਅਤੇ ਖਪਤ ਨਾਲ ਸਬੰਧਿਤ ਸਾਰੇ ਰਿਕਾਰਡ ਨਿਯਮਤ ਰੂਪ ਨਾਲ ਅਪਡੇਟ ਕੀਤੇ ਜਾਣ, ਜਿਸ ਨਾਲ ਰਿਅਲ ਟਾਇਲ ਮਾਨੀਟਰਿੰਗ ਅਤੇ ਪ੍ਰਭਾਵੀ ਫੈਸਲੇ ਸੰਭਵ ਹੋ ਸਕਣ।

ਮੀਟਿੰਗ ਵਿੱਚ ਜਿਲ੍ਹਾ ਹਸਪਤਾਲਾਂ, ਸਬ-ਡਿਵੀਜਨ ਹਸਪਤਾਲਾਂ, ਕਮਿਊਨਿਟੀ ਸਿਹਤ ਕੇਂਦਰਾਂ ਅਤੇ ਪ੍ਰਾਥਮਿਕ ਸਿਹਤ ਕੇਂਦਰਾਂ ਵਿੱਚ ਮੁਫਤ ਜਾਂਚ ਸੇਵਾਵਾਂ ਦੇ ਵਿਸਤਾਰ ਦੀ ਵੀ ਸਮੀਖਿਆ ਕੀਤੀ ਗਈ। ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਕਿ ਜਿਲ੍ਹਿਆਂ ਵਿੱਚ ਏਕੀਕ੍ਰਿਤ ਪਬਲਿਕ ਸਿਹਤ ਲੈਬਸ ਦੇ ਸੰਚਾਲਨ ਨਾਲ ਨਾਗਰਿਕਾਂ ਨੂੰ ਕਿਫਾਇਤੀ ਅਤੇ ਸਮੇਂ ’ਤੇ ਜਾਂਚ ਸਹੂਲਤਾਂ ਮਿਲ ਰਹੀਆਂ ਹਨ।

ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਗਤੀ ਦੇਣ ਲਈ ਉਨ੍ਹਾਂ ਨੇ ਹਸਪਤਾਲਾਂ ਦੇ ਸਬ-ਡਿਵੀਜਨ ਦੇ ਕੰਮਾਂ ਨੂੰ ਤੇਜ ਕਰਨ ਅਤੇ ਸਵੱਛਤਾ ਅਤੇ ਹਾਈਜੀਨ ਪ੍ਰੋਟੋਕਾਲ ਦਾ ਸਖਤੀ ਨਾਲ ਪਾਲਣ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ। ਸਿਹਤ ਅਦਾਰਿਆਂ ਵਿੱਚ ਸਾਫ ਸਫਾਈ ਬਣਾਏ ਰੱਖਣ ਲਈ ਸਿਵਲ ਸਰਜਨ ਸਿੱਧੇ ਤੌਰ ’ਤੇ ਜਵਾਬਦੇਹੀ ਹੋਣਗੇ।

ਸਮੀਖਿਆ ਮੀਟਿੰਗ ਵਿੱਚ 100 ਦਿਨਾਂ ਦੇ ਟੀਬੀ ਉਨਮੂਲਨ ਮੁਹਿੰਮ ਦੀ ਪ੍ਰਗਤੀ ਦੀ ਵੀ ਸਮੀਖਿਆ ਕੀਤੀ ਗਈ, ਜਿਸ ਵਿੱਚ ਯਤਨਾਂ ਨੂੰ ਤੇਜ ਕਰਨ ਅਤੇ ਸਮੱਬੱਧ ਕਾਰਜਯੋਜਨਾ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਦੇ ਨਾਲ ਹੀ ਸਿਵਲ ਸਰਜਨਾਂ ਨੂੰ ਲਿੰਗਾਨੁਪਾਤ ਦੇ ਰੁਝਾਨਾਂ ’ਤੇ ਸਖਤ ਨਿਗਰਾਨੀ ਰੱਖਣ ਅਤੇ ਹਾਲੀਆ ਸੁਧਾਰਾਂ ਨੂੰ ਬਣਾਏ ਰੱਖਣ ਦੇ ਨਿਰਦੇਸ਼ ਦਿੱਤੇ ਗਏ।

ਮੀਟਿੰਗ ਵਿੱਚ ਡਾ. ਮਿਸ਼ਰਾ ਨੂੰ ਜਾਣੂ ਕਰਾਇਆ ਕਿ ਸਾਰੇ ਜਿਲ੍ਹਿਆਂ ਵਿੱਚ ਪੀਐਨਡੀਟੀ ਪ੍ਰਾਵਧਾਨਾਂ ਦੇ ਸਖਤ ਪਾਲਣ ਨੂੰ ਸਰਵੋਚ ਪ੍ਰਾਥਮਿਕਤਾ ਦਿੱਤੀ ਜਾ ਰਹੀ ਹੈ।

ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਸਾਰੇ ਨਿਰਦੇਸ਼ਾਂ ਦੇ ਲਾਗੂ ਕਰਨ ਲਈ ਸਬੰਧਿਤ ਅਧਿਕਾਰੀ ਨਿਜੀ ਰੂਪ ਨਾਲ ਜਿਮੇਵਾਰ ਹੋਣਗੇ ਅਤੇ ਨਿਗਰਾਨੀ ਡੇਟਾ ਪ੍ਰਬੰਧਨ ਜਾਂ ਸੇਵਾ ਵੰਡ ਵਿੱਚ ਕਿਸੇ ਵੀ ਤਰ੍ਹਾ ਦੀ ਲਾਪ੍ਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਰਾਜ ਵਿੱਚ ਕਿਸਾਨਾਂ ਨਾਲ ਜੁੜੀਆਂ ਯੋਜਨਾਵਾਂ ਨੂੰ ਪਾਰਦਰਸ਼ੀ ਅਤੇ ਪ੍ਰਭਾਵੀ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੀਤਾ ਜਾ ਰਿਹਾ ਹੈ ਕੰਮ : ਸ਼ਿਆਮ ਸਿੰਘ ਰਾਣਾ

**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਦੱਸਿਆ ਕਿ ਰਾਜ ਵਿੱਚ ਕਿਸਾਨਾਂ ਨਾਲ ਜੁੜੀਆਂ ਯੋਜਨਾਵਾਂ ਨੂੰ ਪਾਰਦਰਸ਼ੀ ਅਤੇ ਪ੍ਰਭਾਵੀ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਹਰਿਆਣਾ ਵਿੱਚ ਪੀ.ਐਮ. ਕਿਸਾਨ ਦੇ ਕੁੱਲ 20,82,596 ਕਿਸਾਨ ਲਾਭਪਾਤਰ ਹਨ, ਜਿਨ੍ਹਾਂ ਵਿੱਚੋਂ 16,33,297 ਕਿਸਾਨਾਂ ਦੇ ਖਾਤੇ ਸਰਗਰਮ ਹਨ। ਹੁਣ ਤੱਕ 7,33,083 ਕਿਸਾਨਾਂ ਦੀ ਕਿਸਾਨ ਆਈ.ਡੀ. ਬਣਾਈ ਜਾ ਚੁੱਕੀ ਹੈ, ਜੋ ਕਿ ਕੁੱਲ ਕੰਮ ਦਾ ਲਗਭਗ 45 ਫੀਸਦੀ ਪੂਰਾ ਹੋ ਚੁੱਕਾ ਹੈ।

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਇਹ ਗੱਲ ਅੱਜ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ ਵੱਖ-ਵੱਖ ਰਾਜਾਂ ਦੇ ਖੇਤੀਬਾੜੀ ਮੰਤਰੀਆਂ ਦੀ ਕਿਸਾਨ ਆਈ.ਡੀ. ਅਤੇ ਖਾਦ ਵਿਸ਼ੇ ਨੂੰ ਲੈ ਕੇ ਆਯੋਜਿਤ ਬੈਠਕ ਵਿੱਚ ਚੰਡੀਗੜ੍ਹ ਤੋਂ ਵੀਡੀਓ ਕਾਨਫਰੰਸ ਰਾਹੀਂ ਕਹੀ।

ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ‘ਮੇਰੀ ਫ਼ਸਲ ਮੇਰਾ ਬਿਓਰਾ’ ਪੋਰਟਲ ਰਾਹੀਂ ਰਾਜ ਵਿੱਚ ਕਿਸਾਨਾਂ ਦਾ ਪੂਰਾ ਰਿਕਾਰਡ ਪਹਿਲਾਂ ਹੀ ਤਿਆਰ ਕੀਤਾ ਜਾ ਚੁੱਕਾ ਹੈ। ਇਸ ਪੋਰਟਲ ’ਤੇ ਇਹ ਜਾਣਕਾਰੀ ਉਪਲਬਧ ਹੈ ਕਿ ਜ਼ਮੀਨ ਮਾਲਕ ਦੀ ਹੈ ਜਾਂ ਬਟਾਈ (ਹਿੱਸੇ) ’ਤੇ, ਅਤੇ ਖੇਤ ਵਿੱਚ ਕਿਹੜੀ ਫ਼ਸਲ ਬੀਜੀ ਗਈ ਹੈ।

ਉਨ੍ਹਾਂ ਦੱਸਿਆ ਕਿ ਹੁਣ ਖਾਦ ਦੀ ਸਪਲਾਈ ਨੂੰ ਵੀ ਇਸੇ ਪੋਰਟਲ ਨਾਲ ਜੋੜ ਦਿੱਤਾ ਗਿਆ ਹੈ। ਇਸ ਦੇ ਤਹਿਤ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਅਨੁਸਾਰ ਹੀ ਖਾਦ ਦਿੱਤੀ ਜਾਂਦੀ ਹੈ, ਤਾਂ ਜੋ ਜ਼ਰੂਰਤ ਅਨੁਸਾਰ ਸਹੀ ਮਾਤਰਾ ਵਿੱਚ ਖਾਦ ਮਿਲ ਸਕੇ। ਪਹਿਲਾਂ ਖਾਦ ਆਧਾਰ ਕਾਰਡ ਦੇ ਆਧਾਰ ’ਤੇ ਦਿੱਤੀ ਜਾਂਦੀ ਸੀ, ਜਿਸ ਨਾਲ ਉਸ ਦੀ ਸਹੀ ਵਰਤੋਂ ਯਕੀਨੀ ਨਹੀਂ ਹੋ ਪਾਉਂਦੀ ਸੀ। ਪਰ ਹੁਣ ਖਾਦ ਸਿਰਫ਼ ਉਸੇ ਕਿਸਾਨ ਨੂੰ ਮਿਲਦੀ ਹੈ ਜਿਸ ਕੋਲ ਜ਼ਮੀਨ ਹੈ, ਜਿਸ ਨਾਲ ਦੁਰਵਰਤੋਂ ’ਤੇ ਰੋਕ ਲੱਗੀ ਹੈ।

ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਦੱਸਿਆ ਕਿ ਇਸ ਨਵੀਂ ਵਿਵਸਥਾ ਨਾਲ ਖਾਦ ਦੀ ਸਹੀ ਵਰਤੋਂ ਨੂੰ ਹੁਲਾਰਾ ਮਿਲਿਆ ਹੈ ਅਤੇ ਬੇਲੋੜੀ ਖਪਤ ਘਟੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਜੇਕਰ ਫ਼ਸਲ ਅਤੇ ਉਸ ਦੀ ਖਾਦ ਦੀ ਜ਼ਰੂਰਤ ਦਾ ਪੂਰਾ ਪੁਰਾਣਾ ਰਿਕਾਰਡ ਤਿਆਰ ਹੋ ਜਾਵੇ, ਤਾਂ ਖਾਦ ਦਾ ਹੋਰ ਬਿਹਤਰ ਪ੍ਰਬੰਧਨ ਕੀਤਾ ਜਾ ਸਕੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਵਾਰ ਕੇਂਦਰ ਸਰਕਾਰ ਦੀ ਖਾਦ ਸਬਸਿਡੀ ਵਿੱਚ ਹਰਿਆਣਾ ਨੂੰ ਕਰੀਬ 500 ਕਰੋੜ ਰੁਪਏ ਤੋਂ ਵੱਧ ਦੀ ਬਚਤ ਹੋਈ ਹੈ, ਜੋ ਇਸ ਨਵੀਂ ਵਿਵਸਥਾ ਦੀ ਸਫਲਤਾ ਨੂੰ ਦਰਸਾਉਂਦੀ ਹੈ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਜਲਦੀ ਹੀ ਕਿਸਾਨਾਂ ਦੀ ਭਲਾਈ ਲਈ ਜਨ ਜਾਗਰਣ ਮੁਹਿੰਮ ਚਲਾਈ ਜਾਵੇਗੀ। ਜਿਸ ਵਿੱਚ ਯੂਨੀਵਰਸਿਟੀ ਦੇ ਵਿਗਿਆਨੀ, ਆਈ.ਸੀ.ਏ.ਆਰ. ਦੇ ਵਿਗਿਆਨੀ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਪਿੰਡ-ਪਿੰਡ ਜਾ ਕੇ ਖੇਤੀਬਾੜੀ ਅਤੇ ਇਸ ਨਾਲ ਸਬੰਧਤ ਖੇਤਰਾਂ ਦੀਆਂ ਜੋ ਵੀ ਯੋਜਨਾਵਾਂ ਅਤੇ ਖੇਤੀਬਾੜੀ ਵਿੱਚ ਨਵੀਨਤਮ ਤਕਨੀਕਾਂ ਹਨ, ਉਨ੍ਹਾਂ ਬਾਰੇ ਜਾਣਕਾਰੀ ਦੇਣਗੇ ਤਾਂ ਜੋ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ।

ਇਸ ਮੌਕੇ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਹਰਿਆਣਾ ਸਰਕਾਰ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ‘ਮੇਰੀ ਫ਼ਸਲ ਮੇਰਾ ਬਿਓਰਾ’ ਇੱਕ ਮਿਸਾਲੀ ਪਹਿਲ ਹੈ। ਇਸ ਨਾਲ ਖਾਦ ਦੀ ਸੰਤੁਲਿਤ ਵਰਤੋਂ ਅਤੇ ਸਰਕਾਰੀ ਸਰੋਤਾਂ ਦੀ ਬਚਤ ਦਾ ਰਸਤਾ ਦਿਖਾਈ ਦਿੰਦਾ ਹੈ। ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਅਤੇ ਖੇਤੀਬਾੜੀ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੂੰ ਇਸ ਪਹਿਲ ਲਈ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਇਸ ਮਾਡਲ ਨੂੰ ਪੂਰੇ ਦੇਸ਼ ਵਿੱਚ ਲਾਗੂ ਕੀਤਾ ਜਾ ਸਕਦਾ ਹੈ।

## ਹਰਿਆਣਾ ਸਰਕਾਰ ਕਿਸਾਨ ਦੀ ਫਸਲ ਦਾ ਇੱਕ-ਇੱਕ ਦਾਨਾ ਖਰੀਦਣ ਲਈ ਪ੍ਰਤੀਬੱਧ :ਅਮਿਤ ਅਗਰਵਾਲ

**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਉਦਯੋਗ ਅਤੇ ਵਪਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਅਮਿਤ ਅਗਰਵਾਲ ਨੇ ਜਿਲ੍ਹਾ ਡਿਪਟੀ ਕਮਿਸ਼ਨਰ ਆਯੂਸ਼ ਸਿੰਨ੍ਹਾ ਦੇ ਨਾਲ ਬੁੱਧਵਾਰ ਨੂੰ ਫਰੀਦਾਬਾਦ ਜਿਲ੍ਹਾ ਦੀ ਮੋਹਨਾ ਅਨਾਜ ਮੰਡੀ ਦਾ ਨਿਰੀਖਣ ਕੀਤਾ। ਨਿਰੀਖਣ ਦੌਰਾਨ ਮੰਡੀ ਨਾਲ ਜੁੜੀ ਸਮਸਿਆਵਾਂ ਨੂੰ ਲੈ ਕੇ ਕਿਸਾਨ, ਆੜ੍ਹਤੀ ਤੇ ਹੋਰ ਸਬੰਧਿਤ ਹਿਤਧਾਰਕਾਂ ਨਾਲ ਚਰਚਾ ਕਰ ਫੀਡਬੈਕ ਲਿਆ। ਨਿਰੀਖਣ ਦੌਰੇ ਵਿੱਚ ਕਿਸਾਨਾਂ ਦੀ ਮੰਗ ’ਤੇ ਪ੍ਰਤੀਬੱਧਤਾ ਜਤਾਉਂਦੇ ਹੋਏ ਮੌਕੇ ’ਤੇ ਹੀ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਦਸਿਆ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਸਪਸ਼ਟ ਨਿਰਦੇਸ਼ ਦਿੱਤੇ ਹਨ ਕਿ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਨਾ ਖਰੀਦਿਆ ਜਾਵੇਗਾ ਅਤੇ ਨਾਲ ਹੀ ਕਨਕ ਦੀ ਖਰੀਦ ਦੇ ਬਾਅਦ ਭੁਗਤਾਨ ਕਿਸਾਨਾਂ ਦੇ ਖਾਤਿਆਂ ਵਿੱਚ ਸਿੱਧੇ ਟ੍ਰਾਂਸਫਰ ਕੀਤਾ ਜਾਵੇਗਾ। ਉਨ੍ਹਾਂ ਨੇ ਕਿਸਾਨਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਮੇਰੀ ਫਸਲ-ਮੇਰਾ ਬਿਊਰਾ ਪੋਰਟਲ ਰਾਹੀਂ ਪੂਰੀ ਪ੍ਰਕ੍ਰਿਆ ਨੂੰ ਪਾਰਦਰਸ਼ੀ ਬਣਾਇਆ ਗਿਆ ਹੈ, ਜਿਸ ਨਾਲ ਕਿਸਾਨ ਖੁਦ ਆਪਣੀ ਫਸਲ ਦਾ ਰਜਿਸਟ੍ਰੇਸ਼ਣ ਅਤੇ ਟ੍ਰੈਕਿੰਗ ਕਰ ਸਕਦੇ ਹਨ। ਰਜਿਸਟ੍ਰੇਸ਼ਣ ਤੋਂ ਕਿਸੇ ਕਾਰਨ ਵਾਂਝੇ ਕਿਸਾਨਾਂ ਨੂੰ ਮੁੜ ਰਜਿਸਟ੍ਰੇਸ਼ਣ ਦੀ ਸਹੂਲਤ ਜਲਦੀ ਉਪਲਬਧ ਕਰਵਾਈ ਜਾਵੇਗੀ।

ਸ੍ਰੀ ਅਮਿਤ ਅਗਰਵਾਲ ਨੇ ਕਿਸਾਨਾਂ ਨੂੰ ਪਿਛਲੇ 10 ਸਾਲਾਂ ਵਿੱਚ ਸੂਬਾ ਸਰਕਾਰ ਵੱਲੋਂ ਖੇਤੀਬਾੜੀ ਖੇਤਰ ਵਿੱਚ ਕੀਤੀ ਗਈ ਉਪਲਬਧੀਆਂ ਦੀ ਜਾਣਕਾਰੀ ਵੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦੀ ਨੀਤੀਆਂ ਨੇ ਅੰਨਦਾਤਾ ਨੂੰ ਉਦਮੀ ਬਨਾਉਣ ਦੀ ਦਿਸ਼ਾ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਕਿਹਾ ਕਿ ਸੂਬੇ ਵਿੱਚ ਗੁਆਂਢੀ ਸੂਬਿਆਂ ਦੀ ਤੁਲਣਾ ਵਿੱਚ ਸੂਬੇ ਦੇ ਕਿਸਾਂਨਾਂ ਨੂੰ ਵੱਧ ਲਾਭ ਦਿੱਤੇ ਜਾ ਰਹੇ ਹਨ। ਸਰਕਾਰ ਦਾ ਇੱਕਲੌਤਾ ਉਦੇਸ਼ ਜਨਹਿੱਤ ਹੈ। ਉਨ੍ਹਾਂ ਨੇ ਕਿਹਾ ਕਿ ਕਿਸਾਨ ਤੇ ਖੇਤੀਬਾੜੀ ਕੰਮਾਂ ਨਾਲ ਜੁੜੇ ਹਿੱਤਧਾਰਕਾਂ ਦੀ ਸਮਸਿਆ ਤੇ ਸੁਝਾਅ ਦਾ ਪੂਰਾ ਫੋਕਸ ਹੈ। ਉਨ੍ਹਾਂ ਨੇ ਹਿੱਤਧਾਰਕਾਂ ਨੂੰ ਭਰੋਸਾ ਦਿੱਤਾ ਕਿ ਬੀਤੇ ਸਾਲ ਵਿੱਚ ਆਈ ਕਿਸੇ ਵੀ ਸਮਸਿਆ ਨੂੰ ਇਸ ਵਾਰ ਦੋਹਰਾਇਆ ਨਹੀਂ ਜਾਵੇਗਾ।

ਅਧਿਕਾਰੀ ਆਪਣੇ ਪੱਧਰ ’ਤੇ ਫਸਲ ਖਰੀਦ, ਲਿਫਟਿੰਗ ਤੇ ਸਟੋਰੇਜ ਤੋਂ ਇਲਾਵਾ ਮੰਡੀ ਵਿੱਚ ਮੁੱਢਲੀ ਸਹੂਲਤਾਂ ਯਕੀਨੀ ਕਰਣਗੇ। ਉਨ੍ਹਾਂ ਨੇ ਦਸਿਆ ਕਿ ਮੰਡੀ ਵਿੱਚ ਸਹੂਲਤਾਂ ਨੂੰ ਬਿਹਤਰ ਬਨਾਉਣ ਲਈ ਇਲੈਕਟ੍ਰੋਨਿਕ ਕੱਢੇ, ਕਿਸਾਨ ਸਹੂਲਤ ਕੇਂਦਰ ਅਤੇ ਅਟਲ ਕਿਸਾਨ ਕੈਂਟੀਨ ਵਰਗੀ ਵਿਵਸਥਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਅਟੱਲ ਕਿਸਾਨ ਕੈਂਟੀਨ ਵਿੱਚ ਸਿਰਫ 10 ਰੁਪਏ ਵਿੱਚ ਪੇਟ ਭਰ ਭੋਜਨ ਉਪਲਬਧ ਕਰਾਇਆ ਜਾ ਰਿਹਾ ਹੈ, ਜਿਸ ਨਾਲ ਕਿਸਾਨਾਂ ਅਤੇ ਮਜਦੂਰਾਂ ਦੇ ਲਈ ਰਾਹਤ ਕੰਮ ਕੀਤੇ ਜਾ ਰਹੇ ਹਨ। ਕਿਸਾਨ ਤੇ ਆੜ੍ਹਤੀ ਵਰਗ ਨੇ ਸਰਕਾਰ ਦੀ ਫਸਲ ਖਰੀਦ ਪ੍ਰਕ੍ਰਿਆ ਤੋਂ ਸੰਤੁਸ਼ਟੀ ਜਤਾਈ।

## ਨਾਇਬ ਸਿੰਘ ਸੈਣੀ 5 ਮਈ ਨੂੰ ਕੁਰੂਕਸ਼ੇਤਰ ਤੋਂ ਵਿਸ਼ੇਸ਼ ਰੇਲਗੱਡੀ ਨੂੰ ਝੰਡੀ ਦਿਖਾ ਕੇ ਸ਼੍ਰੀ ਹਜ਼ੂਰ ਸਾਹਿਬ ਨੰਦੇੜ ਲਈ ਕਰਣਗੇ ਰਾਵਾਨ

**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼੍ਰੀ ਹਜ਼ੂਰ ਸਾਹਿਬ ਨੰਦੇੜ, ਮਹਾਰਾਸ਼ਟਰ ਲਈ 5 ਮਈ ਨੂੰ ਕੁਰੂਕਸ਼ੇਤਰ ਤੋਂ ਵਿਸ਼ੇਸ਼ ਟ੍ਰੇਨ ਰਵਾਨਾ ਹੋਵੇਗੀ। ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਇਸ ਟ੍ਰੇਨ ਨੂੰ ਝੰਡੀ ਦਿਖਾ ਕੇ ਸੂਬੇ ਦੇ ਵੱਖ-ਵੱਖ ਜਿਲ੍ਹਿਆਂ ਤੋਂ ਆਉਣ ਵਾਲੀ ਸੰਗਤ ਨੂੰ ਰਵਾਨਾ ਕਰਣਗੇ।

ਸਰਕਾਰ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸੀਨੀਅਰ ਨਾਗਰਿਕ, ਜਿਨ੍ਹਾਂ ਦੀ ਉਮਰ 60 ਸਾਲ ਤੋਂ ਵੱਧ ਹੈ ਅਤੇ ਉਨ੍ਹਾਂ ਦੀ ਪਰਿਵਾਰਕ ਆਮਦਨ ਇੱਕ ਲੱਖ 80 ਹਜਾਰ ਰੁਪਏ ਤੋਂ ਘੱਟ ਹੈ, ਉਹ ਇਸ ਯੋਜਨਾ ਦਾ ਲਾਭ ਚੁੱਕ ਸਕਦੇ ਹਨ। ਯੋਜਨਾ ਦਾ ਲਾਭ ਚੁੱਕਣ ਲਈ ਸਰਲ ਹਰਿਆਣਾ ਪੋਰਟਲ ’ਤੇ 15 ਅਪ੍ਰੈਲ ਤੱਕ ਰਜਿਸਟ੍ਰੇਸ਼ਣ ਕੀਤਾ ਜਾ ਸਕਦਾ ਹੈ। ਯੋਗ ਵਿਅਕਤੀ ਨੇੜੇ ਸੀਐਸਸੀ ਸੈਂਟਰ ਜਾਂ ਆਪਣੇ ਸਮਾਰਟ ਫੋਨ ਤੋਂ ਸਰਲ ਹਰਿਆਣਾ ਪੋਰਟਲ ’ਤੇ ਘਰ ਬੈਠੇ ਇਸ ਮੁਫਤ ਯਾਤਰਾ ਲਈ ਰਜਿਸਟ੍ਰੇਸ਼ਣ ਕਰ ਸਕਦੇ ਹਨ।

ਬੁਲਾਰੇ ਨੇ ਸਪਸ਼ਟ ਕੀਤਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬਿਨੈ ਕਰਨ ਲਈ ਕੁੱਝ ਜਰੂਰੀ ਦਸਤਾਵੇਜ ਜਰੂਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚ ਵੈਧ ਫੋਟੋ ਪਹਿਚਾਣ ਪੱਤਰ (ਜਿਵੇਂ ਆਧਾਰ ਕਾਰਡ, ਪੈਨ ਕਾਰਡ ਜਾਂ ਹੋਰ ਸਰਕਾਰੀ ਆਈਡੀ), ਪਰਿਵਾਰ ਪਹਿਚਾਣ ਪੱਤਰ (ਪੀਪੀਪੀ), ਸ਼ਰੀਰਿਕ ਰੂਪ ਤੋਂ ਯਾਤਰਾ ਲਈ ਫਿੱਟ ਹੋਣ ਦੀ ਸਵੈ ਐਲਾਨ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਯੋਜਨਾ ਦਾ ਲਾਭ ਨਾ ਲੈਣ ਦਾ ਐਲਾਨ ਸ਼ਾਮਿਲ ਹੈ। ਉਨ੍ਹਾਂ ਨੇ ਯੋਗਤਾ ਦੀ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਬਿਨੈਕਾਰ ਦਾ ਹਰਿਆਣਾ ਦਾ ਨਿਵਾਸੀ ਹੋਣਾ ਅਤੇ ਪਰਿਵਾਰ ਪਹਿਚਾਣ ਪੱਤਰ ਹੋਣਾ ਜਰੂਰੀ ਹੈ।

ਬੁਲਾਰੇ ਨੇ ਦਸਿਆ ਕਿ ਸੀਨੀਅਰ ਨਾਗਰਿਕ ਇੱਕ ਸਹਾਇਕ ਨੂੰ ਪੂਰਨ ਭੁਗਤਾਨ ’ਤੇ ਨਾਲ ਲੈ ਜਾਣ ਦੀ ਮੰਜੂਰੀ ਹੈ। ਉੱਥੇ ਹੀ 18 ਤੋਂ 60 ਸਾਲ ਉਮਰ ਵਰਗ ਜਾਂ 1.80 ਲੱਖ ਤੋਂ ਵੱਧ ਆਮਦਨ ਵਾਲੇ ਲੋਕ ਇਸ ਯੋਜਨਾ ਦਾ ਲਾਭ ਪੂਰਾ ਭੁਗਤਾਨ ’ਤੇ ਚੁੱਕ ਸਕਦੇ ਹਨ। ਯੋਜਨਾ ਦੇ ਨਿਯਮਾਂ ਅਨੁਸਾਰ, ਕੋਈ ਵੀ ਵਿਅਕਤੀ ਹਰ ਤਿੰਨ ਸਾਲਾਂ ਵਿੱਚ ਸਿਰਫ ਇੱਕ ਵਾਰ ਹੀ ਇਸ ਸਹੂਲਤ ਦਾ ਲਾਭ ਲੈ ਸਕਦਾ ਹੈ। ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ’ਤੇ ਸੰਚਾਲਿਤ ਇਸ ਯੋਜਨਾ ਵਿੱਚ ਬਿਨੈ ਲਈ ਪਰਿਵਾਰ ਪਹਿਚਾਣ ਪੱਤਰ ਜਰੂਰੀ ਹੈ।

ਮੁੱਖ ਮੰਤਰੀ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਸ ਯੋਜਨਾਂ ਤਹਿਤ ਯਾਤਰੀਆਂ ਦੇ ਰਹਿਣ, ਖਾਣ ਅਤੇ ਸਥਾਨਕ ਟ੍ਰਾਂਸਪੋਰਟ ਦੀ ਪੂਰੀ ਵਿਵਸਥਾ ਸਰਕਾਰ ਵੱਲੋਂ ਆਪਣੇ ਪੱਧਰ ’ਤੇ ਕੀਤ ਜਾਵੇਗੀ।

ਬੁਲਾਰੇ ਨੇ ਦਸਿਆ ਕਿ ਬਿਨੈ ਕਰਨ ਦੇ ਬਾਅਦ ਬਿਨੈਕਾਰ ਨੂੰ ਸੂਚਨਾ ਆਪਣੇ-ਆਪਣੇ ਜਿਲ੍ਹਾ ਵਿੱਚ ਸਥਿਤ ਜਿਲ੍ਹਾ ਸੂਚਨਾ ਅਤੇ ਜਨਸੰਪਰਕ ਅਧਿਕਾਰੀ ਦਫਤਰ ਵਿੱਚ ਜਰੂਰ ਦੇਣੀ ਹੋਵੇਗੀ ਤਾਂ ਜੋ ਯੋਗ ਵਿਅਕਤੀਆਂ ਦੀ ਸੂਚਨਾ ਰੇਲਵੇ ਨੂੰ ਸਮੇਂ ’ਤੇ ਭੇਜੀ ਜਾ ਸਕੇ। ਰਜਿਸਟਰਡ ਵਿਅਕਤੀ 16 ਅਪ੍ਰੈਲ ਤੋਂ ਪਹਿਲਾਂ ਇਹ ਸੂਚਨਾ ਡੀਆਈਪੀਆਰਓ ਦਫਤਰ ਵਿੱਚ ਜਰੂਰ ਦੇਣ।

## ਨੌਜੁਆਨਾਂ ਨੂੰ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਬਿਨ੍ਹਾ ਖਰਚੀ - ਪਰਚੀ ਦੇ ਯੋਗਤਾ ਦੇ ਆਧਾਰ ’ਤੇ ਮਹੁਈਆ ਕਰਵਾ ਰਹੇ ਸਰਕਾਰੀ ਨੌਕਰੀ : ਸੁਮਨ ਸੈਣੀ

**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਰਾਜ ਬਾਲ ਭਲਾਈ ਪਰਿਸ਼ਦ ਦੀ ਵਾਇਸ ਚੇਅਰਪਰਸਨ ਸ੍ਰੀਮਤੀ ਸੁਮਨ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਲਾਡਵਾ ਵਿਧਾਨਸਭਾ ਦੇ ਪਿੰਡਾਂ ਵਿੱਚ ਵਿਕਾਸ ਕੰਮਾਂ ਲਈ 21-21 ਲੱਖ ਰੁਪਏ ਦੇ ਰਹੇ ਹਨ ਅਤੇ ਇਸ ਦੇ ਨਾਲ ਹੀ ਪਿੰਡ ਵੱਲੋਂ ਜਿਨ੍ਹਾਂ ਵਿਕਾਸ ਕੰਮਾਂ ਦੀ ਲਿਸਟ ਸੌਂਪੀ ਜਾ ਰਹੀ ਹੈ, ਮੁੱਖ ਮੰਤਰੀ ਉਨ੍ਹਾਂ ਕੰਮਾਂ ਨੂੰ ਪੂਰਾ ਕਰਨ ਦਾ ਕੰਮ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਉਨ੍ਹਾਂ ਨੂੰ ਵਿਧਾਨਸਭਾ ਵਾਸੀਆਂ ਦੀ ਸਮਸਿਆਵਾਂ ਨੂੰ ਸੁਨਣ ਲਈ ਜਿਮੇਵਾਰੀ ਸੌਂਪੀ ਹੋਈ ਹੈ। ਉਸੀ ਜਿਮੇਵਾਰੀ ਨੂੰ ਨਿਭਾਉਂਦੇ ਹੋਏ ਉਹ ਲਗਾਤਾਰ ਹਲਕਾ ਵਾਸੀਆਂ ਦੇ ਵਿੱਚ ਪਹੁੰਚਕੇ ਉਨ੍ਹਾਂ ਦੀ ਸਮਸਿਆਵਾਂ ਅਤੇ ਸ਼ਿਕਾਇਤਾਂ ਨੂੰ ਸੁਣਦੀ ਹੈ।

ਵਾਇਸ ਚੇਅਰਪਰਸਨ ਸ੍ਰੀਮਤੀ ਸੁਮਨ ਸੈਣੀ ਬੁੱਧਵਾਰ ਨੂੰ ਲਾਡਵਾ ਵਿਧਾਨਸਭਾ ਵਿੱਚ ਆਯੋਜਿਤ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੀ ਸੀ। ਉਨ੍ਹਾਂ ਨੇ ਵਿਧਾਨਸਭਾ ਦੇ ਪਿੰਡ ਇਸ਼ਰਗੜ੍ਹ, ਪਿੰਡ ਅਟਲ ਨਗਰ, ਪਿੰਡ ਸ਼ੰਕਰ ਕਲੌਨੀ, ਪੂਰਵਿਅ ਡੇਰਾ ਸਿਰਸਮਾ, ਪਿੰਡ ਮਥਾਨਾ, ਪਿੰਡ ਛਾਰਪੋਰਾ, ਪਿੰਡ ਮੁਕਰਪੁਰ ਅਤੇ ਪਿੰਡ ਬੋਡਲਾ ਵਿੱਚ ਪਿੰਡਵਾਸੀਆਂ ਦੀ ਸਮਸਿਆਵਾਂ ਨੂੰ ਸੁਣਿਆ। ਉਨ੍ਹਾਂ ਨੇ ਜਿਆਦਾਤਰ ਸਮਸਿਆਵਾਂ ਲਈ ਮੌਕੇ ’ਤੇ ਹੀ ਅਧਿਕਾਰੀਆਂ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਮਾਂਪਿਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸਾਰੇ ਆਪਣੇ-ਆਪਣੇ ਬੱਚਿਆਂ ਦੀ ਪੜਾਈ ਜਰੂਰ ਕਰਵਾਉਣ ਕਿਉਂਕਿ ਇੱਕ ਪੜੀ-ਲਿਖਿਆ ਨਾਗਰਿਕ ਆਪਣੀ ਚਾਰ ਪੀੜੀਆਂ ਦਾ ਸੁਧਾਰ ਤਾਂ ਕਰਦਾ ਹੀ ਹੈ। ਇਸ ਦੇ ਨਾਲ ਹੀ ਦੇਸ਼ ਦੀ ਉਨੱਤੀ ਅਤੇ ਪ੍ਰਗਤੀ ਵਿੱਚ ਵੀ ਆਪਣਾ ਅਹਿਮ ਯੋਗਦਾਨ ਦਿੰਦੇ ਹਨ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੂਬੇ ਵਿੱਚ ਬਿਨ੍ਹਾ ਖਰਚੀ-ਪਰਚੀ ਦੇ ਨੌਜੁਆਨਾਂ ਨੂੰ ਯੋਗਤਾ ਦੇ ਆਧਾਰ ’ਤੇ ਸਰਕਾਰੀ ਨੌਕਰੀ ਮਹੁਈਆ ਕਰਵਾ ਰਹੇ ਹਨ। ਇਸ ਨਾਲ ਸੂਬੇ ਵਿੱਚ ਬਹੁਤ ਵੱਡਾ ਬਦਲਾਅ ਦੇਖਣ ਨੂੰ ਮਿਲਿਆ ਹੈ। ਪਹਿਲਾਂ ਦੀ ਸਰਕਾਰਾਂ ਵਿੱਚ ਯੁਵਾ ਦੀ ਨੌਕਰੀ ਪਾਉਣ ਲਈ ਖਰਚੀ ਲੈ ਕੇ ਨੇਤਾਵਾਂ ਦੇ ਪਿੱਛੇ ਪਰਚੀ ਪਾਉਣ ਲਈ ਲੋਕ ਹੁੰਦੇ ਸਨ ਅਤੇ ਹੁਣ ਪੜਾਈ ਦੇ ਲਈ ਕੋਚਿੰਗ ਸੈਂਟਰ ’ਤੇ ਪੜਾਈ ਕਰ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸੂਬੇ ਦੀ ਸਾਰੀ ਵਿਧਾਨਸਭਾਵਾਂ ਦਾ ਸਮਾਨ ਰੂਪ ਨਾਲ ਵਿਕਾਸ ਕਰਵਾ ਰਹੇ ਹਨ। ਲਾਡਵਾ ਵਿਧਾਨਸਭਾ ਵਿੱਚ ਚਾਰ ਗੁਣਾ ਗਤੀ ਨਾਲ ਵਿਕਾਸ ਕੰਮ ਕਰਵਾਏ ਜਾ ਰਹੇ ਹਨ। ਸੂਬੇ ਵਿੱਚ ਪਹਿਲਾਂ ਦੀ ਸਰਕਾਰਾਂ ਵਿੱਚ ਖੇਤਰ ਅਤੇ ਜਾਤੀ ਨੂੰ ਦੇਖ ਕੇ ਕੰਮ ਹੁੰਦੇ ਰਹੇ ਸਨ, ਪਰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਖੇਤਰਵਾਦ, ਜਾਤੀਵਾਦ ਨੂੰ ਤਾਂ ਖਤਮ ਕੀਤਾ ਹੀ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ ਲਾਡਵਾ ਦੀ ਗ੍ਰਾਮੀਣ ਸੀਟ ਤੋਂ ਚੋਣ ਲੜਵਾ ਕੇ ਗ੍ਰਾਮੀਣ ਵਿਕਾਸ ਨੂੰ ਪ੍ਰੋਤਸਾਹਨ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸੋਚ ਨਾਲ ਦੇਸ਼, ਸੂਬਾ ਤੇ ਗ੍ਰਾਮੀਣ ਖੇਤਰ ਨੂੰ ਵਿਕਸਿਤ ਕਰਨ ਵਿੱਚ ਗਤੀ ਮਿਲੀ ਹੈ। ਅਜਿਹੀ ਯੋਜਨਾਵਾਂ ਨਾਲ ਹੀ ਸਾਲ 22047 ਤੱਕ ਦੇਸ਼ ਨੂੰ ਵਿਕਸਿਤ ਭਾਰਤ ਬਣਾਇਆ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸੂਬੇ ਦੇ ਹਰ ਵਰਗ ਲਈ ਯੋਜਨਾਵਾਂ ਬਣਾਈਆਂ ਹਨ। ਇੰਨ੍ਹਾਂ ਯੋਜਨਾਵਾਂ ਨੂੰ ਘਰ-ਘਰ ਪਹੁੰਚਾਉਣ ਲਈ ਭਾਜਪਾ ਕਾਰਜਕਰਤਾ ਲਗਾਤਾਰ ਕੰਮ ਕਰ ਰਹੇ ਹਨ ਅਤੇ ਜਰੂਰਤਮੰਦਾਂ ਤੇ ਯੋਗਪਾਤਰਾਂ ਨੂੰ ਉਨ੍ਹਾਂ ਯੋਜਨਾਵਾਂ ਵਿੱਚ ਬਿਨੈ ਕਰਵਾ ਰਹੇ ਹਨ। ਉਨ੍ਹਾਂ ਨੈ ਕਿਹਾ ਕਿ ਮੁੱਖ ਮੰਤਰੀ ਨੇ ਚੋਣ ਦੌਰਾਨ ਮਹਿਲਾਵਾਂ ਨੂੰ ਕੀਤੇ ਵਾਅਦੇ ਨੂੰ ਪੂਰਾ ਕਰਦੇ ਹੋਏ ਦੀਨਦਿਆਲ ਲਾਡੋ ਲੱਛਮੀ ਯੋਜਨਾ ਨੂੰ ਲਾਗੂ ਕੀਤਾ ਅਤੇ ਇਸ ਯੋਜਨਾ ਦੀ ਪੰਚ ਕਿਸਤਾਂ ਨੂੰ ਮਹਿਲਾਵਾਂ ਦੇ ਖਾਤਿਆਂ ਵਿੱਚ ਪਹੁੰਚਾਇਆ ਜਾ ਚੁੱਕਾ ਹੈ।

## ਚੰਡੀਗੜ੍ਹ ਪ੍ਰਸਾਸ਼ਨ ਨੇ ਮੰਗਿਆ ਪ੍ਰਤੀਨਿਯੁਕਤੀ ਤਹਿਤ ਐਚਸੀਐਸ ਅਧਿਕਾਰੀ ਦਾ ਪੈਨਲ

**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਚੰਡੀਗੜ੍ਹ ਪ੍ਰਸ਼ਾਸ਼ਨ ਵਿੱਚ ਪ੍ਰਤੀਨਿਯੁਕਤੀ ’ਤੇ ਕੰਮ ਕਰਨ ਦੇ ਇਛੁੱਕ ਹਰਿਆਣਾ ਸਿਵਲ ਸੇਵਾ (ਕਾਰਜਕਾਰੀ ਬ੍ਰਾਂਚ) ਦੇ ਅਧਿਕਾਰੀਆਂ ਤੋਂ ਸਹਿਮਤੀ ਮੰਗੀ ਹੈ।

ਮੁੱਖ ਮੰਤਰੀ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਇੱਕ ਪੱਤਰ ਜਾਰੀ ਕੀਤਾ ਗਿਆ ਹੈ।

ਜਾਰੀ ਪੱਤਰ ਅਨੁਸਾਰ ਚੰਡੀਗੜ੍ਹ ਪ੍ਰਸਾਸ਼ਨ ਨੇ ਹਰਿਆਣਾ ਸਰਕਾਰ ਤੋਂ ਐਚਸੀਐਸ (ਕਾਰਜਕਾਰੀ ਬ੍ਰਾਂਚ) ਦੇ ਅਜਿਹੇ ਅਧਿਕਾਰੀਆਂ ਦਾ ਪੈਨਲ ਭੇਜਣ ਦੀ ਅਪੀਲ ਕੀਤੀ ਹੈ, ਜਿਨ੍ਹਾਂ ਦੀ ਸੇਵਾ ਵਿੱਚ ਘੱਟ ਤੋਂ ਘੱਟ ਪੰਜ ਸਾਲ ਦੀ ਸਿਨਓਰਿਟੀ ਹੋਵੇ ਅਤੇ ਜੋ ਚੰਡੀਗੜ੍ਹ ਪ੍ਰਸਾਸ਼ਨ ਵਿੱਚ ਪ੍ਰਤੀਨਿਯੁਕਤੀ ’ਤੇ ਕੰਮ ਕਰਨ ਦੇ ਇਛੁੱਕ ਹੋਣ।

ਇਸ ਸਬੰਧ ਵਿੱਚ ਸੂਬਾ ਸਰਕਾਰ ਵੱਲੋਂ ਉਪਯੁਕਤ ਸਿਨਓਰਿਟੀ ਵਾਲੇ ਤਿੰਨ ਐਚਸੀਐਸ ਅਧਿਕਾਰੀਟਾ ਦਾ ਪੈਨਲ ਤਿਆਰ ਕੀਤਾ ਜਾਣਾ ਹੈ। ਇਸ ਦੇ ਲਈ ਸਬੰਧਿਤ ਅਧਿਕਾਰੀਆਂ ਤੋਂ ਆਪਣੀ ਸਹਿਮਤੀ ਭੇਜਣ ਨੂੰ ਕਿਹਾ ਗਿਆ ਹੈ।

ਇਛੁੱਕ ਅਧਿਕਾਰੀ ਪੱਤਰ ਜਾਰੀ ਹੋਣ ਦੀ ਮਿੱਤੀ ਤੋਂ 10 ਕੰਮ ਦਿਨਾਂ ਦੇ ਅੰਦਰ ਆਪਣੀ ਸਹਿਮਤੀ ਵਿਭਾਗ ਨੂੰ ਈ-ਮੇਲ supservicesB.cso@hry.gov.in ਰਾਹੀਂ ਭੇਜ ਸਕਦੇ ਹਨ।

## ਮੰਡੀਆਂ ’ਚ ਕਿਸਾਨ ਸ਼ਿਕਾਇਤ ਨਿਵਾਰਨ ਕੇਂਦਰ ਬਣਾਏ




**ਯਮੁਨਾਨਗਰ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਨੈਲੋ ਸੁਪਰੀਮੋ ਚੌਧਰੀ ਅਭੈ ਸਿੰਘ ਚੌਟਾਲਾ ਦੇ ਨਿਰਦੇਸ਼ਾਂ ’ਤੇ ਸੂਬੇ ਭਰ ਦੀਆਂ ਅਨਾਜ ਮੰਡੀਆਂ ਵਿੱਚ ‘ਕਿਸਾਨ ਸ਼ਿਕਾਇਤ ਨਿਵਾਰਨ ਕੇਂਦਰ’ ਸਥਾਪਤ ਕੀਤੇ ਗਏ ਹਨ। ਇਨ੍ਹਾਂ ਕੇਂਦਰਾਂ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਫ਼ਸਲ ਵੇਚਣ ਆਏ ਕਿਸਾਨਾਂ ਨੂੰ ਆਪਣੀਆਂ ਜਾਇਜ਼ ਮੰਗਾਂ ਜਾਂ ਸਮੱਸਿਆਵਾਂ ਲਈ ਦਰ-ਦਰ ਦੀਆਂ ਠੋਕਰਾਂ ਨਾ ਖਾਣੀਆਂ ਪੈਣ।ਇਨ੍ਹਾਂ ਨਿਵਾਰਨ ਕੇਂਦਰਾਂ ਰਾਹੀਂ ਕਿਸਾਨ ਆਪਣੀ ਫ਼ਸਲ ਦੇ ਤੋਲ ਵਿੱਚ ਗੜਬੜੀ, ਅਦਾਇਗੀ ਵਿੱਚ ਦੇਰੀ, ਆੜ੍ਹਤੀਆਂ ਨਾਲ ਸਬੰਧਤ ਮੁੱਦਿਆਂ ਜਾਂ ਮੰਡੀ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਊਣਤਾਈ ਬਾਰੇ ਸਿੱਧੇ ਤੌਰ ’ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਣਗੇ। ਇਨੈਲੋ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਕੇਂਦਰਾਂ ਰਾਹੀਂ ਕਿਸਾਨਾਂ ਦੀਆਂ ਸ਼ਿਕਾਇਤਾਂ ਦਾ ਮੌਕੇ ’ਤੇ ਹੀ ਤੁਰੰਤ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਜਾਵੇਗੀ।ਇਸੇ ਲੜੀ ਤਹਿਤ ਯਮੁਨਾਨਗਰ ਜ਼ਿਲ੍ਹੇ ਦੀਆਂ ਸੱਤ ਪ੍ਰਮੁੱਖ ਅਨਾਜ ਮੰਡੀਆਂ ਵਿੱਚ ਵੀ ਇਹ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ। ਇਸ ਪਹਿਲਕਦਮੀ ਦਾ ਸਵਾਗਤ ਕਰਨ ਲਈ ਅੱਜ ਵੱਡੀ ਗਿਣਤੀ ਵਿੱਚ ਇਨੈਲੋ ਕਿਸਾਨ ਆਗੂ ਯਮੁਨਾਨਗਰ ਦੀ ਅਨਾਜ ਮੰਡੀ ਵਿੱਚ ਇਕੱਠੇ ਹੋਏ। ਕਿਸਾਨ ਆਗੂਆਂ ਨੇ ਚੌਧਰੀ ਅਭੈ ਸਿੰਘ ਚੌਟਾਲਾ ਦੇ ਇਸ ਕਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਕਿਸਾਨੀ ਹਿੱਤਾਂ ਲਈ ਮੋਹਰੀ ਹੋ ਕੇ ਲੜਦੇ ਰਹੇ ਹਨ। ਆਗੂਆਂ ਨੇ ਦੱਸਿਆ ਕਿ ਮੰਡੀ ਵਿੱਚ ਸੀਜ਼ਨ ਦੌਰਾਨ ਕਿਸਾਨ ਅਕਸਰ ਬੇਵੱਸ ਮਹਿਸੂਸ ਕਰਦਾ ਹੈ, ਪਰ ਇਹ ਕੇਂਦਰ ਕਿਸਾਨ ਭਾਈਚਾਰੇ ਲਈ ਇੱਕ ਵੱਡਾ ਵਰਦਾਨ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਇਸ ਮਜ਼ਬੂਤ ਯਤਨ ਨਾਲ ਨਾ ਸਿਰਫ਼ ਕਿਸਾਨਾਂ ਦੀ ਲੁੱਟ-ਖਸੁੱਟ ਬੰਦ ਹੋਵੇਗੀ, ਸਗੋਂ ਉਨ੍ਹਾਂ ਨੂੰ ਮਾਨਸਿਕ ਰਾਹਤ ਵੀ ਮਿਲੇਗੀ।

## ਗੈਸ ਤੇ ਪੈਟਰੋਲ-ਡੀਜ਼ਲ ਦੀ ਕੋਈ ਕਮੀ ਨਹੀਂ: ਸੁਨੀਲ ਇੰਦੌਰਾ

**ਰਤੀਆ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਕ ਅਤੇ ਸੂਬੇ ਵਿੱਚ ਗੈਸ ਸਿਲੰਡਰਾਂ ਅਤੇ ਪੈਟਰੋਲ-ਡੀਜ਼ਲ ਦੀ ਕੋਈ ਕਮੀ ਨਹੀਂ ਹੈ, ਇਸ ਲਈ ਲੋਕ ਅਫ਼ਵਾਹਾਂ ਵੱਲ ਧਿਆਨ ਨਾ ਦੇਣ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਹਰ ਵੇਲੇ ਜਨਤਾ ਦੇ ਹਿੱਤਾਂ ਦੀ ਰਾਖੀ ਲਈ ਤਤਪਰ ਹਨ। ਇਹ ਦਾਅਵਾ ਭਾਜਪਾ ਦੀ ਜ਼ਿਲ੍ਹਾ ਕਾਰਜਕਾਰਨੀ ਦੇ ਮੈਂਬਰ ਅਤੇ ਧਾਨਕ ਸਮਾਜ ਉਥਾਨ ਸਭਾ ਹਰਿਆਣਾ ਦੇ ਸੂਬਾ ਪ੍ਰਧਾਨ ਸੁਨੀਲ ਇੰਦੌਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਮੁਲਕ ਅਤੇ ਸੂਬੇ ਕੋਲ ਤੇਲ ਅਤੇ ਗੈਸ ਦਾ ਲੋੜੀਂਦਾ ਭੰਡਾਰ ਮੌਜੂਦ ਹੈ। ਲੋਕਾਂ ਨੂੰ ਕਾਂਗਰਸ ਅਤੇ ਵਿਰੋਧੀ ਧਿਰਾਂ ਵੱਲੋਂ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ’ਤੇ ਯਕੀਨ ਨਹੀਂ ਕਰਨਾ ਚਾਹੀਦਾ ਅਤੇ ਲੋੜ ਤੋਂ ਵੱਧ ਤੇਲ ਜਾਂ ਗੈਸ ਸਿਲੰਡਰਾਂ ਦੀ ਜਮ੍ਹਾਂਖੋਰੀ ਨਹੀਂ ਕਰਨੀ ਚਾਹੀਦੀ, ਤਾਂ ਜੋ ਸਪਲਾਈ ਵਿੱਚ ਕੋਈ ਵਿਘਨ ਨਾ ਪਵੇ। ਸੁਨੀਲ ਇੰਦੌਰਾ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜਮ੍ਹਾਂਖੋਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ, ਪੈਟਰੋਲ ਪੰਪਾਂ ਤੇ ਗੈਸ ਏਜੰਸੀਆਂ ਦੀ ਲਗਾਤਾਰ ਚੈਕਿੰਗ ਕਰਨ ਅਤੇ ਸਪਲਾਈ ਨੂੰ ਸੁਚਾਰੂ ਰੂਪ ਵਿੱਚ ਚਾਲੂ ਰੱਖਣ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਬਿਹਤਰ ਵਿਦੇਸ਼ ਨੀਤੀ ਕਾਰਨ ਭਾਰਤ ਦੀ ਤੇਲ ਅਤੇ ਗੈਸ ਸਪਲਾਈ ਵਿੱਚ ਕੋਈ ਰੁਕਾਵਟ ਨਹੀਂ ਆਈ ਹੈ।

## ਹਰਿਆਣਾ ਨੂੰ ਕਲਾਈਮੇਟ-ਅਨੁਕੂਲ ਬਨਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ

**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਜੰਗਲਾਤ ਅਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਹਰਿਆਣਾ ਨੂੰ ਕਲਾਈਮੇਟ-ਅਨੁਕੂਲ ਬਨਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਅਤੇ ਦੂਰਦਰਸ਼ੀ ਕਦਮ ਚੁੱਕ ਰਹੀ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੱਲੋਂ ਸਾਲ 20226-27 ਦੇ ਬਜਟ ਭਾਸ਼ਨ ਵਿੱਚ 100 ਕਰੋੜ ਰੁਪਏ ਦੇ ਸੀਡ ਪ੍ਰਾਵਧਾਨ ਦੇ ਨਾਲ ਹਰਿਆਣਾ ਗ੍ਰੀਨ ਕਲਾਈਮੇਟ ਰੇਜਿਲਇਏਂਟ ਫੰਡ ਦੀ ਸਥਾਪਨਾ ਦਾ ਪ੍ਰਸਤਾਵ ਰੱਖਿਆ ਗਿਆ ਹੈ।

ਕੌਮੀ ਪੱਤ੍ਰਿਕਾ

# ਪੰਜਾਬ ਦੇ ਲੋਕ ਕਾਂਗਰਸ, ਭਾਜਪਾ ਅਤੇ ਅਕਾਲੀਆਂ ਵੱਲੋਂ ਕੀਤੇ ਗਏ ਵਿਸ਼ਵਾਸਘਾਤ ਕਾਰਨ 2027 ਵਿੱਚ ਇਨ੍ਹਾਂ ਦਾ ਮੁਕੰਮਲ ਸਫਾਇਆ ਕਰ ਦੇਣਗੇ: ਮੁੱਖ ਮੰਤਰੀ

## ➢ ਲੁੱਟ, ਝੂਠ ਅਤੇ ਵਿਸ਼ਵਾਸਘਾਤ ਦੇ ਆਧਾਰ 'ਤੇ ਬਣੀਆਂ ਇਹ ਰਵਾਇਤੀ ਪਾਰਟੀਆਂ ਦਾ ਪੰਜਾਬ ਵਿੱਚ ਕੋਈ ਭਵਿੱਖ ਨਹੀਂ ਹੈ ➢ ਪੰਜਾਬ ਦੀ ਪਿੱਠ ਵਿੱਚ ਵਾਰ-ਵਾਰ ਛੁਰਾ ਮਾਰਨ ਵਾਲਿਆਂ ਨੂੰ 2027 ਵਿੱਚ ਦੁਬਾਰਾ ਸਜ਼ਾ ਦਿੱਤੀ ਜਾਵੇਗੀ

**ਫਾਜ਼ਿਲਕਾ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬੇ ਦੇ ਲੋਕਾਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦਾ ਮੁਕੰਮਲ ਸਫਾਇਆ ਕਰਨ ਦਾ ਸੰਕਲਪ ਲਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਵੱਲੋਂ ਦਹਾਕਿਆਂ ਦੀ ਲੁੱਟ, ਝੂਠ ਅਤੇ ਵਿਸ਼ਵਾਸਘਾਤ ਨੂੰ ਨਿਰਣਾਇਕ ਤੌਰ 'ਤੇ ਦਰਕਿਨਾਰ ਕੀਤਾ ਜਾਵੇਗਾ ਕਿਉਂਕਿ ਸੂਬਾ ਹੁਣ ਪੂਰੀ ਤਰ੍ਹਾਂ ਆਮ ਆਦਮੀ ਪਾਰਟੀ (ਆਪ) ਦੇ ਇਮਾਨਦਾਰ ਸ਼ਾਸਨ ਅਤੇ ਲੋਕ ਪੱਖੀ ਵਿਕਾਸ ਵੱਲ ਮਜ਼ਬੂਤੀ ਨਾਲ ਵੱਧ ਰਿਹਾ ਹੈ।

ਇੱਥੇ 283.99 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ ਅਤੇ ਉਦਘਾਟਨ ਉਪਰੰਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਰਵਾਇਤੀ ਪਾਰਟੀਆਂ ਦਾ ਪੰਜਾਬ ਵਿੱਚ ਕੋਈ ਭਵਿੱਖ ਨਹੀਂ ਹੈ, ਜਿਨ੍ਹਾਂ ਨੇ ਵਾਰ-ਵਾਰ ਪੰਜਾਬ ਨਾਲ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਸਿੱਖਿਆ, ਸਿਹਤ ਸੰਭਾਲ, ਨੌਕਰੀਆਂ ਅਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਵਿਆਪਕ ਕਦਮ ਚੱਕੇ ਜਾ ਰਹੇ ਹਨ ਅਤੇ ਸੂਬਾ ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਲੋਕਾਂ ਦਾ ਇੱਕ-ਇੱਕ ਪੈਸਾ ਸਿਆਸੀ ਪਰਿਵਾਰਾਂ ਦੇ ਨਿੱਜੀ ਹਿੱਤਾਂ ਦੀ ਬਜਾਇ ਲੋਕਾਂ ਦੀ ਭਲਾਈ 'ਤੇ ਹੀ ਖਰਚ ਕੀਤਾ ਜਾਵੇ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਖੋਖਲੇ ਵਾਅਦਿਆਂ ਨਾਲ ਲੋਕਾਂ ਨੂੰ ਗੁੰਮਰਾਹ ਕਰਦੀਆਂ ਰਹਿੰਦੀਆਂ ਹਨ ਪਰ ਪੰਜਾਬੀ ਹੁਣ ਉਨ੍ਹਾਂ ਦੇ 'ਸ਼ੱਕੀ ਕਿਰਦਾਰ' ਤੋਂ ਪੂਰੀ ਤਰ੍ਹਾਂ ਜਾਣੂ ਹਨ ਅਤੇ ਇੱਕ ਵਾਰ ਫਿਰ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾਉਣਗੇ। ਉਨ੍ਹਾਂ ਕਿਹਾ, ਪੰਜਾਬ ਦੇ ਲੋਕ 2027 ਵਿੱਚ ਕਾਂਗਰਸ, ਭਾਜਪਾ ਅਤੇ ਅਕਾਲੀਆਂ ਨੂੰ ਸਿਆਸਤ ਤੋਂ ਪੂਰੀ ਤਰ੍ਹਾਂ ਬਾਹਰ ਸੁੱਟ ਦੇਣਗੇ। ਇਹ ਪਾਰਟੀਆਂ ਲੋਕਾਂ ਨੂੰ ਗੁੰਮਰਾਹ ਕਰਨ ਲਈ ਹਵਾ ਵਿੱਚ ਕਿਲ੍ਹੇ ਬਣਾ ਰਹੀਆਂ ਹਨ ਪਰ ਪੰਜਾਬੀ ਹੁਣ ਉਨ੍ਹਾਂ ਦੇ ਝਾਂਸੇ ਵਿੱਚ ਨਹੀਂ ਆਉਣਗੇ ਕਿਉਂਕਿ ਉਹ ਉਨ੍ਹਾਂ ਦੀਆਂ ਚਾਲਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ।

ਉਨ੍ਹਾਂ ਕਿਹਾ, ਲੋਕ ਇਨ੍ਹਾਂ ਪਾਰਟੀਆਂ ਨੂੰ ਉਨ੍ਹਾਂ ਦੇ ਪਾਪਾਂ ਲਈ ਕਦੇ ਮੁਆਫ਼ ਨਹੀਂ ਕਰਨਗੇ ਅਤੇ ਉਨ੍ਹਾਂ ਨੂੰ ਦੁਬਾਰਾ ਢੁਕਵਾਂ ਸਬਕ ਸਿਖਾਉਣਗੇ। ਲੋਕਾਂ ਨੇ ਉਨ੍ਹਾਂ ਨੂੰ ਵਾਰ-ਵਾਰ ਚੁਣਿਆ ਪਰ ਉਹ ਹਰ ਵਾਰ ਗੱਦਾਰ ਸਾਬਤ ਹੋਏ ਅਤੇ ਉਨ੍ਹਾਂ ਨੇ ਹਮੇਸ਼ਾ ਪੰਜਾਬ ਅਤੇ ਇਸ ਦੇ ਲੋਕਾਂ ਨਾਲ ਵਿਸ਼ਵਾਸ਼ਘਾਤ ਕੀਤਾ।

ਉਨ੍ਹਾਂ ਕਿਹਾ, ਰਵਾਇਤੀ ਰਾਜਨੀਤਿਕ ਪਾਰਟੀਆਂ ਨੂੰ ਗੱਲ ਹਜ਼ਮ ਨਹੀਂ ਹੋ ਰਹੀ ਕਿ ਇੱਕ ਆਮ ਆਦਮੀ ਦਾ ਪੁੱਤਰ ਸੂਬੇ ਦੀ ਸੱਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾ ਰਿਹਾ ਹੈ। ਇਹਨਾਂ ਪਾਰਟੀਆਂ ਦੇ ਲੋਕ ਵਿਰੋਧੀ ਅਤੇ ਪੰਜਾਬ ਵਿਰੋਧੀ ਰੁਖ਼ ਕਾਰਨ ਲੋਕਾਂ ਦਾ ਇਨ੍ਹਾਂ ਤੋਂ ਵਿਸ਼ਵਾਸ ਉੱਠ ਗਿਆ ਹੈ। ਪਹਿਲਾਂ ਦੇ ਸ਼ਾਸਕ ਪੰਜਾਬ ਅਤੇ ਪੰਜਾਬੀਆਂ ਨਾਲੋਂ ਆਪਣੇ ਪਰਿਵਾਰਾਂ ਦੀ ਜ਼ਿਆਦਾ ਚਿੰਤਾ ਕਰਦੇ ਸਨ, ਜਿਸ ਕਾਰਨ ਲੋਕਾਂ ਨੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਾਰਟੀਆਂ ਸਿਰਫ਼ ਸੂਬੇ ਦੀ ਦੌਲਤ ਲੁੱਟਣ ਲਈ ਸੱਤਾ ਦੀ ਤਾਂਘ ਰੱਖਦੀਆਂ ਹਨ। ਉਨ੍ਹਾਂ ਕਿਹਾ, ਉਹ ਸਿਰਫ਼ ਪੰਜਾਬ ਨੂੰ ਲੁੱਟਣ ਲਈ ਸੱਤਾ ਵਿੱਚ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਨੂੰ ਕਦੇ ਵੀ ਸੂਬੇ ਜਾਂ ਇਸ ਦੇ ਲੋਕਾਂ ਦੀ ਚਿੰਤਾ ਨਹੀਂ ਹੈ। ਉਨ੍ਹਾਂ ਦਾ ਇੱਕੋ ਇੱਕ ਉਦੇਸ਼ ਸਰਕਾਰੀ ਮਸ਼ੀਨਰੀ



ਦੀ ਦੁਰਵਰਤੋਂ ਕਰ ਕੇ ਸੱਤਾ ਦੀ ਆਪਣੀ ਲਾਲਸਾ ਨੂੰ ਪੂਰਾ ਕਰਨਾ ਹੈ। ਇਸ ਸਟੇਜ ਤੋਂ ਅਸੀਂ ਸਿੱਖਿਆ, ਸਿਹਤ, ਬਿਜਲੀ ਅਤੇ ਖੇਤੀਬਾੜੀ ਬਾਰੇ ਗੱਲ ਕਰਦੇ ਹਾਂ ਪਰ ਉਹ ਹਮੇਸ਼ਾ ਸਟੇਜ ਤੋਂ ਸੱਤਾ ਹਾਸਲ ਕਰਨ ਬਾਰੇ ਹੀ ਗੱਲ ਕਰਦੇ ਹਨ।

ਜਨਤਾ ਦਰਮਿਆਨ ਵਿਰੋਧੀ ਆਗੂਆਂ ਦਾ ਵਿਸ਼ਵਾਸ ਖਤਮ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, ਇਹ ਮੌਕਾਪ੍ਰਸਤ ਆਗੂ ਹੈਰਾਨ ਹਨ ਕਿਉਂਕਿ ਉਨ੍ਹਾਂ ਨੂੰ ਲੋਕਾਂ ਵੱਲੋਂ ਕੋਈ ਹੁੰਗਾਰਾ ਨਹੀਂ ਮਿਲ ਰਿਹਾ। ਉਨ੍ਹਾਂ ਦਾ ਏਜੰਡਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਤੱਕ ਹੀ ਸੀਮਤ ਹੈ। ਉਨ੍ਹਾਂ ਨੇ ਸਾਲਾਂ ਤੱਕ ਰਾਜ ਕੀਤਾ ਪਰ ਅਯੋਗਤਾ ਅਤੇ ਕੁਸ਼ਾਸਨ ਕਾਰਨ ਲੋਕਾਂ ਨੇ 'ਆਪ' ਨੂੰ ਚੁਣਿਆ ਜੋ ਉਨ੍ਹਾਂ ਲਈ ਅਣਥੱਕ ਮਿਹਨਤ ਕਰ ਰਹੀ ਹੈ। ਇਹ ਪਾਰਟੀਆਂ ਕਦੇ ਵੀ ਪੰਜਾਬ ਪ੍ਰਤੀ ਵਫ਼ਾਦਾਰ ਨਹੀਂ ਰਹੀਆਂ ਉਹ ਈਰਖਾ ਕਰਦੇ ਹਨ ਕਿਉਂਕਿ 'ਆਪ' ਨੇ ਆਮ ਲੋਕਾਂ ਦੀ ਭਲਾਈ ਦਾ ਏਜੰਡਾ ਅਪਣਾਇਆ ਹੈ।

ਅਕਾਲੀ ਲੀਡਰਸ਼ਿਪ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ, ਇਹ ਪਾਰਟੀਆਂ ਸੂਬੇ ਨੂੰ ਲੁੱਟਣ ਲਈ ਆਪਣੀ ਵਾਰੀ ਦੀ ਉਡੀਕ ਕਰਦੀਆਂ ਸਨ। ਸੁਖਬੀਰ ਬਾਦਲ ਜਨਤਾ ਵਿੱਚ ਆਪਣਾ ਅਧਾਰ ਗੁਆ ਚੁੱਕਾ ਹੈ ਅਤੇ ਭਾੜੇ ਦੇ ਵਰਕਰਾਂ ਨਾਲ ਰੈਲੀਆਂ ਵਿੱਚ ਭੀੜ ਦਿਖਾ ਰਹੇ ਹਨ। ਹਰ ਰੈਲੀ ਵਿੱਚ ਉਹੀ ਲੋਕ ਦਿਖਾਈ ਦੇ ਰਹੇ ਹਨ। ਉਹ ਸਰਕਾਰ ਦੇ ਬੇਮਿਸਾਲ ਕੰਮਾਂ ਕਾਰਨ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ, ਜਿਸ ਕਾਰਨ ਉਹ ਡਾਇਨਾਸੌਰਾਂ ਦੀ ਵਾਪਸੀ ਵਰਗੇ ਤਰਕਹੀਣ ਬਿਆਨ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਨਿਰਾਸ਼ਾ ਨੂੰ ਦਰਸਾਉਂਦੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਅਜਿਹੇ ਬਿਆਨਾਂ ਦੇ ਆਧਾਰ 'ਤੇ ਉਹ ਸੱਤਾ ਵਿੱਚ ਵਾਪਸ ਆਉਣ ਦੇ ਦਿਨ-ਰਾਤ ਸੁਪਨੇ ਦੇਖ ਰਹੇ ਹਨ, ਪਰ ਇਹ ਕਦੇ ਸੰਭਵ ਨਹੀਂ ਹੋ ਸਕਦਾ। ਇਹ ਆਗੂ ਸਵੇਰ ਤੋਂ ਹੀ ਮੇਰੇ ਵਿਰੁੱਧ ਬੋਲਣਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਮੈਂ ਲੋਕਾਂ ਸਾਹਮਣੇ ਉਨ੍ਹਾਂ ਦੀ ਅਸਲੀਅਤ ਨੂੰ ਉਜਾਗਰ ਕੀਤਾ ਹੈ। ਕਾਂਗਰਸ ਅਤੇ ਅਕਾਲੀਆਂ ਦੇ ਨਾਮ ਇੰਨੇ ਬਦਨਾਮ ਹੋ ਗਏ ਹਨ ਕਿ ਜੇ ਉਨ੍ਹਾਂ ਦਾ ਨਾਮ ਦਰੱਖਤ 'ਤੇ ਵੀ ਲਿਖਿਆ ਜਾਵੇ ਤਾਂ ਉਹ ਸੁੱਕ ਜਾਵੇਗਾ। ਇਸ ਲਈ ਲੋਕਾਂ ਨੂੰ ਉਨ੍ਹਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।

'ਆਪ' ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਬਹੁਤ ਬੇਰਹਿਮੀ ਨਾਲ ਲੁੱਟਿਆ ਹੈ ਅਤੇ ਇਸ ਲਈ ਉਨ੍ਹਾਂ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾਵੇਗਾ। ਇਸ ਤੋਂ ਉਲਟ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਇੱਕ-ਇੱਕ ਪੈਸੇ ਦੀ ਸਮਝਦਾਰੀ ਨਾਲ ਵਰਤੋਂ ਕਰ ਰਹੀ ਹੈ। ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਉਣ ਲਈ 3100 ਖੇਡ ਮੈਦਾਨ ਤਿਆਰ ਕਰਨ ਲਈ 190 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।

ਸਿਹਤ ਸੰਭਾਲ ਪਹਿਲਕਦਮੀਆਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ, ਮੁੱਖ ਮੰਤਰੀ ਸਿਹਤ ਯੋਜਨਾ ਤਹਿਤ, 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। ਹਰ ਪਰਿਵਾਰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦਾ ਹੱਕਦਾਰ ਹੈ। 31 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਕਾਰਡ ਮਿਲੇ ਹਨ ਅਤੇ 1.65 ਲੱਖ ਲੋਕਾਂ ਨੇ ਮੁਫ਼ਤ ਇਲਾਜ ਦਾ ਲਾਭ ਉਠਾਇਆ ਹੈ। ਲੋਕਾਂ ਨੂੰ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

ਖੇਤੀਬਾੜੀ ਅਤੇ ਬਿਜਲੀ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪਹਿਲੀ ਵਾਰ, ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਟਿਊਬਵੈੱਲਾਂ ਲਈ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਮਿਲੀ ਹੈ। ਹੁਣ ਦਿਨ ਵੇਲੇ ਵੀ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ, ਜਿਸ ਨਾਲ ਕਿਸਾਨਾਂ ਦੇ ਜੀਵਨ ਵਿੱਚ ਪ੍ਰਭਾਵੀ ਤਬਦੀਲੀ ਦੇਖਣ ਨੂੰ ਮਿਲੀ ਹੈ। ਸੂਬਾ ਵਾਸੀਆਂ ਦਾ ਇੱਕ-ਇੱਕ ਪੈਸਾ ਲੋਕਾਂ ਦੀ ਭਲਾਈ ਲਈ ਖਰਚ ਕੀਤਾ ਜਾ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਸਾਰੇ ਖੇਤਰਾਂ ਵਿੱਚ ਢਾਂਚਾਗਤ ਤਬਦੀਲੀ ਲਿਆਂਦੀ ਹੈ। ਲੋਕਾਂ ਦੇ ਟੈਕਸ ਦਾ ਪੈਸਾ ਉਨ੍ਹਾਂ ਦਾ ਆਪਣਾ ਹੈ ਅਤੇ ਇਹ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਵਿਕਾਸ 'ਤੇ ਖਰਚ ਕੀਤਾ ਜਾ ਰਿਹਾ ਹੈ। 90 ਫ਼ੀਸਦ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, 65,000 ਤੋਂ ਵੱਧ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਤੋਂ ਬਿਨਾਂ ਨੌਕਰੀਆਂ ਮਿਲੀਆਂ ਹਨ, ਸੜਕਾਂ ਵਿੱਚ ਸੁਧਾਰ ਹੋਇਆ ਹੈ, ਟੋਲ ਪਲਾਜ਼ਾ ਬੰਦ ਕੀਤੇ ਗਏ ਹਨ, ਜਿਸ ਨਾਲ ਰੋਜ਼ਾਨਾ 70 ਲੱਖ ਰੁਪਏ ਦੀ ਬੱਚਤ ਹੋਈ ਹੈ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।

ਸਿੰਚਾਈ ਸੁਧਾਰਾਂ ਬਾਰੇ ਉਨ੍ਹਾਂ ਕਿਹਾ, ਜਦੋਂ ਅਸੀਂ ਸੱਤਾ ਸੰਭਾਲੀ ਸੀ ਤਾਂ ਸਿਰਫ਼ 21 ਫ਼ੀਸਦ ਨਹਿਰੀ ਪਾਣੀ ਸਿੰਚਾਈ ਲਈ ਵਰਤਿਆ ਜਾ ਰਿਹਾ ਸੀ। ਅੱਜ ਇਹ 68 ਫ਼ੀਸਦ ਹੋ ਗਿਆ ਹੈ ਅਤੇ ਅਗਲੇ ਝੋਨੇ ਦੇ ਸੀਜ਼ਨ ਤੱਕ 85 ਫ਼ੀਸਦ ਤੱਕ ਪਹੁੰਚ ਜਾਵੇਗਾ। ਨਹਿਰਾਂ ਨੂੰ ਸੁਰਜੀਤ ਕਰਨ ਲਈ 6,500 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ ਪਹਿਲੀ ਵਾਰ 1444 ਪਿੰਡ ਨਹਿਰੀ ਪਾਣੀ ਪ੍ਰਾਪਤ ਕਰ ਰਹੇ ਹਨ।

ਸਮਾਜ ਭਲਾਈ ਬਾਰੇ ਬੋਲਦਿਆਂ ਉਨ੍ਹਾਂ ਕਿਹਾ, 18 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਨਕਦ ਲਾਭ ਦੇਣ ਲਈ ਯੋਜਨਾ ਸ਼ੁਰੂ ਕੀਤੀ ਗਈ ਹੈ। ਟੈਕਸਦਾਤਾਵਾਂ ਦਾ ਪੈਸਾ ਭਲਾਈ ਅਤੇ ਵਿਕਾਸ ਸਕੀਮਾਂ ਰਾਹੀਂ ਲੋਕਾਂ ਨੂੰ ਵਾਪਸ ਕੀਤਾ ਜਾ ਰਿਹਾ ਹੈ। ਸਾਰੀਆਂ ਗਰੰਟੀਆਂ ਪੂਰੀਆਂ ਹੋ ਗਈਆਂ ਹਨ ਅਤੇ ਹੋਰ ਤਰੱਕੀ ਲਈ ਯਤਨ ਜਾਰੀ ਰਹਿਣਗੇ।

ਸਿੱਖਿਆ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਨੇ ਨੈਸ਼ਨਲ ਅਚੀਵਮੈਂਟ ਸਰਵੇ 2024 ਵਿੱਚ ਕੇਰਲ ਨੂੰ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। 740 ਵਿਦਿਆਰਥੀਆਂ ਨੇ ਜੇ.ਈ.ਈ. ਅਤੇ 1284 ਵਿਦਿਆਰਥੀਆਂ ਨੇ ਨੀਟ ਦੀ ਪ੍ਰੀਖਿਆ ਪਾਸ ਕੀਤੀ ਹੈ। 118 ਸਕੂਲ ਆਫ਼ ਐਮੀਨੈਂਸ ਸਥਾਪਤ ਕੀਤੇ ਜਾ ਰਹੇ ਹਨ, ਜਦੋਂ ਕਿ 60 ਪਹਿਲਾਂ ਹੀ ਕਾਰਜਸ਼ੀਲ ਹਨ। ਪਹਿਲੀ ਵਾਰ 24 ਲੱਖ ਮਾਪਿਆਂ ਨੇ ਮੈਗਾ ਪੀ.ਟੀ.ਐਮ. ਵਿੱਚ ਹਿੱਸਾ ਲਿਆ।

ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਮੈਡੀਕਲ ਅਤੇ ਨਾਨ-ਮੈਡੀਕਲ ਸਮੇਤ ਸਾਰੇ ਵਿਸ਼ੇ ਉਪਲਬਧ ਹਨ। ਹਥਿਆਰਬੰਦ ਸੈਨਾਵਾਂ, ਨੀਟ, ਜੇ.ਈ.ਈ. ਅਤੇ ਸੀ.ਐਲ.ਏ.ਟੀ. ਲਈ ਵੀ ਕੋਚਿੰਗ ਪ੍ਰਦਾਨ ਕੀਤੀ ਜਾ ਰਹੀ ਹੈ। ਸਿੱਖਿਆ ਸਮਾਜ ਦੀਆਂ ਸਮੱਸਿਆਵਾਂ ਦਾ ਹੱਲ ਹੈ ਅਤੇ ਅਸੀਂ ਇਸ ਖੇਤਰ ਦੇ ਸੁਧਾਰ ਲਈ ਲਗਾਤਾਰ ਯਤਨਸ਼ੀਲ ਹਾਂ।

ਉਨ੍ਹਾਂ ਕਿਹਾ, ਸਿੱਖਿਆ ਵਿਕਾਸ ਦੀ ਕੁੰਜੀ ਹੈ। ਭਵਿੱਖ ਵਿੱਚ ਵਿਅਕਤੀ ਨੂੰ ਧਨ ਨਾਲ ਨਹੀਂ, ਸਗੋਂ ਬੱਚਿਆਂ ਦੀ ਸਿੱਖਿਆ ਨਾਲ ਅਮੀਰ ਮੰਨਿਆ ਜਾਵੇਗਾ। ਸਾਡੇ ਬੱਚੇ ਪ੍ਰਤਿਭਾਸ਼ਾਲੀ ਹਨ, ਉਨ੍ਹਾਂ ਕੋਲ ਸਿਰਫ਼ ਮੌਕਿਆਂ ਦੀ ਘਾਟ ਸੀ, ਜੋ ਅਸੀਂ ਹੁਣ ਪ੍ਰਦਾਨ ਕਰ ਰਹੇ ਹਾਂ।

ਉਨ੍ਹਾਂ ਇੱਕ ਨਿੱਜੀ ਉਦਾਹਰਣ ਦਿੰਦਿਆਂ ਕਿਹਾ ਕਿ ਸਾਲ 2008-09 ਵਿੱਚ, ਮੈਂ ਦੋਨਾਣਾ ਪਿੰਡ ਵਿੱਚ ਇੱਕ ਕੁੜੀ ਨੂੰ ਮਿਲਿਆ, ਜਿਸ ਨੇ ਪੰਜਵੀਂ ਜਮਾਤ ਵਿੱਚ ਸੂਬੇ ਭਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ, ਪਰ ਉਹ ਅਗਲੇਰੀ ਸਿੱਖਿਆ ਦਾ ਖਰਚਾ ਨਹੀਂ ਚੁੱਕ ਸਕੀ। ਮੈਂ ਉਸ ਲਈ ਸਪਾਂਸਰਸ਼ਿਪ ਦਾ ਪ੍ਰਬੰਧ ਕੀਤਾ। ਅੱਜ ਉਹ ਇੱਕ ਵੈਟਰਨਰੀ ਡਾਕਟਰ ਹੈ।

# ਜ਼ਿਲ੍ਹਾ ਮਾਲੇਰਕੋਟਲਾ 'ਚ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੀ ਹਾਈ ਕਮਾਂਡ ਵੱਲੋਂ 21 ਮੈਂਬਰੀ ਕਮੇਟੀ ਦਾ ਗਠਨ



**ਮਲੇਰਕੋਟਲਾ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲੀ ਦਲ ਵਾਰਿਸ ਪੰਜਾਬ ਦੇ ਜਿਲਾ ਪ ?ਧਾਨ ਜਥੇਦਾਰ ਬਲਜਿੰਦਰ ਸਿੰਘ ਲਸੋਈ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਜਿਲਾ ਮਾਲੇਰਕੋਟਲਾ 'ਚ ਆਪਣੀਆਂ ਸਰਗਰਮੀਆਂ ਤੇਜ ਕਰਦੇ ਹੋਏ 21ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਵਿੱਚ ਸਾਰੇ ਵਰਗਾਂ ਨੂੰ ਮਾਣ ਸਤਿਕਾਰ ਦਿੱਤਾ ਗਿਆ ਹੈ। ਜਿਲਾ ਮਲੇਰਕੋਟਲਾ ਦੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਸਾਹਿਬਾਨਾਂ ਨੂੰ ਦੱਸਿਆ ਜਾਂਦਾ ਹੈ ਕਿ ਜਿਲ੍ਹਾ ਮਲੇਰਕੋਟਲਾ ਪਾਰਟੀ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੇ ਅਹੁਦੇਦਾਰ ਨਿਯੁਕਤ ਕੀਤੇ ਜਾਂਦੇ ਹਨ,ਜਿਲਾ ਪ ?ਧਾਨ ਬਲਜਿੰਦਰ ਸਿੰਘ ਲਸੋਈ ,ਸੀਨੀਅਰ ਮੀਤ ਪ੍ਰਧਾਨ ਹਾਜੀ ਅਨਵਾਰ ਅਹਿਮਦ ਮਾਲੇਰਕੋਟਲਾ, ਰਾਜਵਿੰਦਰ ਸਿੰਘ ਦੱਲਣਵਾਲ ਮੀਤ ਪ੍ਰਧਾਨ,ਹਰਭਜਨ ਸਿੰਘ ਜੱਬੋਮਾਜਰਾ ਜਨਰਲ ਸਕੱਤਰ, ,ਸੁਖਵਿੰਦਰ ਸਿੰਘ ਚੁੱਪਕਾ, ਮੁਹੰਮਦ ਅਜ਼ਹਰ ਢੱਡੇਵਾੜੀ, ਗੁਰਪ੍ਰੀਤ ਸਿੰਘ ਲਸੋਈ (ਤਿੰਨੇ ਸਕੱਤਰ), ਹਰਪ੍ਰੀਤ ਸਿੰਘ ਭੁਰਥਲਾ ਮੰਡੇਰ ਖਜਾਨਚੀ,ਬੀਬੀ ਅੰਜੂਮ ਆਫਤਾਬ, ਰਾਜਵਿੰਦਰ ਸਿੰਘ ਮੰਡੀਆ ,ਯਾਦਵਿੰਦਰ ਸਿੰਘ ਛੋਕਰਾਂ,ਮੁਹੰਮਦ ਕਲੀਮ ਮਲੇਰਕੋਟਲਾ, ਕੁਲਵਿੰਦਰ ਸਿੰਘ ਹਿੰਮਤਾਣਾ,ਅਮਨਦੀਪ ਸਿੰਘ ਭੁਰਥਲਾ, ਮੁਹੰਮਦ ਮੁਸਤਾਕ ਮਾਣਕੀ, ਅਬਦੁਲ ਸ਼ਕੂਰ ਮਲੇਰਕੋਟਲਾ, ਅਰਸ਼ਦ ਅਨਸਾਰੀ , ਡਾਕਟਰ ਹਲੀਮ , ਗੁਰਦੀਪ ਸਿੰਘ, ਰਣਜੋਧ ਸਿੰਘ ਮੰਡੀਆਂ ,ਸੁਰਜੀਤ ਸਿੰਘ ਲਸੋਈ ਸਾਰੇ ਕਾਰਜ਼ਕਾਰੀ ਮੈਂਬਰ ਨਿਯੁਕਤ ਕੀਤੇ ਗਏ ਇਹ ਲਿਸਟ ਪ ?ਗਟ ਸਿੰਘ ਮੀਆਂਵਿੰਡ ਦਫਤਰ ਸਕੱਤਰ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਹਾਈ ਕਮਾਂਡ ਦੇ ਆਦੇਸ਼ਾਂ ਅਨੁਸਾਰ ਪ ?ਮਾਣਿਤ ਕਰ ਦਿੱਤੀ ਹੈ।ਇਸ ਮੌਕੇ ਜਿਲਾ ਪ ?ਧਾਨ ਬਲਜਿੰਦਰ ਸਿੰਘ ਲਸੋਈ ਨੇ ਦੱਸਿਆ ਕਿ ਪਾਰਟੀ ਹਾਈ ਕਮਾਂਡ ਨੇ ਪਿਛਲੀਆਂ ਸ਼ਹਿਰੀ ਤੇ ਦਿਹਾਤੀ ਪੰਜ-ਪੰਜ ਮੈਂਬਰੀ ਕਮੇਟੀਆਂ ਭੰਗ ਕਰ ਦਿੱਤੀਆਂ ਹਨ।

ਪਾਰਟੀ ਹਾਈ ਕਮਾਂਡ ਦੇ ਆਦੇਸ਼ਾਂ ਅਨੁਸਾਰ ਹੁਣ ਜ਼ਿਲਾ ਪ ?ਧਾਨ ਤੇ 21 ਮੈਂਬਰੀ ਕਮੇਟੀ ਹੀ ਅਗਲੇ ਪਾਰਟੀ ਦੇ ਪੋ ?ਗਰਾਮ ਉਲੀਕੇਗੀ ਅਤੇ ਪਾਰਟੀ ਦੀਆਂ ਗਤੀਵਿਧੀਆਂ ਨੂੰ ਲੋਕਾਂ ਵਿੱਚ ਲੈ ਕੇ ਜਾਵੇਗੀ,ਸ੍ ਲਸੋਈ ਨੇ ਕਿਹਾ ਕਿ ਜਿਲਾ ਮਾਲੇਰਕੋਟਲਾ, ਵਿੱਚ ਪਾਰਟੀ ਦੇ ਮੇਰੇ ਸਮੇਤ ਸਾਰੇ ਅਹੁਦੇਦਾਰ ਅਨੁਸ਼ਾਸਨ ਵਿੱਚ ਹੀ ਰਹਿ ਕੇ ਕੰਮ ਕਰਨਗੇ, ਪਾਰਟੀ ਦੇ ਅਨੁਸਾਸ਼ਨ ਤੋਂ ਬਾਹਰ ਕੋਈ ਵੀ ਨਹੀਂ ਜਾਵੇਗਾ,ਕਿਉਕਿ ਅਨੁਸਾਸ਼ਨ ਤੋਂ ਬਿਨਾਂ ਕੋਈ ਵੀ ਕੰਮ ਸਿਰੇ ਨਹੀਂ ਚੜਦਾ,ਇਸ ਕਰਕੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਨੌਜਵਾਨਾਂ ਭੈਣਾਂ ਭਰਾਵਾਂ ਦਾ ਪੂਰਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਬਣਦਾ ਮਾਣ ਸਤਿਕਾਰ ਕੀਤਾ ਜਾਵੇਗਾ ਪ ?ਧਾਨ ਲਸੋਈ ਨੇਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ 2027 ਦੀਆਂ ਚੋਣਾਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦਾ ਸਾਥ ਦਿਓ ਤਾਂ ਜੋ ਪੰਜਾਬ ਵਿੱਚ ਸਰਕਾਰ -ਏ- ਖਾਲਸਾ ਬਣਾ ਕੇ ਪੰਜਾਬ ਦੇ ਸਾਰੇ ਗੰਭੀਰ ਮਸਲਿਆਂ ਦਾ ਹੱਲ ਪਹਿਲ ਦੇ ਅਧਾਰ ਤੇ ਹੋ ਸਕੇ,ਅੰਤ ਵਿੱਚ ਲਸੋਈ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੇਤ ਕੁਰਾਨ ਸ਼ਰੀਫ, ਬਾਈਬਲ ਅਤੇ ਗੀਤਾ ਜੀ ਦੇ ਹੱਕ ਵਿੱਚ ਕਾਨੂੰਨ ਬਣਵਾ ਸਕੀਏ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾ ਸਕੀਏ ਅਤੇ ਸਮੂਹ ਬੰਦੀ ਸਿੰਘਾਂ ਨੂੰ ਰਿਹਾ ਕਰਵਾ ਸਕੀਏ ।

# ਪੰਜਾਬ ਬੀ.ਜੇ.ਪੀ. ਵੱਲੋਂ ਹਿਮਾਚਲ ਦੇ ਐਂਟਰੀ ਟੈਕਸ ਵਿਰੁੱਧ ਕੇਂਦਰ ਦੇ ਦਖਲ ਦੀ ਮੰਗ

## ਨਿਤਿਨ ਗਡਕਰੀ ਨੂੰ ਪੱਤਰ ਲਿਖ ਕੇ ਦਖਲ ਮੰਗਿਆ




**ਚੰਡੀਗੜ੍ਹ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਨੇ ਹਿਮਾਚਲ ਸਰਕਾਰ ਵੱਲੋਂ ਵਾਹਨਾਂ 'ਤੇ ਐਂਟਰੀ ਟੈਕਸ ਲਗਾਉਣ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਪਾਰਟੀ ਨੇ ਇਸ ਟੈਕਸ ਨੂੰ ਗੈਰ-ਕਾਨੂੰਨੀ ਅਤੇ ਜਨਤਾ 'ਤੇ ਵਾਧੂ ਬੋਝ ਦੱਸਦਿਆਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੂੰ ਚਿੱਠੀ ਲਿਖ ਕੇ ਦਖਲ ਦੇਣ ਦੀ ਅਪੀਲ ਕੀਤੀ ਹੈ ਤਾਂ ਜੋ ਇਸ ਟੈਕਸ ਨੂੰ ਵਾਪਸ ਲਿਆ ਜਾ ਸਕੇ। ਇਸ ਟੈਕਸ ਵਿੱਚ ਰਾਸ਼ਟਰੀ ਰਾਜਮਾਰਗਾਂ ਅਤੇ ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ (ਐੱਨ ਐੱਚ ਏ ਆਈ) ਵੱਲੋਂ ਬਣਾਈਆਂ ਗਈਆਂ ਸੜਕਾਂ ਉੱਤੇ ਚੱਲਣ ਵਾਲੇ ਵਾਹਨ ਵੀ ਸ਼ਾਮਲ ਹਨ।

ਕੇਂਦਰੀ ਮੰਤਰੀ ਨੂੰ ਭੇਜੀ ਗਈ ਇੱਕ ਚਿੱਠੀ ਵਿੱਚ ਪੰਜਾਬ ਭਾਜਪਾ ਦੇ ਸੂਬਾ ਉਪ ਪ੍ਰਧਾਨ ਸੁਭਾਸ਼ ਸ਼ਰਮਾ ਨੇ ਕਿਹਾ ਕਿ ਇਹ ਮੁੱਦਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਜੋ ਮੁਸਾਫਰਾਂ, ਟਰਾਂਸਪੋਰਟਰਾਂ ਅਤੇ ਗੁਆਂਢੀ ਸੂਬਿਆਂ ਖਾਸ ਕਰਕੇ ਪੰਜਾਬ ਦੇ ਨਿਵਾਸੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਸ਼ਰਮਾ ਨੇ ਕਿਹਾ ਕਿ ਐਂਟਰੀ ਟੋਲ ਲਗਾਉਣ ਨਾਲ ਉਨ੍ਹਾਂ ਲੋਕਾਂ ਵਿੱਚ ਭਾਰੀ ਅਸੁਵਿਧਾ ਅਤੇ ਰੋਸ ਪੈਦਾ ਹੋਇਆ ਹੈ ਜੋ ਅਕਸਰ ਹਿਮਾਚਲ ਪ੍ਰਦੇਸ਼ ਦੀ ਯਾਤਰਾ ਕਰਦੇ ਹਨ ਜਾਂ ਉੱਥੋਂ ਗੁਜ਼ਰਦੇ ਹਨ। ਰਾਸ਼ਟਰੀ ਮਾਰਗ ਕੇਂਦਰੀ ਫੰਡਾਂ ਦੀ ਵਰਤੋਂ ਕਰਕੇ ਸੂਬਿਆਂ ਵਿੱਚ ਨਿਰਵਿਘਨ ਅਤੇ ਬਿਨਾਂ ਕਿਸੇ ਰੁਕਾਵਟ ਦੇ ਆਵਾਜਾਈ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਵਿਕਸਤ ਕੀਤੇ ਜਾਂਦੇ ਹਨ। ਇੱਕ ਵਾਧੂ ਟੈਕਸ ਲਗਾਉਣਾ ਇਸ ਉਦੇਸ਼ ਨੂੰ ਕਮਜ਼ੋਰ ਕਰਦਾ ਹੈ ਅਤੇ ਨਿੱਜੀ ਤੇ ਵਪਾਰਕ ਦੋਵਾਂ ਵਾਹਨਾਂ 'ਤੇ ਬੇਲੋੜਾ ਵਿੱਤੀ ਬੋਝ ਪਾਉਂਦਾ ਹੈ।

ਭਾਜਪਾ ਆਗੂ ਸ਼ਰਮਾ ਨੇ ਕਾਨੂੰਨੀ ਪੱਖ ਰੱਖਦਿਆਂ ਕਿਹਾ ਕਿ ਹਿਮਾਚਲ ਸਰਕਾਰ ਦਾ ਇਹ ਟੈਕਸ ਸੰਵਿਧਾਨ ਦੀ ਧਾਰਾ 301 ਦੀ ਉਲੰਘਣਾ ਜਾਪਦਾ ਹੈ, ਜੋ ਦੇਸ਼ ਭਰ ਵਿੱਚ ਆਵਾਜਾਈ ਅਤੇ ਵਪਾਰ ਦੀ ਆਜ਼ਾਦੀ ਦੀ ਗਰੰਟੀ ਦਿੰਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਜਿਹੀ ਕੋਈ ਵੀ ਪਾਬੰਦੀ ਗੈਰ-ਵਾਜਬ ਹੈ ਅਤੇ ਇਹ ਫੈਸਲਾ ਜਨਤਕ ਹਿੱਤਾਂ ਦੇ ਖਿਲਾਫ ਹੈ। ਭਾਜਪਾ ਆਗੂ ਨੇ ਅਧਿਕਾਰ ਖੇਤਰ ਬਾਰੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਨੈਸ਼ਨਲ ਹਾਈਵੇਅ ਐਕਟ, 1956 ਦੇ ਤਹਿਤ ਰਾਸ਼ਟਰੀ ਮਾਰਗ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ ਅਤੇ ਐੱਨ ਐੱਚ ਏ ਆਈ ਵੱਲੋਂ ਰੱਖ-ਰਖਾਅ ਵਾਲੀਆਂ ਸੜਕਾਂ ਕੇਂਦਰੀ ਕਾਨੂੰਨਾਂ ਅਤੇ ਨੀਤੀਆਂ ਰਾਹੀਂ ਚਲਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਸੜਕਾਂ 'ਤੇ ਕਿਸੇ ਸੂਬੇ ਵੱਲੋਂ ਲਗਾਇਆ ਗਿਆ ਕੋਈ ਵੀ ਵਾਧੂ ਟੈਕਸ ਗੰਭੀਰ ਕਾਨੂੰਨੀ ਚਿੰਤਾਵਾਂ ਪੈਦਾ ਕਰਦਾ ਹੈ।

ਪੱਤਰ ਵਿੱਚ ਇੱਕ ਹੋਰ ਅਹਿਮ ਨੁਕਤਾ ਉਠਾਇਆ ਗਿਆ ਹੈ ਕਿ ਹਾਈਵੇਅ ਦੀ ਵਰਤੋਂ ਕਰਨ ਵਾਲੇ ਵਾਹਨ ਪਹਿਲਾਂ ਹੀ ਐੱਨ ਐੱਚ ਏ ਆਈ ਦੇ ਨਿਯਮਾਂ ਮੁਤਾਬਕ ਟੋਲ ਟੈਕਸ ਭਰਦੇ ਹਨ। ਅਜਿਹੇ ਵਿੱਚ ਵੱਖਰਾ ਐਂਟਰੀ ਟੈਕਸ ਲਗਾਉਣਾ ਜਨਤਾ ਉੱਤੇ ਦੋਹਰੀ ਮਾਰ ਅਤੇ ਟੈਕਸ ਦਾ ਨਾਜਾਇਜ਼ ਬੋਝ ਪਾਉਣ ਵਾਲੀ ਗੱਲ ਹੈ।

ਸ਼ਰਮਾ ਨੇ ਇਹ ਤਰਕ ਵੀ ਦਿੱਤਾ ਕਿ ਹਿਮਾਚਲ ਸਰਕਾਰ ਦਾ ਇਹ ਕਦਮ ਜੀ ਐੱਸ ਟੀ ਪ੍ਰਣਾਲੀ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਜਿੱਥੇ ਜੀ ਐੱਸ ਟੀ ਇੱਕ ਰਾਸ਼ਟਰ, ਇੱਕ ਬਜ਼ਾਰ ਦੇ ਤਹਿਤ ਸੂਬਿਆਂ ਵਿਚਕਾਰ ਵਪਾਰਕ ਰੁਕਾਵਟਾਂ ਨੂੰ ਖਤਮ ਕਰਦਾ ਹੈ, ਉੱਥੇ ਹੀ ਅਜਿਹਾ ਟੈਕਸ ਲਗਾਉਣਾ ਇਸ ਸੋਚ ਦੇ ਬਿਲਕੁਲ ਉਲਟ ਹੈ।

ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਰਾਸ਼ਟਰੀ ਮਾਰਗਾਂ ਅਤੇ ਐੱਨ ਐੱਚ ਏ ਆਈ ਦੀਆਂ ਸੜਕਾਂ 'ਤੇ ਅਜਿਹੇ ਟੈਕਸਾਂ ਨੂੰ ਰੋਕਣ ਲਈ ਇੱਕ ਸਪੱਸ਼ਟ ਨੀਤੀ ਨਿਰਦੇਸ਼ ਜਾਰੀ ਕਰੇ।

ਕਾਬਲੇਗੌਰ ਹੈ ਕਿ ਇਸ ਮੁੱਦੇ ਕਾਰਨ ਪੰਜਾਬ ਦੇ ਹਿਮਾਚਲ ਨਾਲ ਲੱਗਦੇ ਇਲਾਕਿਆਂ ਵਿੱਚ ਪਹਿਲਾਂ ਹੀ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ, ਜਿੱਥੇ ਸਥਾਨਕ ਲੋਕਾਂ, ਟਰਾਂਸਪੋਰਟਰਾਂ ਅਤੇ ਵੱਖ-ਵੱਖ ਜਥੇਬੰਦੀਆਂ ਨੇ ਐਂਟਰੀ ਟੈਕਸ ਦਾ ਵਿਰੋਧ ਕੀਤਾ ਹੈ।

# ਵਿਧਾਇਕ ਅਮਰਗੜ੍ਹ ਵੱਲੋਂ ਕਰੀਬ 27 ਕਰੋੜ 31 ਲੱਖ ਰੁਪਏ ਦੀ ਲਾਗਤ ਨਾਲ ਬੱਬਨਪੁਰ ਤੋਂ ਜੋੜੇਪੁਲ ਤੱਕ ਸੜਕ ਦੇ ਨਵੀਨੀਕਰਨ ਦਾ ਨੀਂਹ ਪੱਥਰ



**ਮਲੇਰਕੋਟਲਾ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਵੱਲੋਂ ਕਰੀਬ 27 ਕਰੋੜ 31 ਲੱਖ ਰੁਪਏ ਦੀ ਲਾਗਤ ਨਾਲ ਬੱਬਨਪੁਰ ਤੋਂ ਜੋੜੇਪੁਲ ਤੱਕ ਦੀ ਮਹੱਤਵਪੂਰਨ ਸੜਕ ਦੇ ਰਿਪੇਅਰ ਅਤੇ ਨਵੀਨੀਕਰਨ ਕਾਰਜਾਂ ਦਾ ਨੀਹ ਪੱਥਰ ਰੱਖਿਆ ਗਿਆ। ਇਹ ਪ੍ਰੋਜੈਕਟ ਸਪੈਸ਼ਲ ਅਸਿਸਟੈਂਸ ਫੇਜ਼-2 ਸਕੀਮ ਤਹਿਤ ਕਰਵਾਇਆ ਜਾ ਰਿਹਾ ਹੈ, ਜਿਸ ਅਧੀਨ ਲਗਭਗ 26.43 ਕਿਲੋਮੀਟਰ ਲੰਬੀ ਸੜਕ ਦਾ ਨਵੀਨੀਕਰਨ ਕੀਤਾ ਜਾਵੇਗਾ।

ਇਸ ਮੌਕੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 'ਸ਼ਾਨਦਾਰ 4 ਸਾਲ ਭਗਵੰਤ ਮਾਨ ਦੇ ਨਾਲ' ਮੁਹਿੰਮ ਤਹਿਤ ਪੰਜਾਬ ਭਰ ਵਿੱਚ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੀ ਹੈ ਅਤੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸੜਕਾਂ, ਸਿਹਤ ਅਤੇ ਸਿੱਖਿਆ ਖੇਤਰ ਵਿੱਚ ਵੱਡੇ ਪੱਧਰ 'ਤੇ ਸੁਧਾਰ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਬੱਬਨਪੁਰ ਤੋਂ ਜੋੜੇਪੁਲ ਤੱਕ ਦੀ ਇਹ ਸੜਕ ਲੰਮੇ ਸਮੇਂ ਤੋਂ ਖਰਾਬ ਹਾਲਤ ਵਿੱਚ ਸੀ ਅਤੇ ਕਰੀਬ 35 ਸਾਲਾਂ ਬਾਅਦ ਇਸ ਸੜਕ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਹੋ ਰਿਹਾ ਹੈ। ਇਸ ਸੜਕ ਦੇ ਨਵੀਨੀਕਰਨ ਨਾਲ ਇਲਾਕੇ ਦੇ ਵਸਨੀਕਾਂ ਨੂੰ ਆਵਾਜਾਈ ਦੀ ਬਿਹਤਰ ਸਹੂਲਤ ਮਿਲੇਗੀ ਅਤੇ ਕਈ ਪਿੰਡਾਂ ਦੇ ਲੋਕਾਂ ਨੂੰ ਰੋਜ਼ਾਨਾ ਆਉਣ-ਜਾਣ ਵਿੱਚ ਆ ਰਹੀਆਂ ਮੁਸ਼ਕਲਾਂ ਤੋਂ ਰਾਹਤ ਮਿਲੇਗੀ।

ਵਿਧਾਇਕ ਗੱਜਣਮਾਜਰਾ ਨੇ ਕਿਹਾ ਕਿ ਇਹ ਸੜਕ ਕਈ ਪੇਂਡੂ ਇਲਾਕਿਆਂ ਨੂੰ ਆਪਸ ਵਿੱਚ ਜੋੜਦੀ ਇੱਕ ਅਹਿਮ ਲਿੰਕ ਸੜਕ ਹੈ। ਇਸ ਦੇ ਨਵੀਨੀਕਰਨ ਨਾਲ ਖੇਤੀਬਾੜੀ ਉਤਪਾਦਾਂ ਦੀ ਆਵਾਜਾਈ ਸੁਗਮ ਹੋਵੇਗੀ ਅਤੇ ਇਲਾਕੇ ਦੇ ਵਪਾਰਕ ਗਤੀਵਿਧੀਆਂ ਨੂੰ ਵੀ ਬਲ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਨਾ ਸਿਰਫ਼ ਪੇਂਡੂ ਕਨੈਕਟੀਵਿਟੀ ਮਜ਼ਬੂਤ ਹੋਵੇਗੀ ਸਗੋਂ ਇਲਾਕੇ ਦੇ ਸਮੁੱਚੇ ਆਰਥਿਕ ਵਿਕਾਸ ਨੂੰ ਵੀ ਹੋਰ ਗਤੀ ਮਿਲੇਗੀ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਖੇਤਰ ਵਿੱਚ ਸਮਾਨ ਵਿਕਾਸ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਵਿੱਚ ਸੜਕਾਂ ਦੇ ਨਵੀਨੀਕਰਨ ਅਤੇ ਨਵੀਆਂ ਸੜਕਾਂ ਦੀ ਉਸਾਰੀ ਲਈ ਵੱਡੇ ਪੱਧਰ 'ਤੇ ਫੰਡ ਜਾਰੀ ਕੀਤੇ ਗਏ ਹਨ, ਜਿਸ ਨਾਲ ਲੋਕਾਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਮਿਲ ਰਹੀਆਂ ਹਨ।

ਇਸ ਮੌਕੇ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੜਕ ਦੇ ਨਵੀਨੀਕਰਨ ਦਾ ਕੰਮ ਨਿਰਧਾਰਿਤ ਸਮੇਂ ਅੰਦਰ ਅਤੇ ਮਿਆਰੀ ਮਾਪਦੰਡਾਂ ਅਨੁਸਾਰ ਪੂਰਾ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਉੱਚ ਗੁਣਵੱਤਾ ਵਾਲੀ ਸੜਕ ਸਹੂਲਤ ਮੁਹੱਈਆ ਕਰਵਾਈ ਜਾ ਸਕੇ।

ਇਸ ਮੌਕੇ ਐਕਸ਼ੀਅਨ ਪੀ.ਡਬਲਿਊ.ਡੀ ਇੰਜੀ. ਪਰਨੀਤ ਕੌਰ ਟਿਵਾਣਾ, ਐਸ.ਡੀ.ਓ ਇੰਜੀ ਯੁਦਵੀਰ ਸਿੰਘ, ਜੇ.ਈ.ਈ ਇੰਜੀ. ਬਲਪ੍ਰੀਤ ਸਿੰਘ ਤੋਂ ਇਲਾਵਾ ਸਥਾਨਕ ਪ੍ਰਤੀਨਿਧੀ, ਪੰਚਾਇਤੀ ਨੁਮਾਇੰਦੇ, ਅਧਿਕਾਰੀ ਅਤੇ ਇਲਾਕੇ ਦੇ ਵਸਨੀਕ ਵੀ ਹਾਜ਼ਰ ਸਨ।

# ਡਾ. ਏਵੀਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਪੰਜਵੀਂ ਕਲਾਸ ਦਾ ਨਤੀਜਾ ਸੌ ਫੀਸਦੀ ਰਿਹਾ



**ਲੁਧਿਆਣਾ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਏਵੀਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਨਜ਼ਦੀਕ ਈਸਾ ਨਗਰੀ ਪੁਲੀ ਦਾ ਪੰਜਵੀਂ ਕਲਾਸ ਦਾ ਨਤੀਜਾ ਇਸ ਸਾਲ ਵੀ ਹਰ ਵਾਰ ਦੀ ਤਰ੍ਹਾਂ ਸੌ ਫੀਸਦੀ ਰਿਹਾ। ਇਸ ਵਾਰ ਵੀ ਲੜਕੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਾਰੇ ਪ੍ਰਮੁੱਖ ਸਥਾਨਾਂ ਤੇ ਕਬਜ਼ਾ ਕੀਤਾ। ਸਕੂਲ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਰਾਜੀਵ ਕੁਮਾਰ ਲਵਲੀ ਅਤੇ ਸਕੂਲ ਦੀ ਪ੍ਰਿੰਸੀਪਲ ਮਨੀਸ਼ਾ ਗਾਬਾ ਨੇ ਇਸ ਸ਼ਾਨਦਾਰ ਨਤੀਜੇ ਲਈ ਸਾਰੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ।

ਉਨ੍ਹਾਂ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ, ਕਿਹਾ ਕਿ ਉਹ ਅੱਗੇ ਵੀ ਇਸੇ ਤਰ੍ਹਾਂ ਮੇਹਨਤ ਕਰਦੇ ਰਹਿਣ। ਉਨ੍ਹਾਂ ਨੇ ਕਿਹਾ ਕਿ ਅੱਜ ਦੇ ਬੱਚੇ ਦੇਸ਼ ਦਾ ਆਉਣ ਵਾਲਾ ਭਵਿੱਖ ਹਨ ਅਤੇ ਪੜ੍ਹਿਆ-ਲਿਖਿਆ ਨਾਗਰਿਕ ਹੀ ਆਪਣੇ ਪਰਿਵਾਰ, ਸਮਾਜ ਅਤੇ ਦੇਸ਼ ਲਈ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾ ਸਕਦਾ ਹੈ।

ਜਿਕਰਯੋਗ ਹੈ ਕਿ ਪੰਜਵੀਂ ਕਲਾਸ ਦੀ ਪ੍ਰੀਖਿਆ ਵਿੱਚ ਕੁੱਲ 120 ਵਿਦਿਆਰਥੀਆਂ ਨੇ ਭਾਗ ਲਿਆ ਸੀ। ਇਨ੍ਹਾਂ ਵਿੱਚੋਂ ਦਿਲਜੀਤ ਕੌਰ ਨੇ 97.4 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਸਾਮਿਆ ਇਸਲਾਮ ਨੇ 94.8 ਫੀਸਦੀ ਨਾਲ ਦੂਜਾ ਸਥਾਨ ਹਾਸਲ ਕੀਤਾ, ਜਦਕਿ ਐਂਜਲ ਗਰਗ ਅਤੇ ਟੀਆ ਨੇ 94.4 ਫੀਸਦੀ ਅੰਕ ਲੈ ਕੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਮਨਪ੍ਰੀਤ ਕੌਰ ਨੇ 94.2 ਫੀਸਦੀ ਅੰਕਾਂ ਨਾਲ ਚੌਥਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ, ਵਿਦਿਆਰਥੀਆਂ ਨੇ ਵੀ 94 ਤੋਂ 60 ਫੀਸਦੀ ਤੱਕ ਅੰਕ ਪ੍ਰਾਪਤ ਕਰਕੇ ਵਧੀਆ ਪ੍ਰਦਰਸ਼ਨ ਕੀਤਾ।

ਇਸ ਮੌਕੇ ਸਕੂਲ ਦੀ ਵਾਈਸ ਪ੍ਰਿੰਸੀਪਲ ਅਮਿਤ ਰਾਜਨ, ਸੋਨੀਆ, ਹਰਸ਼ ਬਾਲਾ, ਜਗਦੀਪ ਕੌਰ, ਤਰਨਜੀਤ ਕੌਰ, ਗੁਰਪ੍ਰੀਤ ਕੌਰ, ਨੇਹਾ ਬਜਾਜ, ਜਯੋਤੀ ਅਤੇ ਹੋਰ ਸਟਾਫ ਮੈਂਬਰਾਂ ਨੇ ਵੀ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ, ਉਨ੍ਹਾਂ ਦੇ ਸੁਨਿਹਰੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

# ਸੁਪਰੀਮ ਕੋਰਟ ਵੱਲੋਂ ਨਿਆਂਇਕ ਅਧਿਕਾਰੀਆਂ ਦੇ ਘਿਰਾਓ ਮਾਮਲੇ 'ਚ CBI/NIA ਜਾਂਚ ਦੇ ਹੁਕਮ

## ਨਿਆਂਇਕ ਅਧਿਕਾਰੀਆਂ ਨੂੰ ਡਰਾਉਣ-ਧਮਕਾਉਣ ਅਤੇ ਸੁਪਰੀਮ ਕੋਰਟ ਦੀ ਅਥਾਰਟੀ ਨੂੰ ਚੁਣੌਤੀ ਦੇਣ ਦੀ ਇੱਕ ਬੇਸ਼ਰਮ ਕੋਸ਼ਿਸ਼ ਕਰਾਰ ਦਿੱਤਾ

**ਨਵੀਂ ਦਿੱਲੀ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸੱਤ ਨਿਆਂਇਕ ਅਧਿਕਾਰੀਆਂ, ਜਿਨ੍ਹਾਂ ਵਿੱਚ ਤਿੰਨ ਮਹਿਲਾਵਾਂ ਵੀ ਸ਼ਾਮਲ ਹਨ, ਨੂੰ ਨਜਾਇਜ਼ ਤੌਰ 'ਤੇ ਹਿਰਾਸਤ ਵਿੱਚ ਰੱਖਣ ਦੇ ਮਾਮਲੇ ਦੀ CBI/NIA ਜਾਂਚ ਦੇ ਹੁਕਮ ਦਿੱਤੇ ਹਨ।

ਇਹ ਅਧਿਕਾਰੀ ਪੱਛਮੀ ਬੰਗਾਲ ਵਿੱਚ SIR ਅਭਿਆਸ ਵਿੱਚ ਸ਼ਾਮਲ ਸਨ ਅਤੇ ਮਾਲਦਾ ਜ਼ਿਲ੍ਹੇ ਦੇ ਕਾਲੀਆ ਚੱਕ ਇਲਾਕੇ ਵਿੱਚ ਬੀ ਡੀ ਓ ਦਫ਼ਤਰ ਦੇ ਅੰਦਰ ਇੱਕ ਬੇਲਗਾਮ ਭੀੜ ਵੱਲੋਂ ਕਈ ਘੰਟਿਆਂ ਤੱਕ ਬੰਧਕ ਬਣਾਏ ਗਏ ਸਨ।



ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਚੋਣ ਕਮਿਸ਼ਨ ਵੱਲੋਂ ਨਿਯੁਕਤ ਕੀਤੀ ਜਾਣ ਵਾਲੀ ਜਾਂਚ ਏਜੰਸੀ ਨੂੰ ਅਗਲੀ ਸੁਣਵਾਈ ਦੀ ਤਰੀਕ ਤੱਕ ਮੁੱਢਲੀ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

ਚੀਫ਼ ਜਸਟਿਸ ਨੇ ਕਿਹਾ, ਇਹ ਘਟਨਾ ਨਾ ਸਿਰਫ਼ ਨਿਆਂਇਕ ਅਧਿਕਾਰੀਆਂ ਨੂੰ ਡਰਾਉਣ-ਧਮਕਾਉਣ ਦੀ ਇੱਕ ਬੇਪਰਵਾਹ ਕੋਸ਼ਿਸ਼ ਹੈ, ਬਲਕਿ ਇਸ ਅਦਾਲਤ ਦੀ ਅਥਾਰਟੀ ਨੂੰ ਵੀ ਚੁਣੌਤੀ ਦਿੰਦੀ ਹੈ। ਇਹ ਕੋਈ ਮਾਮੂਲੀ ਘਟਨਾ ਨਹੀਂ ਸੀ ਬਲਕਿ ਨਿਆਂਇਕ ਅਧਿਕਾਰੀਆਂ ਦਾ ਮਨੋਬਲ ਡੇਗਣ ਅਤੇ ਬਾਕੀ ਬਚੇ ਕੇਸਾਂ ਵਿੱਚ ਇਤਰਾਜ਼ਾਂ ਦੇ ਨਿਪਟਾਰੇ ਦੀ ਚੱਲ ਰਹੀ ਪ੍ਰਕਿਰਿਆ ਨੂੰ ਰੋਕਣ ਲਈ ਇੱਕ ਸੋਚੀ-ਸਮਝੀ ਅਤੇ ਪ੍ਰੇਰਿਤ ਚਾਲ ਜਾਪਦੀ ਹੈ।

ਸੂਬਾ ਸਰਕਾਰ ਦੇ ਅਧਿਕਾਰੀਆਂ ਦੇ ਵਤੀਰੇ 'ਤੇ ਸਖ਼ਤ ਇਤਰਾਜ਼ ਜਤਾਉਂਦੇ ਹੋਏ ਜਸਟਿਸ ਕਾਂਤ ਨੇ ਕਿਹਾ, "ਅਸੀਂ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈ ਕੇ ਨਿਆਂਇਕ ਅਧਿਕਾਰੀਆਂ ਵਿਰੁੱਧ ਮਨੋਵਿਗਿਆਨਿਕ ਅਤੇ ਅਪਰਾਧਿਕ ਮਾਣਹਾਨੀ ਕਰਨ ਦੀ ਇਜਾਜ਼ਤ ਨਹੀਂ ਦੇਵਾਂਗੇ।

ਇਹ ਪੱਛਮੀ ਬੰਗਾਲ ਸਰਕਾਰ ਵੱਲੋਂ ਡਿਊਟੀ ਦੀ ਅਣਦੇਖੀ ਵੀ ਹੈ ਅਤੇ ਅਧਿਕਾਰੀਆਂ ਨੂੰ ਇਹ ਕਾਰਨ ਦੱਸਣ ਦੀ ਲੋੜ ਹੈ ਕਿ ਸੂਚਨਾ ਮਿਲਣ ਦੇ ਬਾਵਜੂਦ ਉਨ੍ਹਾਂ ਨੇ ਅਧਿਕਾਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾਣਾ ਯਕੀਨੀ ਕਿਉਂ ਨਹੀਂ ਬਣਾਇਆ।"

ਸੁਪਰੀਮ ਕੋਰਟ ਨੇ ਮੁੱਖ ਸਕੱਤਰ, ਡੀ ਜੀ ਪੀ ਅਤੇ ਮਾਲਦਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਤੇ ਐੱਸ ਐੱਸ ਪੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ ਅਤੇ ਇਨ੍ਹਾਂ ਸਾਰੇ ਅਧਿਕਾਰੀਆਂ ਨੂੰ 6 ਅਪਰੈਲ (ਸੋਮਵਾਰ) ਸ਼ਾਮ 4 ਵਜੇ ਆਨਲਾਈਨ ਹਾਜ਼ਰ ਰਹਿਣ ਦੇ ਨਿਰਦੇਸ਼ ਦਿੱਤੇ ਜਾਂਦੇ ਹਨ।

ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨਿਆਂਇਕ ਅਧਿਕਾਰੀਆਂ ਦੇ ਸੁਰੱਖਿਅਤ ਕੰਮਕਾਜ ਲਈ ਕੇਂਦਰੀ ਬਲ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਵਿੱਚ ਵੋਟਰ ਸੂਚੀਆਂ ਵਿੱਚੋਂ ਨਾਮ ਕੱਟੇ ਜਾਣ ਦੇ ਵਿਰੋਧ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ 7 ਨਿਆਂਇਕ ਅਧਿਕਾਰੀਆਂ ਦਾ ਬੀ ਡੀ ਓ ਦਫ਼ਤਰ ਵਿੱਚ ਕਈ ਘੰਟਿਆਂ ਤੱਕ ਘਿਰਾਓ ਕੀਤਾ ਗਿਆ ਸੀ, ਜਿਨ੍ਹਾਂ ਨੂੰ ਬਾਅਦ ਵਿੱਚ ਲੰਮੀ ਮੁਸ਼ੱਕਤ ਤੋਂ ਬਾਅਦ ਬਾਹਰ ਕੱਢਿਆ ਗਿਆ।

ਸੁਰੱਖਿਆ ਬਲਾਂ ਨੇ ਬੁੱਧਵਾਰ ਦੇਰ ਰਾਤ ਭੀੜ ਨੂੰ ਖਦੇੜਨ ਲਈ ਲਾਠੀਚਾਰਜ ਕੀਤਾ ਅਤੇ ਤਿੰਨ ਮਹਿਲਾਵਾਂ ਸਮੇਤ ਨਿਆਂਇਕ ਅਧਿਕਾਰੀਆਂ ਨੂੰ ਬਚਾਇਆ। ਐੱਸ ਆਈ ਆਰ (SIR) ਪ੍ਰਕਿਰਿਆ ਵਿੱਚ ਵੱਡੇ ਪੱਧਰ 'ਤੇ ਵੋਟਰਾਂ ਦੇ ਨਾਮ ਹਟਾਉਣ ਦਾ ਦੋਸ਼ ਲਾਉਂਦਿਆਂ ਪ੍ਰਦਰਸ਼ਨਕਾਰੀਆਂ ਨੇ ਬੁੱਧਵਾਰ ਨੂੰ ਨੈਸ਼ਨਲ ਹਾਈਵੇਅ 12 (ਕੋਲਕਾਤਾ-ਸਿਲੀਗੁੜੀ) ਨੂੰ ਵੀ ਜਾਮ ਕਰ ਦਿੱਤਾ ਸੀ।

ਅਧਿਕਾਰੀ ਨੇ ਕਿਹਾ, ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਨੇ ਨਿਆਂਇਕ ਅਧਿਕਾਰੀਆਂ ਨੂੰ ਲੈ ਕੇ ਜਾ ਰਹੇ ਵਾਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵੀ ਕੀਤੀ। ਸਾਡੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਸੁਰੱਖਿਅਤ ਨਿਕਾਸੀ ਯਕੀਨੀ ਬਣਾਉਣ ਲਈ ਹਲਕੀ ਤਾਕਤ ਦੀ ਵਰਤੋਂ ਕਰਨੀ ਪਈ। ਅਜਿਹੇ ਦੋਸ਼ ਵੀ ਸਨ ਕਿ ਹੰਗਾਮੇ ਦੌਰਾਨ ਵਾਹਨਾਂ ਦੀ ਲਪੇਟ 'ਚ ਆਉਣ ਕਾਰਨ ਕੁਝ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ ਸਨ, ਹਾਲਾਂਕਿ ਇਸ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ।

ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਨਿਆਂਇਕ ਅਧਿਕਾਰੀ ਇਸ ਸਮੇਂ ਉਨ੍ਹਾਂ ਵੋਟਰਾਂ ਦੇ ਕੇਸਾਂ ਦੀ ਜਾਂਚ ਕਰ ਰਹੇ ਹਨ ਜਿਨ੍ਹਾਂ ਦੇ ਨਾਮ 28 ਫਰਵਰੀ ਨੂੰ ਪ੍ਰਕਾਸ਼ਿਤ ਵੋਟਰ ਸੂਚੀਆਂ ਵਿੱਚ ਵਿਚਾਰ ਅਧੀਨ ਵਜੋਂ ਚਿੰਨ੍ਹਿਤ ਕੀਤੇ ਗਏ ਸਨ, ਤਾਂ ਜੋ ਇਹ ਤੈਅ ਕੀਤਾ ਜਾ ਸਕੇ ਕਿ ਉਨ੍ਹਾਂ ਨੂੰ ਰੱਖਿਆ ਜਾਣਾ ਚਾਹੀਦਾ ਹੈ ਜਾਂ ਹਟਾਇਆ ਜਾਣਾ ਚਾਹੀਦਾ ਹੈ।

# ਜ਼ਿਲ੍ਹੇ ਦੀਆਂ ਸਾਰੀਆਂ ਗੈਸ ਏਜੰਸੀਆਂ ਕੋਲ ਘਰੇਲੂ ਗੈਸ ਸਿਲੰਡਰਾਂ ਦਾ ਲੋੜੀਂਦਾ ਸਟਾਕ ਉਪਲਬੱਧ: ਡਿਪਟੀ ਕਮਿਸ਼ਨਰ

**ਤਰਨਤਾਰਨ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਘਰੇਲੂ ਗੈਸ ਸਿਲੰਡਰਾਂ ਅਤੇ ਪੈਟਰੋਲ/ਡੀਜ਼ਲ ਦੀ ਸਪਲਾਈ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਘਬਰਾਹਟ ਵਿਚ ਨਾ ਆਉਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਆਉਂਦੀਆਂ ਸਾਰੀਆਂ ਗੈਸ ਏਜੰਸੀਆਂ ਕੋਲ ਘਰੇਲੂ ਗੈਸ ਸਿਲੰਡਰਾਂ ਦਾ ਲੋੜੀਂਦਾ ਸਟਾਕ ਉਪਲਬੱਧ ਹੈ ਅਤੇ ਸਪਲਾਈ ਨਿਰੰਤਰ ਜਾਰੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਵਿਧਾ ਨੂੰ ਧਿਆਨ ਵਿਚ ਰੱਖਦਿਆਂ ਗੈਸ ਦੀ ਬੁਕਿੰਗ ਲਈ ਸਮਾਂ-ਸੀਮਾ ਨਿਰਧਾਰਤ ਕੀਤੀ ਗਈ ਹੈ, ਜਿਸ ਅਨੁਸਾਰ ਪੇਂਡੂ ਖੇਤਰਾਂ ਵਿਚ 45 ਦਿਨਾਂ ਬਾਅਦ ਅਤੇ ਸ਼ਹਿਰੀ ਖੇਤਰਾਂ ਵਿਚ 25 ਦਿਨਾਂ ਬਾਅਦ ਹੀ ਗੈਸ ਸਿਲੰਡਰ ਬੁੱਕ ਕਰਵਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰ ਘਰ ਤੱਕ ਸਮੇਂ ਸਿਰ ਗੈਸ ਪਹੁੰਚ ਸਕੇ ਅਤੇ ਕਿਸੇ ਨੂੰ ਵੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਈ ਵਾਰ ਅਫ਼ਵਾਹਾਂ ਜਾਂ ਗ਼ਲਤ ਜਾਣਕਾਰੀ ਕਾਰਨ ਲੋਕ ਵੱਧ ਗੈਸ ਸਿਲੰਡਰ ਬੁੱਕ ਕਰਵਾ ਲੈਂਦੇ ਹਨ, ਜਿਸ ਨਾਲ ਹੋਰ ਲੋਕਾਂ



ਨੂੰ ਮੁਸ਼ਕਿਲ ਆ ਸਕਦੀ ਹੈ। ਇਸ ਲਈ ਉਨ੍ਹਾਂ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਆਪਣੀ ਲੋੜ ਅਨੁਸਾਰ ਹੀ ਗੈਸ ਬੁਕਿੰਗ ਕਰਵਾਉਣ ਅਤੇ ਪ੍ਰਸ਼ਾਸਨ ਨਾਲ ਸਹਿਯੋਗ ਕਰਨ।

ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਪੈਟਰੋਲ ਪੰਪਾਂ 'ਤੇ ਪੈਟਰੋਲ ਅਤੇ ਡੀਜ਼ਲ ਦੀ ਵੀ ਕੋਈ ਘਾਟ ਨਹੀਂ ਹੈ ਅਤੇ ਪੂਰਾ ਸਟਾਕ ਉਪਲਬੱਧ ਹੈ। ਇਸ ਲਈ ਲੋਕ ਕਿਸੇ ਘਬਰਾਹਟ ਵਿਚ ਆ ਕੇ ਵੱਧ ਮਾਤਰਾ ਵਿਚ ਪੈਟਰੋਲ ਜਾਂ ਡੀਜ਼ਲ ਖ਼ਰੀਦ ਕੇ ਸਟਾਕ ਨਾ ਕਰਨ।

ਸ੍ਰੀ ਰਾਹੁਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਜ਼ਰੂਰੀ ਕਦਮ ਚੁੱਕਿਆ ਜਾ ਰਿਹਾ ਹੈ, ਤਾਂ ਜੋ ਨਾਗਰਿਕਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਆਲੇ ਦੁਆਲੇ ਦੇ ਵਰਤਾਰੇ ਦਾ ਲੇਖਕ



ਗੁਰਸੇਵਕ 'ਚੁੱਘੇ ਖੁਰਦ'

ਸਾਹਿਤ ਖੇਤਰ ਅਤੇ ਲੋਕ ਭਲਾਈ ਕੰਮਾਂ ਕਰਕੇ ਗੁਰਸੇਵਕ 'ਚੁੱਘੇ ਖੁਰਦ' ਆਪਣੀ ਨਿਵੇਕਲੀ ਰਾਹ ਚੱਲਿਆ ਹੋਇਆ ਹੈ। ਗੁਰਸੇਵਕ ਦਾ ਜਨਮ ਪਿੰਡ ਚੁੱਘੇ ਖੁਰਦ ਜ਼ਿਲ੍ਹਾ ਬਠਿੰਡਾ ਦੇ ਸਾਧਾਰਨ ਕਿਸਾਨ ਪਰਿਵਾਰ ਵਿਚ ਹੋਇਆ। ਪੜ੍ਹਾਈ ਵਿਚ ਉੱਚ ਡਿਗਰੀਆਂ ਪ੍ਰਾਪਤ ਗੁਰਸੇਵਕ 'ਚੁੱਘੇ ਖੁਰਦ' ਨੂੰ ਕਹਾਣੀ, ਕਵਿਤਾ, ਵਾਰਤਕ ਲਿਖਣ ਦਾ ਸ਼ੌਕ ਕਾਲਜ ਪੜ੍ਹਦੇ ਸਮੇਂ ਪਿਆ। ਇਸੇ ਲੜੀ ਤਹਿਤ 2014 ਵਿਚ ਉਹ ਦਾ ਪਹਿਲਾ ਮਿੰਨੀ ਕਹਾਣੀ ਸੰਗ੍ਰਹਿ 'ਸੱਚ ਦੇ ਆਸ ਪਾਸ' ਅਤੇ 2017 ਵਿਚ 'ਅਰਜ਼ੋਈ' ਸੰਪਾਦਿਤ ਕਾਵਿ ਸੰਗ੍ਰਹਿ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕਾ ਹੈ। ਉਹ ਸਾਹਿਤ ਦੀਆਂ ਲਗਪਗ ਸਾਰੀਆਂ ਵੰਨਗੀਆਂ ਵਿਚ ਲਿਖਦਾ ਹੈ। ਪੇਸ਼ ਹਨ ਸਾਹਿਤਕ, ਸਮਾਜਿਕ ਤੇ ਹੋਰ ਲੋਕ ਭਲਾਈ ਸੰਸਥਾਵਾਂ ਨਾਲ ਜੁੜੇ ਗੁਰਸੇਵਕ ਦੀ ਕਵਿਤਾ।

• ਲਾਲ ਚੰਦ ਸਿੰਘ
75894 27462

### ਕਵਿਤਾ

## ਮੈਂ ਕਿਹਾ

ਮੈਂ ਕਿਹਾ
ਤੂੰ ਮੇਰੀ ਹੋ ਜਾਅ।
ਉਹ ਕਹਿੰਦੀ
ਆ ਤੂੰ ਮੇਰਾ ਹੋ ਜਾਅ।
ਮੈਂ ਕਿਹਾ
ਤੂੰ ਆ ਤੈਨੂੰ
ਮੇਰਾ ਘਰ ਵਿਖਾਵਾਂ।
ਉਹ ਕਹਿੰਦੀ
ਤੂੰ ਆਂ ਤੈਨੂੰ
ਤੇਰਾ ਆਪਣਾ ਘਰ ਵਿਖਾਵਾਂ।

ਮੈਂ ਕਿਹਾ
ਆ ਤੈਨੂੰ ਆਪਣੇ
ਘਰ ਦੇ ਜੀਆਂ ਨਾਲ ਮਿਲਾਵਾਂ।
ਉਹ ਕਹਿੰਦੀ
ਤੂੰ ਆ ਤੈਨੂੰ ਤੇਰੇ
ਤੇਰੇ ਆਪਣਿਆਂ ਨਾਲ ਮਿਲਾਵਾਂ।

ਮੈਂ ਹੈਰਾਨ ਹੋ ਕੇ ਪੁੱਛਿਆ
ਮੇਰੇ ਆਪਣਿਆਂ ਨਾਲ !
ਕੌਣ ਹੈ ਤੂੰ ?
ਤੇ ਕਿਹੜਾ ਘਰ ਤੇਰਾ
ਉਹ ਹੱਸ ਕੇ ਕਹਿੰਦੀ
ਮੌਤ ਹਾਂ ਮੈਂ
ਸ਼ਮਸ਼ਾਨਘਾਟ ਹੈ ਘਰ ਮੇਰਾ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

## ਤ੍ਰਿੰਝਣ ਤੇ ਮੁਟਿਆਰਾਂ

ਚਰਖਾ ਕੱਤਦੀਆਂ ਮੁਟਿਆਰਾਂ ਦੇ ਸਮੂਹ ਨੂੰ ਤ੍ਰਿੰਝਣ ਦਾ ਨਾਂ ਦਿੱਤਾ ਜਾਂਦਾ ਹੈ। ਮੁਟਿਆਰਾਂ ਅਤੇ ਤ੍ਰਿੰਝਣ ਇਕ ਸਿੱਕੇ ਦੇ ਪਹਿਲੂ ਹੁੰਦੇ ਸਨ। ਮੁਟਿਆਰਾਂ ਤ੍ਰਿੰਝਣ ਦੇ ਜ਼ਰੀਏ ਹੋਣ ਵਾਲੇ ਚੰਨ ਮਾਹੀ ਲਈ ਵੱਖ-ਵੱਖ ਤਰ੍ਹਾਂ ਦੇ ਸੁਪਨੇ ਸਿਰਜਦੀਆਂ ਚਰਖੇ ਤੰਦ ਪਾਉਂਦੀਆਂ ਸਨ। ਦੀਵੇ ਦੀ ਲੋਅ ਵਿਚ ਤ੍ਰਿੰਝਣ ਦਾ ਨਜ਼ਾਰਾ ਦਿਲਚਸਪ ਹੁੰਦਾ ਸੀ। ਚਰਖੇ ਦੀ ਘੂੰ-ਘੂੰ ਤ੍ਰਿੰਝਣ ਨੂੰ ਸੰਗੀਤ ਮਈ ਬਣਾਉਂਦੀ ਸੀ। ਮੁਟਿਆਰ ਦੇ ਮੁਕਲਾਵੇ ਜਾਣ ਲਈ ਤ੍ਰਿੰਝਣ ਜ਼ਰੀਏ ਵਿਛੋੜਾ ਇਉਂ ਸਿਰਜਿਆ ਹੈ :



ਜਿਸ ਪੱਤਣ ਅੱਜ ਪਾਣੀ ਲੰਘਦਾ
ਫੇਰ ਨਾ ਲੰਘਦਾ ਭੱਲਕੇ
ਬੇੜੀ ਦਾ ਪੂਰ ਤ੍ਰਿੰਝਣ ਦੀਆਂ ਕੁੜੀਆਂ
ਸਦਾ ਨਾਂ ਬੈਠਣ ਰਲਕੇ...

ਕਿੱਕਲੀ ਤੋਂ ਬਾਅਦ ਤ੍ਰਿੰਝਣ ਦਾ ਰੁੱਖ ਕਰਦੀ ਮੁਟਿਆਰ ਆਪਣੇ ਲਈ ਦਾਜ ਇੱਕਠਾ ਕਰਦੀ ਸੀ। ਤ੍ਰਿੰਝਣ ਹੱਸਦੀਆਂ ਵਸਦੀਆਂ ਮੁਟਿਆਰਾਂ ਦੀ ਪਨਾਹ ਹੁੰਦੀ ਸੀ। ਅੱਜ ਮੁਟਿਆਰਾਂ ਦਾ ਮੁੱਖ ਤੇ ਰੁੱਖ ਮੁੜਨ ਕਰਕੇ ਤ੍ਰਿੰਝਣ ਲੋਪ ਹੋ ਗਏ ਹਨ। ਅੱਜ ਕੱਲ੍ਹ ਮੁਟਿਆਰਾਂ ਨੂੰ ਤਾਂ ਤ੍ਰਿੰਝਣ ਬਾਰੇ ਵੀ ਨਹੀਂ ਪਤਾ ਉਸ ਨੇ ਚਰਖਾ ਕੀ ਕੱਤਣਾ। ਸੂਈ ਦੀ ਕਢਾਈ ਵੀ ਉਸ ਦੀ ਸੋਚ ਤੋਂ ਪਰੇ ਹੈ। •

# ਸੱਭਿਆਚਾਰ ਦੇ ਨਿਵੇਕਲੇ ਰੰਗ

ਗੁਰਬਿੰਦਰ ਸਿੰਘ ਮਾਣਕ



ਲੋਕ ਵਿਰਸਾ ਕਿਸੇ ਵੀ ਕੌਮ ਦਾ ਵਡਮੁੱਲਾ ਸਰਮਾਇਆ ਹੁੰਦਾ ਹੈ। ਜਿਹੜੇ ਲੋਕ ਇਸ ਵਿਰਸੇ ਨੂੰ ਅਣਗਹਿਲੀ ਵਸ ਵਿਸਾਰ ਦਿੰਦੇ ਹਨ, ਉਨ੍ਹਾਂ ਦੀ ਪਛਾਣ ਦੇ ਚਿੰਨ੍ਹ ਛੇਤੀ ਹੀ ਇਤਿਹਾਸ ਦੇ ਚਿਤਰਪਟ ਤੋਂ ਲੋਪ ਹੋ ਜਾਂਦੇ ਹਨ। ਸੱਭਿਆਚਾਰ, ਮਾਂ-ਬੋਲੀ, ਲੋਕ-ਸਾਹਿਤ, ਲੋਕ-ਖੇਡਾਂ, ਲੋਕ-ਧੰਦੇ, ਰਸਮਾਂ-ਰਿਵਾਜ, ਲੋਕ-ਵਿਸ਼ਵਾਸ ਕਿਸੇ ਧਰਤੀ ਦੇ ਬਸ਼ਿੰਦਿਆਂ ਦੀਆਂ ਜੜ੍ਹਾਂ ਸਮਾਨ ਹੁੰਦੇ ਹਨ। ਇਸ ਨਾਲ ਹੀ ਕਿਸੇ ਧਰਤੀ 'ਤੇ ਵਸਣ ਵਾਲਿਆਂ ਦੀ ਵੱਖਰੀ ਪਛਾਣ ਨਿਸਚਿਤ ਹੁੰਦੀ ਹੈ।

ਪੰਜਾਬੀ ਸੱਭਿਆਚਾਰ ਦੀ ਗੌਰਵਸ਼ਾਲੀ ਤੇ ਨਿਵੇਕਲੀ ਪਛਾਣ ਹੈ। ਸਾਡੇ ਲੋਕ-ਨਾਚਾਂ, ਗਿੱਧੇ ਤੇ ਭੰਗੜੇ ਦੀ ਬਦੌਲਤ ਨਾ ਕੇਵਲ ਭਾਰਤ ਵਿਚ ਸਗੋਂ ਵਿਸ਼ਵ ਦੇ ਜਿਨ੍ਹਾਂ ਦੇਸ਼ਾਂ ਵਿਚ ਵੀ ਪੰਜਾਬੀ ਗਏ ਹਨ। ਉੱਥੇ ਸੱਭਿਆਚਾਰ ਕਾਰਨ ਹੀ ਪੰਜਾਬੀਆਂ ਦੀ ਵਿਲੱਖਣ ਪਛਾਣ ਬਣ ਚੁੱਕੀ ਹੈ। ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਅਮੀਰ ਪੰਰਪਰਾ ਤੇ ਮਾਨਵਵਾਦੀ ਪਹੁੰਚ ਸਦਕਾ ਸੰਸਾਰ ਪੱਧਰ 'ਤੇ ਇਸ ਦੀ ਨਿਵੇਕਲੀ ਪਛਾਣ ਵਿਕਸਤ ਹੋਈ ਹੈ।

ਅਸਲ ਵਿਚ ਸੱਭਿਆਚਾਰ ਨਿਰੰਤਰ ਵਗਦਾ ਪ੍ਰਵਾਹ ਹੁੰਦਾ ਹੈ। ਸਮੇਂ ਦੀਆਂ ਬਦਲ ਰਹੀਆਂ ਸਥਿਤੀਆਂ ਦੇ ਅੰਤਰਗਤ ਸੱਭਿਆਚਾਰ ਵੀ ਬਦਲਦਾ ਰਹਿੰਦਾ ਹੈ। ਆਰਥਿਕ ਵਿਕਾਸ, ਸਿੱਖਿਆ, ਵਿਗਿਆਨ ਤੇ ਤਕਨਾਲੋਜੀ ਦੇ ਵਿਕਾਸ ਤੇ ਨਵੇਂ ਵਿਚਾਰਾਂ ਦੀ ਬਦੌਲਤ ਮਨੁੱਖ ਦੇ ਜੀਵਨ-ਪ੍ਰਵਾਹ ਵਿਚ ਨਿਰੰਤਰ ਪਰਿਵਰਤਨ ਆਉਂਦਾ ਰਹਿੰਦਾ ਹੈ। ਇਹ ਸਭ ਕੁਝ ਮਨੁੱਖੀ ਰਹਿਣੀ-ਬਹਿਣੀ ਨੂੰ ਪ੍ਰਭਾਵਿਤ ਕਰਦਾ ਹੈ ਤੇ ਸੱਭਿਆਚਾਰਕ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਵਿਕਾਸ ਦੀ ਪ੍ਰਕਿਰਿਆ ਤਾਂ ਚਲਦੀ ਰਹਿਣੀ ਜ਼ਰੂਰੀ ਹੈ ਪਰ ਆਪਣੇ ਸੱਭਿਆਚਾਰ ਦੇ ਬਹੁਮੁੱਲੇ ਆਦਰਸ਼ਾਂ ਨੂੰ ਤਿਲਾਂਜਲੀ ਦੇ ਦੇਣੀ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿਚ ਹੋਏ ਵਿਕਾਸ ਦੀ ਬਦੌਲਤ ਅਸੀਂ ਆਪਣੇ ਸੱਭਿਆਚਾਰਕ ਵਿਰਸੇ ਦੀ ਵਿਲੱਖਣਤਾ ਨਾਲ ਜੁੜੀਆਂ ਮੁਲੱਵਾਨ ਗੱਲਾਂ ਨੂੰ ਵੀ ਵਿਸਾਰਦੇ ਜਾ ਰਹੇ ਹਾਂ।

ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਅਸੀਂ ਆਪਣੇ ਵਿਰਸੇ ਪ੍ਰਤੀ ਅਵੇਸਲੇ ਹਾਂ। ਅਸੀਂ ਆਪਣੀ ਵਿਰਾਸਤ ਨੂੰ ਤਿਆਗ ਕੇ ਦੂਜੇ ਸਭਿਆਚਾਰਾਂ ਦੀ 'ਚਕਾਚੌਂਧ' ਵਿਚ ਫਸ ਕੇ ਆਪਣੀ ਨਿਵੇਕਲੀ ਪਛਾਣ ਲਈ ਹੀ ਸੰਕਟ ਪੈਦਾ ਕਰੀ ਜਾ ਰਹੇ ਹਾਂ। ਦਿਸ਼ਾਹੀਣ ਵਿਕਾਸ ਦੀ ਹੋੜ ਵਿਚ ਬਹੁਤ ਕੁਝ ਅਜਿਹਾ ਵਾਪਰਦਾ ਜਾ ਰਿਹਾ ਹੈ, ਜਿਸ ਨਾਲ ਸਾਡੇ ਸੱਭਿਆਚਾਰ ਦੇ ਬਹੁਤ ਹੀ ਕੀਮਤੀ ਚਿੰਨ੍ਹ ਲੋਪ ਹੁੰਦੇ ਜਾ ਰਹੇ ਹਨ। ਆਉਣ ਵਾਲੀਆਂ ਪੀੜ੍ਹੀਆਂ ਪੰਜਾਬੀ ਸੱਭਿਆਚਾਰ ਦੇ ਇਹ ਚਿੰਨ੍ਹ ਸ਼ਾਇਦ ਅਜਾਇਬਘਰਾਂ ਵਿੱਚੋਂ ਹੀ ਦੇਖ ਸਕਿਆ ਕਰਨਗੀਆਂ। ਸੱਭਿਆਚਾਰ, ਸਾਹਿਤ ਤੇ ਕਲਾ ਪ੍ਰਤੀ ਪੰਜਾਬੀਆਂ ਦੇ ਅਵੇਸਲੇਪਨ ਦੀ ਰੁਚੀ ਸਦਕਾ ਬਹੁਤ ਕੁਝ ਅਜਿਹਾ ਵਿਸਰਦਾ ਜਾ ਰਿਹਾ ਹੈ ਜੋ ਸਾਡੀ ਅਸਲ ਪਛਾਣ ਨੂੰ ਬਰਕਰਾਰ ਰੱਖਣ ਲਈ ਬੇਹੱਦ ਜ਼ਰੂਰੀ ਹੈ।

ਕਦੇ ਸਮਾਂ ਸੀ ਪੰਜਾਬੀ ਲੋਕ-ਧੰਦੇ ਪੰਜਾਬੀ ਸੱਭਿਆਚਾਰ ਦੀ ਰਾਂਗਲੀ ਪਛਾਣ ਪੈਦਾ ਕਰਦੇ ਸਨ। ਨਿਰਛਲ ਸੁਭਾਅ ਦੇ ਸਾਦ-ਮੁਰਾਦੇ ਲੋਕ ਇਨ੍ਹਾਂ ਧੰਦਿਆਂ ਨੂੰ ਆਪਣੇ ਹੁਨਰ ਦੀਆਂ ਕਲਾਤਮਿਕ ਛੋਹਾਂ ਦੇ ਕੇ ਰੂਹ ਨਾਲ ਕਰਦੇ ਸਨ। ਸਿੱਖਿਆ ਦੇ ਪਾਸਾਰ ਅਤੇ ਵਿਗਿਆਨ ਤੇ ਤਕਨਾਲੋਜੀ ਦੀ ਪ੍ਰਗਤੀ ਦੇ ਸਿੱਟੇ ਵਜੋਂ ਇਨ੍ਹਾਂ ਹੁਨਰੀ ਧੰਦਿਆਂ ਦਾ ਗਲ਼ਾ ਘੁਟਿਆ ਗਿਆ ਹੈ। ਇਨ੍ਹਾਂ ਵਿੱਚੋਂ ਬਹੁਤੇ ਤਾਂ ਹੁਣ ਬੀਤੇ ਦੀ ਯਾਦ ਬਣਕੇ ਰਹਿ ਗਏ ਹਨ। ਪੁਰਾਣੇ ਸਮਿਆਂ ਵਿਚ ਪਿੰਡਾਂ ਵਿਚ ਵਿੱਦਿਆ ਦਾ ਪਾਸਾਰ ਘੱਟ ਹੋਣ ਕਾਰਨ, ਲੋਕ ਆਪਣੇ ਬੱਚਿਆਂ ਨੂੰ ਸਕੂਲਾਂ ਵਿਚ ਘੱਟ ਹੀ ਭੇਜਦੇ ਸਨ। ਕੁੜੀਆਂ ਨੂੰ ਤਾਂ ਪੜ੍ਹਾਉਣ ਦਾ ਰਿਵਾਜ ਹੀ ਨਹੀਂ ਸੀ। ਉਨ੍ਹਾਂ ਸਮਿਆਂ ਵਿਚ ਕਿਸੇ ਮੁਟਿਆਰ ਲਈ ਘਰ-ਗ੍ਰਹਿਸਤੀ ਦੇ ਹੋਰ ਕੰਮਾਂ ਦੇ ਨਾਲ-ਨਾਲ ਸੀਣਾ-ਪਰੋਣਾ, ਬੁਣਨਾ, ਕੱਢਣਾ ਆਦਿ ਨੂੰ ਹੀ ਪੜ੍ਹਾਈ ਸਮਝਿਆ ਜਾਂਦਾ ਸੀ। ਉਸ ਸਮੇਂ ਘਰਾਂ ਵਿਚ ਰੰਗ-ਬਰੰਗੀਆਂ ਦਰੀਆਂ ਬੁਣਨ ਦਾ ਰਿਵਾਜ ਆਮ ਹੀ ਸੀ। ਵਿਆਹ ਸਮੇਂ ਕੁੜੀਆਂ ਦੇ ਦਾਜ ਵਿਚ ਇਹ ਦਰੀਆਂ ਵੀ ਦੇਣ ਦਾ ਰਿਵਾਜ ਸੀ। ਇਹ ਦਰੀਆਂ ਜਿੱਥੇ ਦੇਖਣ ਵਿਚ ਖ਼ੂਬਸੂਰਤ ਹੁੰਦੀਆਂ ਉੱਥੇ ਹੰਢਣਸਾਰ ਵੀ ਸਨ। ਅਜਿਹੇ ਹੁਨਰੀ ਕਿੱਤੇ



ਹੁਣ ਬੀਤੇ ਦੀ ਯਾਦ ਬਣ ਕੇ ਰਹਿ ਗਏ ਹਨ। ਸਮੇਂ ਦੇ ਬਦਲਣ ਨਾਲ ਹੁਣ ਕੁੜੀਆਂ ਵੀ ਆਪਣੀ ਮਿਹਨਤ ਦੇ ਬਲਬੂਤੇ ਉੱਚ-ਸਿੱਖਿਆ ਪ੍ਰਾਪਤ ਕਰਕੇ ਜੀਵਨ ਦੇ ਹਰ ਖੇਤਰ ਵਿਚ ਮੋਹਰੀ ਭੂਮਿਕਾ ਅਦਾ ਕਰ ਰਹੀਆਂ ਹਨ।

ਪੁਰਾਣੇ ਵੇਲਿਆਂ ਵਿਚ ਹੱਥ-ਖੱਡੀ ਪੇਂਡੂ ਖੇਤਰ ਵਿਚ ਇਕ ਮਹੱਤਵਪੂਰਨ ਲੋਕ-ਧੰਦਾ ਸੀ। ਰੋਟੀ-ਰੋਜ਼ੀ ਦੇ ਸਾਧਨ ਦੇ ਨਾਲ-ਨਾਲ ਇਹ ਇਨ੍ਹਾਂ ਕਿੱਤਾਕਾਰਾਂ ਦੇ ਕਲਾਤਮਿਕ ਹੁਨਰ ਦਾ ਵੀ ਕਮਾਲ ਸੀ। ਆਮ ਲੋਕ ਹੱਥ-ਖੱਡੀਆਂ ਦਾ ਬੁਣਿਆ ਕੱਪੜਾ ਹੀ ਵਰਤਿਆ ਕਰਦੇ ਸਨ। ਸੂਤ ਦੀਆਂ ਬਹੁਤ ਹੀ ਸੁੰਦਰ ਖੇਸੀਆਂ ਬਣਾਈਆਂ ਜਾਂਦੀਆਂ ਸਨ। ਇਨ੍ਹਾਂ ਦੀ ਸੁੰਦਰਤਾ ਦੇਖਿਆਂ ਹੀ ਬਣਦੀ ਸੀ। ਉਦਯੋਗੀਕਰਨ ਨੇ ਇਨ੍ਹਾਂ ਕਿੱਤਾਕਾਰਾਂ ਦੇ ਹੁਨਰ ਦੀ ਤਾਂ ਇਕ ਤਰ੍ਹਾਂ ਨਾਲ ਫੱਟੀ ਹੀ ਪੋਚ ਦਿੱਤੀ ਹੈ। ਹੁਣ ਵੱਡੀਆਂ ਵੱਡੀਆਂ ਕੱਪੜਾ ਮਿੱਲਾਂ ਅਨੇਕਾਂ ਪ੍ਰਕਾਰ ਦੇ ਕੱਪੜੇ ਤਿਆਰ ਕਰਦੀਆਂ ਹਨ।

ਅਜੋਕੇ ਸਮਿਆਂ ਵਿਚ ਤਾਂ ਆਪਣੀ ਪਸੰਦ ਅਤੇ ਨਾਪ ਦੇ ਅਨੁਸਾਰ ਕੁਝ ਪਲਾਂ ਵਿਚ ਹੀ ਕੱਪੜੇ ਖ਼ਰੀਦ ਕੇ ਪਹਿਨੇ ਜਾ ਸਕਦੇ ਹਨ। ਕੱਪੜਿਆਂ ਦੀ ਵਰਾਇਟੀ ਅਤੇ ਡਿਜ਼ਾਇਨਾਂ ਦਾ ਵੀ ਕੋਈ ਅੰਤ ਨਹੀਂ। ਆਪਣੀ ਸੂਝ ਤੇ ਸਮਰਥਾ ਅਨੁਸਾਰ ਕੱਪੜਾ ਖ਼ਰੀਦਿਆ ਜਾ ਸਕਦਾ ਹੈ। ਬਿਨਾਂ ਸ਼ੱਕ ਵਿਕਾਸ ਦੀ ਇਸ ਪ੍ਰਕਿਰਿਆ ਨੇ ਲੋਕਾਂ ਨੂੰ ਬਹੁਤ ਵੱਡੀ ਸਹੂਲਤ ਪ੍ਰਦਾਨ ਕੀਤੀ ਹੈ। ਦੁਖਦਾਈ ਗੱਲ ਇਹ ਹੈ ਕਿ ਅਸੀਂ ਇਸ ਹੁਨਰ ਨੂੰ ਸੰਭਾਲਣ ਵਿਚ ਕਾਮਯਾਬ ਨਹੀਂ ਹੋਏ। ਘੁਮਿਆਰ ਦੇ ਹੱਥਾਂ ਦਾ ਜਾਦੂ ਵੀ ਲੋਪ ਹੋਣ ਕੰਢੇ ਹੈ। ਪਹਿਲਾਂ ਬਹੁਤ ਹੱਦ ਤਕ ਘਰਾਂ ਵਿਚ ਮਿੱਟੀ ਦੇ ਭਾਂਡੇ ਹੀ ਵਰਤੇ ਜਾਂਦੇ ਸਨ। ਕੁੱਜੇ, ਤੌੜੀਆਂ, ਚਾਟੀਆਂ, ਘੜੇ, ਸੁਰਾਹੀਆਂ, ਧਤੂਨੇ ਅਤੇ ਅਨੇਕਾਂ ਹੋਰ ਬਰਤਨ ਹੁਣ ਘਰਾਂ ਵਿੱਚੋਂ ਲੋਪ ਹੋ ਗਏ ਹਨ ਤੇ ਬੀਤੇ ਦੀ ਯਾਦ ਬਣਕੇ ਰਹਿ ਗਏ ਹਨ। ਅੱਗੇ ਘਰਾਂ ਵਿਚ ਸਾਰਾ ਦਿਨ ਕਾੜ੍ਹਨੇ ਵਿਚ ਦੁੱਧ ਕੜ੍ਹਦਾ ਰਹਿੰਦਾ ਤੇ ਘਰ ਆਏ ਪ੍ਰਾਹੁਣੇ ਦੀ ਸੇਵਾ ਵੀ ਮਲਾਈ ਸਮੇਤ ਕੜ੍ਹੇ ਦੁੱਧ ਨਾਲ ਕੀਤੀ ਜਾਂਦੀ। ਲੱਸੀ ਦੀਆਂ ਚਾਟੀਆਂ ਹੁੰਦੀਆਂ ਤੇ ਸਾਰੇ ਲੱਸੀ ਬੜੇ ਸ਼ੌਕ ਨਾਲ ਪੀਂਦੇ। ਹੁਣ ਪੰਜਾਬ ਦੇ ਪਿੰਡਾਂ ਵਿਚ ਵੀ ਦੁੱਧ ਲਈ ਮੱਝ, ਗਾਂ ਰੱਖਣ ਦਾ ਰਿਵਾਜ ਨਹੀਂ ਰਿਹਾ। ਸਾਡੇ ਲੋਕ-ਗੀਤ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ।

> **ਭਾਸ਼ਾ ਤੇ ਸਾਹਿਤ ਦੀ ਅਮੀਰ ਪੰਰਪਰਾ ਅਤੇ ਮਾਨਵਵਾਦੀ ਪਹੁੰਚ ਸਦਕਾ ਪੰਜਾਬੀ ਸੱਭਿਆਚਾਰ ਦੀ ਸੰਸਾਰ ਪੱਧਰ 'ਤੇ ਆਪਣੀ ਤਰ੍ਹਾਂ ਦੀ ਨਿਵੇਕਲੀ ਪਛਾਣ ਵਿਕਸਤ ਹੋਈ ਹੈ...**

ਕੈਂਠੇ ਵਾਲਾ ਧਾਰ ਕੱਢਦਾ
ਦੁੱਧ ਰਿੜਕੇ ਝਾਂਜਰਾਂ ਵਾਲੀ...

ਘਰਾਂ ਵਿੱਚੋਂ ਦੁੱਧ ਲੋਪ ਹੋਣ ਨਾਲ ਸਭ ਕੁਝ ਹੀ ਬਦਲ ਗਿਆ ਹੈ। ਇਸ ਕਾਰਨ ਹੀ ਘੁਮਿਆਰ ਦੁਆਰਾ ਸਿਰਜੇ ਮਿੱਟੀ ਦੇ ਸਾਰੇ ਭਾਂਡੇ ਵੀ ਘਰਾਂ ਵਿੱਚੋਂ ਲੋਪ ਹੋ ਗਏ ਹਨ। ਪੁਰਾਣੇ ਵੇਲਿਆ ਵਿਚ ਮਟਿਆਰਾਂ ਆਪਣੇ ਹੁਨਰ ਦਾ ਪ੍ਰਗਟਾਵਾ ਕਰਦੀਆਂ ਬਹੁਤ ਹੀ ਸੁੰਦਰ ਪੱਖੀਆਂ ਬਣਾਇਆ ਕਰਦੀਆਂ ਸਨ। ਖਜੂਰ ਦੀਆਂ ਪੱਤੀਆਂ ਨੂੰ ਰੰਗ ਕੇ ਜਾਂ ਕੱਪੜੇ ਦੀਆਂ ਪੱਖੀਆਂ ਰੰਗ-ਬਰੰਗੀਆਂ ਝਾਲਰਾਂ ਲਾ ਕੇ ਅਤੇ ਕਢਾਈ ਨਾਲ ਸੁੰਦਰ ਡਿਜ਼ਾਇਨ ਬਣਾਕੇ ਤਿਆਰ ਕੀਤੀਆਂ ਜਾਂਦੀਆਂ ਸਨ। ਘਰ ਆਏ ਵਿਸ਼ੇਸ਼ ਪ੍ਰਾਹੁਣੇ ਨੂੰ ਅਜਿਹੀ ਪੱਖੀ ਦੇ ਕੇ ਉਸ ਦਾ ਸਤਿਕਾਰ ਕੀਤਾ ਜਾਂਦਾ। ਕੁੜੀਆਂ ਦੇ ਦਾਜ ਵਿਚ ਵੀ ਇਹ ਪੱਖੀਆ ਦਿੱਤੀਆਂ ਜਾਂਦੀਆਂ ਤਾਂ ਕਿ ਕੁੜੀ ਦੇ ਸੁਚਿਆਰੀ ਹੋਣ ਦਾ ਪਤਾ ਲੱਗ ਸਕੇ। ਫੁਲਕਾਰੀ ਦਾ ਜ਼ਿਕਰ ਵੀ ਹੁਣ ਗਰਦਾਸ ਮਾਨ ਦੇ ਗਾਏ ਗੀਤ ਵਿਚ ਹੀ ਰਹਿ ਗਿਆ ਹੈ।

ਘੱਗਰੇ ਵੀ ਗਏ
ਫੁੱਲਕਾਰੀਆਂ ਵੀ ਗਈਆਂ
ਘੁੰਡ ਵੀ ਗਏ ਤੇ
ਘੁੰਡ ਵਾਲੀਆਂ ਵੀ ਗਈਆਂ
ਚੱਲ ਪਏ ਵਲੈਤੀ ਬਾਣੇ
ਕੀ ਬਣੂ ਦੁਨੀਆ ਦਾ
ਸੱਚੇ ਪਾਤਸ਼ਾਹ ਵਾਗਰੁ ਜਾਣੇ...

ਗੱਲ ਕੀ ਬਹੁਤ ਕੁਝ ਲੋਪ ਹੋ ਚੁੱਕਾ ਹੈ ਤੇ ਰਹਿੰਦਾ ਦਿਨੋ-ਦਿਨ ਹੁੰਦਾ ਜਾ ਰਿਹਾ ਹੈ। ਸਾਡੇ ਲੋਕ-ਵਿਰਸੇ ਦੀਆਂ ਬਹੁਤ ਸਾਰੀਆਂ ਵਿਲੱਖਣਤਾਵਾਂ ਹੌਲੀ-ਹੌਲੀ ਬੀਤੇ ਦੀਆਂ ਯਾਦਾਂ ਬਣਦੀਆਂ ਜਾ ਰਹੀਆਂ ਹਨ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਵਿਗਿਆਨ ਦੀ ਪ੍ਰਗਤੀ ਸਦਕਾ ਮਨੁੱਖ ਨੂੰ ਜ਼ਿੰਦਗੀ ਦੀਆਂ ਅਨੇਕਾਂ ਸੁੱਖ-ਸਹੂਲਤਾਂ ਮਿਲੀਆਂ ਹਨ ਪਰ ਇਸ ਮਸ਼ੀਨੀ-ਯੁੱਗ ਦੀ ਟੁੱਟ-ਭੱਜ ਨੇ ਮਨੁੱਖੀ ਸੁਭਾਅ, ਮਨੁੱਖੀ ਰਿਸ਼ਤਿਆਂ ਦੀ ਆਪਸੀ ਸਾਂਝ ਨੂੰ ਇੰਨੇ ਸੰਕੀਰਨ ਬਣਾ ਦਿੱਤਾ ਹੈ ਕਿ ਸਾਡੇ ਵਿੱਚੋਂ ਮੋਹ ਮੁਹੱਬਤ ਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਬਹੁਤ ਪੇਤਲੀਆਂ ਪੈਂਦੀਆਂ ਜਾ ਰਹੀਆਂ ਹਨ। ਅਜੋਕਾ ਮਨੁੱਖ ਆਪਣੀ ਸੱਭਿਆਚਾਰਕ ਵਿਰਸੇ ਦੇ ਮੁੱਲਵਾਨ ਆਦਰਸ਼ਾਂ ਨੂੰ ਤਿਲਾਂਜਲੀ ਦੇ ਕੇ ਉੱਚਾ ਉੱਠਣ ਦੇ ਯਤਨਾਂ ਵਿਚ ਲਗਾਤਾਰ ਨਿੱਘਰਦਾ ਜਾ ਰਿਹਾ ਹੈ। ਸਮੇਂ ਦੇ ਬਦਲਣ ਨਾਲ ਵਿਕਾਸ ਦੀ ਪ੍ਰਕਿਰਿਆ ਨੂੰ ਰੋਕਿਆ ਨਹੀਂ ਜਾ ਸਕਦਾ ਕਿਉਂਕਿ ਇਹ ਸੁਭਾਵਕ ਅਮਲ ਹੈ। ਲੋੜ ਇਸ ਗੱਲ ਦੀ ਹੈ ਕਿ ਆਪਣੇ ਸੱਭਿਆਚਾਰ ਦੇ ਸ਼ਾਨਾਂਮੱਤੇ ਮੂਲ ਆਦਰਸ਼ਾਂ ਨੂੰ ਆਪਣੇ ਮਨੋਂ ਨਾ ਵਿਸਾਰੀਏ। •

98153-56086

## ਪੱਤਰ ਹਰੇ ਕਚੂਰ

# ਅਨਪੜ੍ਹ ਪਰਿਵਾਰ ਦਾ ਪੜ੍ਹਿਆ-ਲਿਖਿਆ ਪੁੱਤ



ਧਨਵੰਤ ਸਿੰਘ
84375-27420

ਧਨਵੰਤ ਸਿੰਘ ਸੰਗਰੂਰ ਦਾ ਜਨਮ ਮਿਹਨਤੀ, ਇਮਾਨਦਾਰ ਤੇ ਕਿਰਤੀ ਵਾਲੇ ਅਨਪੜ੍ਹ ਪਰਿਵਾਰ ਵਿਚ ਹੋਇਆ। ਮਾਪਿਆਂ ਨੇ ਅਨਪੜ੍ਹ ਹੋਣ ਦੇ ਬਾਵਜੂਦ ਆਪਣੇ ਬੱਚਿਆਂ ਨੂੰ ਖ਼ੂਬ ਪੜ੍ਹਾਇਆ ਤੇ ਸਰਕਾਰੀ ਨੌਕਰੀ ਕਰਨ ਦੇ ਯੋਗ ਬਣਾਇਆ। ਧਨਵੰਤ ਦੇ ਘਰੇਲੂ ਹਾਲਾਤ ਖੱਟੇ-ਮਿਸੇ ਹੋਣ ਕਰਕੇ ਉਸ ਦੀ ਸੰਘਰਸ਼ੀ ਜ਼ਿੰਦਗੀ ਕੱਚੇ ਪੱਕੇ ਰਸਤਿਆਂ 'ਤੇ ਤੁਰਦੀ ਰਹੀ ਹੈ। ਉਸ ਨੂੰ ਜਦ ਵਿਹਲ ਮਿਲਦੀ ਉਸ ਨੇ ਸ਼ਿਵ ਕੁਮਾਰ ਅਤੇ ਬਾਬਾ ਬੁੱਲ੍ਹੇ ਸ਼ਾਹ ਦੇ ਕਲਾਮ ਨੂੰ ਪੜ੍ਹਨਾ ਸ਼ੁਰੂ ਕਰ ਦੇਣਾ ਜੋ ਉਸ ਦੇ ਮਨ ਦੀ ਭਟਕਣਾ ਨੂੰ ਸ਼ਾਂਤ ਕਰਦੇ। ਸਾਹਿਤ ਪੜ੍ਹਦੇ-ਪੜ੍ਹਦੇ ਧਨਵੰਤ ਦੀ ਰੂਹ ਦੇ ਵਿਹੜੇ ਕਵਿਤਾਵਾਂ ਤੇ ਵਾਰਤਕ ਲਿਖਣ ਦਾ ਬੀਜ ਪੁੰਗਰ ਆਇਆ। ਜਿਸ ਦਾ ਪਾਲਣ ਪੋਸ਼ਣ ਸੁਰਜੀਤ ਸਿੰਘ ਢਿੱਲੋਂ ਮੈਲਬੋਰਨ, ਬਲਬੀਰ ਸਿੰਘ ਗੁਲਸ਼ਨ ਤੇ ਗੁਰਜੀਤ ਸਿੰਘ ਗਿੱਲ ਦੀ ਤਿੱਕੜੀ ਨੇ ਕੀਤਾ। ਉਨ੍ਹਾਂ ਨੇ ਧਨਵੰਤ ਨੂੰ ਸਾਹਿਤ ਵੱਲ ਪ੍ਰੇਰਿਆ ਤੇ ਆਪਣੇ ਤਜਰਬਿਆਂ ਨਾਲ ਉਸ ਨੂੰ ਸਹੀ ਦਿਸ਼ਾ ਦਿੰਦੀ। ਜਿਸ ਦਾ ਨਤੀਜਾ ਸਾਹਿਤ ਸਿਰਜਣਾ ਦੇ ਰੂਪ ਵਿਚ ਧਨਵੰਤ ਦੀਆਂ ਰਚਨਾਵਾਂ ਸਾਡੇ ਸਾਹਮਣੇ ਹਨ । ਆਓ ਮਾਣਦੇ ਹਾਂ ਉਸ ਦੀ ਰਚਨਾ।

• ਕੁਲਦੀਪ ਸਿੰਘ ਬੰਗੀ
94174 - 07778

### ਕਵਿਤਾ

## ਮੇਰਾ ਨਾਂ

ਕਾਫ਼ਿਰ ਰੱਖ ਦਿਉ
ਮੇਰਾ ਨਾਂ
ਮੈਨੂੰ ਵੀ ਮਿਲ ਜਾਊ।
ਮੇਰੀ ਪਛਾਣ
ਜੇ ਕਰ ਸਕੋ
ਤਾਂ ਕਰੋ ਅਹਿਸਾਨ
ਟੰਗ ਦਿਉ ਤਖ਼ਤੀ
ਅਹਿਸਾਨ ਫ਼ਰਾਮੋਸ਼ ਦੀ

ਕਿ ਪਵੇ ਨਾ ਭੁਲੇਖਾ
ਰਾਹਗੀਰਾਂ ਨੂੰ
ਸਿੱਧਾ ਉਲਾਂਭਾ ਘਰ ਆਵੇ
ਕੀਤੀ ਹੋਈ ਬੇਇਮਾਨੀ ਦਾ।

ਅੱਜ ਵੀ ਤੜਫ਼ ਰਹੇ ਨੇ ਪੋਟੇ
ਬਿਨਾਂ ਆਲ੍ਹਣੇ ਤੋਂ
ਜੋ ਸੁੱਤ 'ਤਾ ਸੀ ਕਦੀ ਮੈਂ
ਆਪਣੀ ਗਰਜ਼ ਦੇ ਲਈ।
ਇਤਫ਼ਾਕ ਨਹੀਂ ਕੋਈ
ਆਖ਼ਰ ਇਹ ਤਾਂ ਹੋਣਾ ਹੀ ਸੀ
ਧਨਵੰਤ ਤੂੰ ਜਦੋਂ ਖੋਹੇ ਨੇ ਹਾਸੇ
ਫਿਰ ਮੁਕੱਦਰਾਂ ਵਿਚ ਰੋਣਾ ਹੀ ਸੀ।

## ਲੋਪ ਹੋ ਰਹੀਆਂ ਸੱਥਾਂ

ਕੁਝ ਦਹਾਕੇ ਪਹਿਲਾਂ ਤਕ ਹਰੇਕ ਪਿੰਡ ਦੇ ਬਾਹਰਬਾਰ ਬਰੋਟੇ ਜਾ ਪਿੱਪਲ ਦੇ ਥੱਲੇ ਬਣੇ ਥੜ੍ਹੇ 'ਤੇ ਲੋਕ ਆ ਕੇ ਬੈਠਦੇ ਹੁੰਦੇ ਸਨ। ਇਸ ਥੜ੍ਹੇ ਨੂੰ ਸੱਥ ਕਿਹਾ ਜਾਂਦਾ ਸੀ। ਜਿੱਥੇ ਬੈਠ ਕੇ ਲੋਕ ਵੱਖ-ਵੱਖ ਮੁੱਦਿਆਂ ਤੇ ਵਿਚਾਰ ਵਟਾਦਰਾ ਕਰਦੇ ਜਿਵੇਂ ਕਿ ਪਿੰਡ ਦੀਆਂ ਸਮੱਸਿਆਵਾਂ, ਖੇਤੀਬਾੜੀ, ਧਾਰਮਿਕ, ਸਮਾਜਿਕ, ਸੱਭਿਆਚਾਰਕ, ਕਦਰਾਂ ਕੀਮਤਾਂ ਆਦਿ ਦੀਆਂ ਗੱਲਾਂ ਕਰਕੇ ਸਮਾਂ ਗੁਜਾਰਦੇ ਸਨ। ਬਜ਼ੁਰਗ ਇਨ੍ਹਾਂ ਸੱਥਾ ਦੀ ਸਾਨ ਹੁੰਦੇ ਸੀ। ਇਸ ਕਰਕੇ ਹਰ ਕੋਈ ਇਨ੍ਹਾਂ ਦਾ ਸਤਿਕਾਰ ਕਰਦਾ ਸੀ। ਬਜ਼ੁਰਗ ਸਾਰੇ ਪਿੰਡ ਦੇ ਲੋਕਾਂ ਨੂੰ ਇੱਕੋ ਮਾਲ਼ਾ ਵਿਚ ਪਰੋ ਕੇ ਰੱਖਦੇ,ਪਿੰਡਾਂ ਦੇ ਬਹੁਤੇ ਮਸਲੇ ਸੱਥਾਂ ਵਿਚ ਬੈਠਿਆਂ ਹੀ ਹੱਲ ਹੋ ਜਾਂਦੇ। ਸੱਥਾਂ ਪਿੰਡ ਦੇ ਲੋਕਾਂ ਦਾ ਵਿਹਲਾ ਸਮਾਂ ਬਿਤਾਉਣ 'ਚ ਸਹਾਈ ਹੁੰਦੀਆਂ ਸਨ।

> **ਸੱਥਾਂ ਆਪਸੀ ਸਾਂਝ ਵਧਾਉਂਦੀਆਂ ਸਨ। ਇਨ੍ਹਾਂ ਵਿਚ ਬੈਠ ਕੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਜਿਸ ਨਾਲ ਗਿਆਨ ਵਿਚ ਵਾਧਾ ਹੁੰਦਾ ਸੀ।**

ਬਜ਼ੁਰਗ ਆਪਣੇ ਨਾਲ ਪੋਤੇ-ਪੋਤੀਆਂ ਨੂੰ ਵੀ ਲਿਆਉਂਦੇ, ਜਿਸ ਨਾਲ ਕਿ ਉਹ ਆਪਣੀਆਂ ਕਦਰਾਂ-ਕੀਮਤਾਂ, ਪਿਆਰ, ਭਾਈਚਾਰਾ, ਸੱਭਿਆਚਾਰ ਤੋਂ ਅਗਲੀ ਪੀੜ੍ਹੀ ਜਾਗਰੂਕ ਹੁੰਦੀ ਸੀ ਪਰ ਅਜੋਕਾ ਸਮਾਂ ਆਧੁਨਿਕਤਾ ਨਾਲ ਭਰਭੂਰ ਹੈ। ਹੁਣ ਪਿੰਡਾਂ ਵਿੱਚੋਂ ਸੱਥਾਂ ਬਹੁਤ ਘੱਟ ਗਈਆਂ ਹਨ. ਕਈ ਪਿੰਡਾਂ ਵਿਚ ਤਾਂ ਇਨ੍ਹਾਂ ਦੀ ਹਾਲਤ ਖ਼ਸਤਾ ਹੋ ਚੁੱਕੀ ਹੈ। ਕੁਝ ਪਿੰਡਾਂ ਵਿਚ ਤਾਂ ਇਹ ਲੋਪ ਵੀ ਹੋ ਗਈਆਂ ਹਨ। ਸੱਥਾਂ ਦੇ ਲੋਪ ਹੋਣ ਪਿੱਛੇ ਬਹੁਤ ਸਾਰੇ ਕਾਰਨ ਹਨ, ਜਿਵੇ : ਲੋੜ ਤੋਂ ਵੱਧ ਤਕਨੀਕੀ ਸਾਧਨਾਂ ਦੀ ਵਰਤੋਂ। ਆਧੁਨਿਕਤਾ। ਪੈਸੇ ਕਮਾਉਣ ਦੀ ਲੱਗੀ ਹੋੜ। ਵੱਡਿਆਂ ਦਾ ਸਤਿਕਾਰ ਨਾ ਰਹਿਣਾ ਆਦਿ।

ਹੁਣ ਵਿਹਲੇ ਸਮੇਂ ਨੂੰ ਬਿਤਾਉਣ ਲਈ ਰੇਡੀਓ, ਟੀਵੀ, ਮੋਬਾਈਲ, ਇੰਟਰਨੈੱਟ 'ਤੇ ਹੋਰ ਅਨੇਕਾਂ ਪ੍ਰਕਾਰ ਦੇ ਤਕਨੀਕੀ ਸਾਧਨ ਆ ਗਏ ਨੇ। ਬਹੁਤੇ ਲੋਕ ਇਨ੍ਹਾਂ ਵਿਚ ਸਮਾਂ ਲੰਘਾਉਦੇ ਨੇ। ਕੁਝ ਘਰਾਂ ਦੇ ਬਜ਼ੁਰਗ ਤਾਂ ਇਕ ਕਮਰੇ ਵਿਚ ਕੈਦ ਹੋ ਕੇ ਰਹਿ ਗਏ ਨੇ। ਉਨ੍ਹਾਂ ਨਾਲ ਕੋਈ ਸਮਾਂ ਨਹੀਂ ਬਿਤਾਉਂਦਾ। ਜਿਸ ਸਦਕਾ ਉਹ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਨ। ਜ਼ਿਆਦਾਤਰ ਬੱਚੇ ਬੱਚੀਆਂ ਬਜ਼ੁਰਗਾਂ ਕੋਲ ਰਹਿਣ ਦੀ ਬਜਾਇ ਆਧੁਨਿਕ ਤਕਨੀਕੀ ਸਾਧਨਾਂ ਨਾਲ ਸਮਾਂ ਲੰਘਾਉਂਦੇ ਨੇ। ਸ਼ਾਇਦ ਇਹੀ ਕਾਰਨ ਹੈ ਲੋਕਾਂ ਵਿਚ ਘੱਟ ਰਹੀ ਇਨਸਾਨੀਅਤ ਦਾ।

ਸੱਥਾਂ ਜਿੱਥੇ ਸਾਡੇ ਰਿਸ਼ਤਿਆਂ ਨੂੰ ਮਜ਼ਬੂਤ ਕਰਦੀਆਂ, ਆਪਸੀ ਸਾਂਝ ਨੂੰ ਵਧਾਉਂਦੀਆਂ, ਉੱਥੇ ਹੀ ਇਨ੍ਹਾਂ ਵਿਚ ਬੈਠ ਕੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਵਟਾਦਰਾਂ ਹੁੰਦਾ, ਜਿਸ ਨਾਲ ਗਿਆਨ ਵਿਚ ਵਾਧਾ ਹੁੰਦਾ ਸੀ। ਸੱਥਾਂ ਦੇ ਘੱਟ ਰਹੇ ਰੁਝਾਨ ਕਾਰਨ ਬਹੁਤ ਸਾਰੇ ਬੱਚੇ ਇਨ੍ਹਾਂ ਗੱਲਾਂ ਤੋਂ ਵਾਝੇ ਰਹਿ ਗਏ ਨੇ।ਲੋੜ ਹੈ ਸਾਨੂੰ ਸਾਰੇ ਪਿੰਡਾਂ ਵਿਚ ਸੱਥਾਂ ਨੂੰ ਮੁੜ ਸੁਰਜੀਤ ਕਰਨ ਦੀ ਤਾਂ ਜੋ ਅਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਸੱਭਿਆਚਾਰ ਤੋਂ ਜਾਣੂ ਕਰਾ ਸਕੀਏ। ਇਨ੍ਹਾਂ ਨੂੰ ਮੁੜ ਸੁਰਜੀਤ ਕਰਨ ਲਈ ਪਿੰਡ ਦੀਆਂ ਪੰਚਾਇਤਾਂ, ਆਮ ਲੋਕ ਅਹਿਮ ਰੋਲ ਨਿਭਾ ਸਕਦੇ ਹਨ, ਜਿਸ ਸਦਕਾ ਲੋਪ ਹੋ ਰਹੀ ਸੱਭਿਅਤਾ ਮੁੜ ਤੋਂ ਸਾਡੇ ਹੱਥਾਂ ਵਿਚ ਆ ਸਕੇ।

• ਹਰਜਿੰਦਰ ਨੌਲੜੀ
89680-93033



# ਅਮੁੱਲ ਹੁੰਦੀ ਹੈ ਮਾਂ ਦੀ ਮਮਤਾ

**ਰੱਬ ਕੋਲੋਂ ਇਕੱਲਿਆਂ ਸ੍ਰਿਸ਼ਟੀ ਨੂੰ ਸੰਭਾਲ ਨਾ ਹੋਇਆ ਤਾਂ ਉਸ ਨੇ ਸਿਰਜਣ ਸ਼ਕਤੀ ਨਾਲ ਔਰਤ ਬਣਾਈ। ਫਿਰ ਇਸ ਨੂੰ ਆਪਣੀ ਥਾਂ ਜਨਮਦਾਤੀ ਬਣਾ ਕੇ ਕਈ ਕੰਮ ਇਸ ਨੂੰ ਸੌਂਪ ਦਿੱਤੇ। ਇਨ੍ਹਾਂ ਕੰਮਾਂ ਨੂੰ ਉਹ ਆਪਣੀ ਹਿੰਮਤ ਤੇ ਲਿਆਕਤ ਨਾਲ ਕਰਦੀ ਆ ਰਹੀ ਹੈ। ਇਸੇ ਲਈ ਰੱਬ ਦਾ ਦੂਜਾ ਨਾਂ ਹੈ ਮਾਂ...**



ਸਤਨਾਮ ਕੌਰ ਚੌਹਾਨ
98886-15531

ਹੇ ਸਖੀ ਤੇਰੇ ਕਿੰਨੇ ਨਾਮ ਨੇ, ਔਰਤ, ਨਾਰੀ, ਇਸਤਰੀ, ਮੈਡਮ, ਤੀਵੀਂ ਤੇ ਕਿੰਨੇ ਹੀ ਰਿਸ਼ਤੇ-ਮਾਂ, ਚਾਚੀ, ਤਾਈ, ਮਾਸੀ, ਭੂਆ, ਦਾਦੀ, ਨਾਨੀ, ਭਰਜਾਈ, ਭੈਣ, ਬੇਟੀ, ਧੀ, ਦਰਾਣੀ, ਜਠਾਣੀ, ਸੱਸ, ਭਤੀਜੀ, ਭਾਣਜੀ, ਨੂੰਹ, ਸੌਂਕਣ, ਬੇਗਮ। ਕੋਈ ਵੀ ਹੋਰ ਐਸਾ ਅਕਸ ਨਹੀਂ ਜਿਸ ਦੇ ਇੰਨੇ ਸਾਰੇ ਨਾਂ ਹੋਣ। ਵਾਹ ਨੀ-ਕਾਦਰ ਦੀਏ ਕੁਦਰਤੇ। ਕੁਦਰਤ ਦੀ ਇਸ ਸ਼ਾਹਕਾਰ ਰਚਨਾ ਨੇ ਆਪਣਾ ਹਰ ਰੋਲ ਬੜੀ ਬਾਖ਼ੂਬੀ ਨਿਭਾਇਆ ਹੈ, ਜ਼ਿੰਦਗੀ ਦੀ ਇਸ ਸਟੇਜ 'ਤੇ।

ਵੇਦਾਂ ਵਿਚ ਲਿਖਿਆ ਹੈ, ਇਸਤਰੀ ਦੀ ਹਾਜ਼ਰੀ ਤੋਂ ਬਿਨ੍ਹਾਂ ਕੋਈ ਵੀ ਯੱਗ ਸੰਪੂਰਨ ਨਹੀਂ ਹੁੰਦਾ ਸੀ। ਕਹਿੰਦੇ ਨੇ ਕਿ ਕੰਨਿਆ ਦਾਨ ਬਿਨ੍ਹਾਂ ਬ੍ਰਾਹਮਣ ਵਰਗ ਵਿਚ ਜੀਵਨ ਅਧੂਰਾ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਰੱਬ ਕੋਲੋਂ ਇਕੱਲਿਆਂ ਸ੍ਰਿਸ਼ਟੀ ਨੂੰ ਸੰਭਾਲ ਨਾ ਹੋਇਆ ਤਾਂ ਉਸ ਨੇ ਨਾਰੀ ਬਣਾਈ ਤੇ ਆਪਣੀ ਥਾਂ ਉਸ ਨੂੰ ਜਨਮਦਾਤੀ ਬਣਾ ਛੱਡਿਆ। ਆਪਣੇ ਅੱਧੇ ਕੰਮ ਔਰਤ ਨੂੰ ਸੌਂਪ ਛੱਡੇ। ਜਿਨ੍ਹਾਂ ਨੂੰ ਉਹ ਆਪਣੀ ਹਿੰਮਤ, ਲਿਆਕਤ ਨਾਲ ਨਿਭਾਉਂਦੀ ਆ ਰਹੀ ਹੈ। ਇਸੇ ਲਈ ਹੀ ਸ਼ਾਇਦ ਕਹਿੰਦੇ ਨੇ ਕਿ 'ਰੱਬ ਦਾ ਦੂਜਾ ਨਾ ਮਾਂ ਹੈ।'

ਹਵਾ ਦਾ ਹੋਣਾ ਆਦਮ ਨੂੰ ਖਟਕਣ ਲੱਗਾ ਤਾਂ ਉਹ ਉਸ ਨੂੰ ਨੀਵਾਂ ਦਿਖਾਉਣ ਲਈ ਸਕੀਮਾਂ ਲਾਉਣ ਲੱਗਾ ਤੇ ਕੁਦਰਤ ਨੇ ਸਮਝਾ ਦਿੱਤਾ ਕਿ ਨਾਰੀ ਆਦਮੀ ਦਾ ਅੱਧਾ ਹਿੱਸਾ ਹੈ ਤੇ ਇਸ ਨਾਲ ਮਿਲਕੇ ਚਲਦਾ ਹੈ ਪਰ ਆਦਮੀ ਤਾਂ ਸਾਰੀ ਖ਼ੁਦਾਈ 'ਤੇ ਰਾਜ ਕਰਨਾ ਚਾਹੁੰਦਾ ਸੀ। ਉਸ ਨੇ ਔਰਤ ਤੋਂ ਗ਼ੁਲਾਮੀ ਕਰਾਉਣੀ ਸ਼ੁਰੂ ਕਰ ਦਿੱਤੀ ਅਤੇ ਇਹ ਆਖਿਆ ਕਿ ਔਰਤ ਤਾਂ ਪੈਰ ਦੀ ਜੁੱਤੀ ਹੈ। ਇਸ ਨੂੰ ਮਨ ਪ੍ਰਚਾਵੇ ਦਾ ਸਾਧਨ ਬਣਾ ਲਿਆ। ਇੱਥੋਂ ਤਕ ਇਸ ਨੂੰ ਖ਼ਰੀਦਣਾ-ਵੇਚਣਾ ਸ਼ੁਰੂ ਕਰ ਦਿੱਤਾ। ਜਦੋਂ ਬਾਬਾ ਨਾਨਕ ਧਰਤੀ 'ਤੇ ਆਇਆ ਤਾਂ ਉਸ ਨੇ ਕਿਹਾ, 'ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਹੋਵਣ ਵਿਆਹੁ।'

ਫੇਰ ਕੁਝ ਚਲਾਕ ਲੋਕਾਂ ਨੇ ਭੰਡਿ ਵੀ ਪੁਕਾਰਨਾ ਸ਼ੁਰੂ ਕੀਤਾ ਇਸਤਰੀ ਨੂੰ ਪਰ ਇਸਤਰੀ ਨੇ ਮਨੁੱਖ ਵੱਲੋਂ ਦਿੱਤੇ ਹਰ ਦੁੱਖ, ਤੋਹਮਤ ਦਾ ਮੁਕਾਬਲਾ ਕੀਤਾ। ਇਹ ਕਦੀ ਚੰਡੀ, ਕਦੀ ਦੁਰਗਾ, ਕਾਲੀ ਮਾਤਾ, ਝਾਂਸੀ ਦੀ ਰਾਣੀ, ਜੋ ਵੀ ਉਸ ਦੇ ਸਾਹਮਣੇ ਵਜੂਦ ਆਇਆ ਝਟ ਆਪੇ ਨੂੰ ਉਸ ਵਿਚ ਢਾਲ ਲਿਆ। ਆਪਣੀ ਕਲਾ ਦੇ ਜ਼ੌਹਰ ਦਿਖਾਏ, ਔਰਤ ਭੈਣ ਨਾਨਕੀ, ਮਾਈ ਭਾਗੋ ਤਿਆਗ ਦੀ ਮੂਰਤ ਮਾਂ ਸੁਲੱਖਣੀ ਅਤੇ ਪੂਰਾ ਸਰਬੰਸ ਵਾਰਨ ਵਾਲੀ ਮਾਂ ਗੁਜਰੀ ਵੀ ਬਣੀ।





ਮਮਤਾ ਦਾ ਕੋਈ ਮੁੱਲ ਨਹੀਂ, ਮਾਂ ਆਪਣਾ ਸੁੱਖ ਤਿਆਗ ਕੇ ਆਪਣੇ ਧੀਆਂ-ਪੁੱਤਰਾਂ ਲਈ ਹੀ ਜਿਉਂਦੀ ਹੈ। ਆਪਣੀ ਖ਼ੁਸ਼ੀ ਨੂੰ ਮਮਤਾ ਵਿਚ ਸਮਾਂ ਦਿੰਦੀ ਹੈ। ਕਈ ਦੁੱਖ, ਸਿਤਮ ਸਹਿਕੇ ਵੀ ਆਪਣੀ ਧੀ ਲਈ ਪੂਣੀ-ਪੂਣੀ ਕਰਕੇ ਨੱਕ ਰੱਖਣ ਦਾ ਯਤਨ ਕਰਦੀ ਹੈ। ਉਹ ਉਮਰ ਭਰ ਪਰਾਈ ਬਣ ਕੇ ਵੀ ਆਪਣੀ ਬਣੀ ਰਹਿੰਦੀ ਹੈ। ਇਸ ਦੀ ਫ਼ਿਤਰਤ ਹੀ ਇਹੋ ਹੈ।

ਔਰਤ ਨੂੰ ਕਈ ਵਾਰ ਵਿਚਾਰੀ ਵੀ ਬਣਨਾ ਪੈਂਦਾ ਹੈ। ਹੁਣ ਮਰਦ ਔਰਤ ਨੂੰ ਪੈਦਾ ਹੀ ਨਹੀਂ ਹੋਣ ਦਿੰਦਾ ਪਰ ਇੱਥੇ ਇਹ ਭੁੱਲ ਜਾਂਦਾ ਹੈ ਕਿ ਇਸ ਨੇ ਹੀ ਪੁੱਤਰ ਜੰਮਣੇ ਹਨ। ਭਾਵੇਂ ਅੱਜ ਕੱਲ੍ਹ ਇਹ ਵਰਤਾਰਾ ਘੱਟ ਹੋ ਰਿਹਾ ਹੈ। ਲੋਕ ਜਾਗਰੂਕ ਹੋ ਰਹੇ ਹਨ। ਧੀ-ਪੁੱਤਰ 'ਚ ਫ਼ਰਕ ਕਰਨਾ ਛੱਡ ਦਿੱਤਾ ਹੈ। ਧੀਆਂ ਵੀ ਅੱਜ ਅੰਬਰੀ ਹੱਥ ਲਾ ਰਹੀਆਂ ਹਨ। ਪੁੱਤਰ ਭਾਵੇਂ ਕਈ ਵਾਰ ਮਾੜੀ ਸੰਗਤ 'ਚ ਪੈਣ ਕਰਕੇ ਗ਼ਲਤ ਰਾਹ ਪੈ, ਗ਼ਲਤ ਆਦਤਾ ਗ੍ਰਹਿਣ ਕਰ ਲੈਂਦੇ ਹਨ ਪਰ ਔਰਤ ਨੇ ਮਾਂ ਬਣ, ਮਮਤਾ ਲੁਟਾਈ, ਭੈਣ ਬਣ ਭਰਾ ਦੀ ਧਿਰ ਬਣੀ। ਜੇ ਪਿਆਰ ਕੀਤਾ ਤਾਂ ਸੱਸੀ ਵਾਂਗੂ ਥਲਾਂ ਵਿਚ ਵੀ ਸੜੀ। ਨਿਰਾ ਪਿਆਰ-ਹੀ-ਪਿਆਰ, ਰੇਸ਼ਮ ਵਰਗੀ ਤੰਦ ਨਾਲ ਪਿਆਰ ਨੂੰ ਬੰਨ੍ਹਣ ਵਾਲੀ।

> **ਕੁਦਰਤ ਦੀ ਇਹ ਸ਼ਾਹਕਾਰ ਮਾਂ ਹਮੇਸ਼ਾ ਹੀ ਧਰਤੀ ਦਾ ਸ਼ਿੰਗਾਰ ਬਣੀ ਰਹੇ। ਇਸ ਦੇ ਨਾਲ ਘਰਾਂ ਵਿਚ ਬਰਕਤਾਂ ਤੇ ਰੌਣਕਾਂ ਨੇ ਤੇ ਇਹ ਇਵੇਂ ਹੀ ਬਣੀਆਂ ਰਹਿਣ...**

ਕਦੇ-ਕਦੇ ਪੁੱਤਰ ਕਪੁੱਤਰ ਹੋ ਮਾਪਿਆਂ ਨੂੰ ਲਾਵਾਰਿਸ ਛੱਡ ਦਿੰਦੇ ਹਨ ਤਾਂ ਇਹੋ ਧੀ ਉਨ੍ਹਾਂ ਦੀ ਵਾਰਸ ਬਣਦੀ ਤੇ ਉਨ੍ਹਾਂ ਨੂੰ ਸੰਭਾਲਦੀ ਹੈ। ਹਰ ਥਾਂ ਉਹ ਮਰਦ ਦੇ ਬਰਾਬਰ ਖੜ੍ਹੀ ਹੈ। ਉਹ ਤ੍ਰਿੰਝਣਾ ਵਿਚ ਚਰਖੇ ਤੇ ਪੂਣੀਆਂ ਕੱਤਦੀ, ਪਿੱਪਲੀ ਪੀਂਘ ਝੂਟਦੀ ਐਸੀ ਉਡਾਣ ਭਰੀ ਕਿ ਅੱਜ ਉਹ, ਡਾਕਟਰ, ਪਾਇਲਟ, ਇੰਜੀਨਿਅਰ, ਡਰਾਈਵਰ, ਸਰਹੱਦਾਂ ਦੀ ਰਾਖੀ ਵੀ ਕਰ ਰਹੀ ਹੈ। ਇਸ ਦੇ ਨਾਲ ਹੀ ਘਿਨਾਉਣੇ ਵਾਕਿਆਂ ਹੋ ਰਹੇ ਹਨ। ਸਮੂਹਿਕ ਬਲਾਤਕਾਰ ਦੇ ਜੋ ਝੰਝੋੜ ਕੇ ਰੱਖ ਦਿੰਦੇ ਮਨੁੱਖਤਾ ਨੂੰ। ਕਾਸ਼! ਇਨ੍ਹਾਂ ਜ਼ਾਲਮਾਂ ਨੂੰ ਆਵੇ ਤੇ ਨਿੱਤ ਦਿਹਾੜੇ ਕੂੰਜਾਂ ਨਾ ਫੱਟੜ ਹੋਣ, ਨਾ ਵਲੂੰਧਰੀਆਂ ਜਾਣ। •

ਕੌਮੀ ਪਤ੍ਰਿਕਾ



# ਨਜ਼ਰ-ਅੰਦਾਜ਼ ਨਾ ਕਰੋ ਬੱਚਿਆਂ ਦੀਆਂ ਗ਼ਲਤੀਆਂ

**ਬੱਚਿਆਂ ਨੂੰ ਇਕ ਦੂਜੇ ਦੀ ਮਦਦ ਕਰਨੀ ਸਿਖਾਈ ਜਾਵੇ। ਇਹ ਆਦਤ ਘਰ, ਸਕੂਲ, ਪਾਰਕ ਆਦਿ ਥਾਵਾਂ 'ਤੇ ਕਾਰ-ਵਿਹਾਰ ਕਰਦੇ ਹੋਏ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰੇਗੀ ਤੇ ਮਾਤਾ-ਪਿਤਾ ਦਾ ਨਾਂ ਵੀ ਚਮਕਾਵੇਗੀ...**

ਇਕਵਾਕ ਸਿੰਘ ਪੱਟੀ

ਅਕਸਰ ਪਰਿਵਾਰਾਂ ਵਿਚ ਜਦ ਛੋਟੇ ਬੱਚੇ ਤੋਤਲਾ ਬੋਲਣਾ ਸ਼ੁਰੂ ਕਰਦੇ ਹਨ ਤਾਂ ਸਭ ਨੂੰ ਬਹੁਤ ਚੰਗੇ ਲੱਗਦੇ ਹਨ। ਉਹ ਜੋ ਵੀ ਬੋਲਦੇ ਹਨ ਉਸਦਾ ਉਚਾਰਨ ਭਾਵੇਂ ਗ਼ਲਤ ਵੀ ਹੋਵੇ ਪਰ ਸਾਨੂੰ ਸੁਣਨ ਵਿਚ ਵਧੀਆ ਅਤੇ ਪਿਆਰਾ ਲੱਗਦਾ ਹੈ। ਫਿਰ ਜਿਵੇਂ-ਜਿਵੇਂ ਬੱਚੇ ਵੱਡੇ ਹੁੰਦੇ ਜਾਂਦੇ ਹਨ ਤਾਂ ਉਨ੍ਹਾਂ ਦੇ ਬੋਲ ਹੋਰ ਸਪੱਸ਼ਟ ਹੁੰਦੇ ਜਾਂਦੇ ਹਨ ਪਰ ਕੁਝ ਆਦਤਾਂ ਜਾਂ ਵੱਡਿਆਂ ਨੂੰ ਬੁਲਾਉਣ ਦਾ ਢੰਗ ਨਹੀਂ ਬਦਲਦਾ। ਕਈ ਵਾਰ ਅਸੀਂ ਵੀ ਬੱਚਿਆਂ ਦੀ ਉਹ ਆਦਤਾਂ ਬਦਲਣ ਦੀ ਕੋਸ਼ਿਸ਼ ਨਹੀਂ ਕਰਦੇ। ਮਿਸਾਲ ਦੇ ਤੌਰ ਤੇ ਛੋਟੇ ਬੱਚੇ ਕਈ ਵਾਰ ਆਪਣੇ ਮਾਤਾ-ਪਿਤਾ ਜਾਂ ਪਰਿਵਾਰ ਦੇ ਹੋਰ ਜੀਆਂ ਦਾ ਨਾਂ ਲੈ ਕੇ ਬੁਲਾਉਂਦੇ ਹਨ, ਉਦੋਂ ਤਾਂ ਸਾਨੂੰ ਚੰਗਾ ਲੱਗਦਾ ਹੈ ਪਰ ਜਿਵੇਂ ਜਿਵੇਂ ਬੱਚੇ ਵੱਡੇ ਹੋ ਜਾਂਦੇ ਹਨ ਉਨ੍ਹਾਂ ਦੀ ਇਹੀ ਆਦਤ ਬਣ ਜਾਂਦੀ ਹੈ, ਜਦ ਕਿਤੇ ਅੰਦਰ ਬਾਹਰ ਉਹ ਆਪਣੇ ਮਾਤਾ-ਪਿਤਾ ਨੂੰ ਨਾਂ ਲੈ ਕੇ ਬੁਲਾਉਣ ਤਾਂ ਉਸ ਵੇਲੇ ਸਾਨੂੰ ਕਿਰਕਿਰੀ ਜਿਹੀ ਹੋਈ ਮਹਿਸੂਸ ਹੁੰਦੀ ਹੈ, ਕਿਉਂਕਿ ਇਸ ਨਾਲ ਮਾਤਾ-ਪਿਤਾ ਦੀ ਪਰਵਰਿਸ਼ ਤੇ ਵੀ ਸਵਾਲੀਆ ਚਿੰਨ੍ਹ ਲੱਗ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਹੋ ਰਹੇ ਵਿਕਾਸ ਦੇ ਨਾਲ ਨਾਲ ਅਸੀਂ ਕੁਝ ਸਮਾਂ ਬੱਚਿਆਂ ਵਾਸਤੇ ਕੱਢ ਕੇ ਉਨ੍ਹਾਂ ਦੀ ਬੋਲ-ਬਾਣੀ, ਉੱਠਣ-ਬੈਠਣ, ਖਾਣ-ਪੀਣ ਆਦਿ ਦਾ ਸਲੀਕਾ ਵੀ ਸਿਖਾਈਏ।

## ਸਮਝਾਉਣ ਦੀ ਕੋਸ਼ਿਸ਼

ਧੰਨਵਾਦ ਕਹਿਣ ਦੀ ਆਦਤ:ਅਕਸਰ ਹੀ ਛੋਟੇ ਬੱਚਿਆਂ ਦੇ ਜਨਮ ਦਿਨ ਮੌਕੇ ਜਾਂ ਵੈਸੇ ਵੀ ਜਦ ਮਹਿਮਾਨ ਘਰ ਆਉਂਦੇ ਹਨ ਤਾਂ ਘਰ ਵਿਚ ਛੋਟੇ ਬੱਚੇ ਹੋਣ ਕਰਕੇ ਉਨ੍ਹਾਂ ਲਈ ਕੁੱਝ ਤੋਹਫ਼ੇ, ਚਾਕਲੇਟ, ਟਾਫੀਆਂ ਜਾਂ ਹੋਰ ਸੌਗਾਤਾਂ ਲੈ ਕੇ ਆਉਂਦੇ ਹਨ ਤਾਂ ਬੱਚਿਆਂ ਕੋਲੋਂ ਮਹਿਮਾਨਾਂ ਨੂੰ ਧੰਨਵਾਦ, ਮਿਹਰਬਾਨੀ ਕਹਿਣ ਦੀ ਆਦਤ ਪਾਉਣੀ ਚਾਹੀਦੀ ਹੈ ਕਿਉਂਕਿ ਕਈ ਵਾਰ ਦੇਖਣ ਵਿੱਚ ਆਉਂਦਾ ਹੈ ਬੱਚੇ ਕਹਿ ਦਿੰਦੇ ਹਨ ਕਿ ਇਹ ਤੋਹਫਾ ਉਹਨਾਂ ਨੂੰ ਪਸੰਦ ਨਹੀਂ ਹੈ, ਜਾਂ ਇਸ ਨੂੰ ਬਦਲ ਕੇ ਦੂਜਾ ਲੈ ਕੇ ਦਿਓ ਜਾਂ ਕਈ ਵਾਰ ਆਪ ਹੀ ਮਹਿਮਾਨਾਂ ਕੋਲੋਂ ਪੈਸੇ ਜਾਂ ਤੋਹਫੇ ਮੰਗਦੇ ਹਨ। ਬੱਚੇ ਹੋਣ ਕਰਕੇ ਸਾਹਮਣੇ ਤਾਂ ਕੋਈ ਕੁੱਝ ਨਹੀਂ ਕਹਿੰਦਾ ਪਰ ਪਿੱਠ ਪਿੱਛੇ ਜ਼ਰੂਰ ਗੱਲਾਂ ਬਣ ਜਾਂਦੀਆਂ ਹਨ ਅਤੇ ਬੱਚਿਆਂ ਲਈ ਵੀ ਅਜਿਹੀ ਆਦਤ ਅੱਗੇ ਜਾ ਕੇ ਨੁਕਸਾਨ ਵਾਲੀ ਹੋ ਸਕਦੀ ਹੈ, ਇਸ ਲਈ ਬੱਚਿਆਂ ਨੂੰ ਚੰਗੀ ਸਿੱਖਿਆ ਉਹਨਾਂ ਦੇ ਵੱਡੇ ਹੋਣ ਦੇ ਨਾਲ ਨਾਲ ਹੀ ਦਿੰਦੇ ਰਹਿਣਾ ਚਾਹੀਦਾ ਹੈ ਅਤੇ ਹਰ ਮਿਲਣ ਵਾਲੀ ਸ਼ੈਅ ਲਈ ਧੰਨਵਾਦ ਬੱਚਿਆਂ ਕੋਲੋਂ ਕਹਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।



## ਇੰਤਜ਼ਾਰ ਕਰਨਾ

ਛੋਟੇ ਬੱਚਿਆਂ ਨੂੰ ਘਰ ਦੇ ਦਰਵਾਜ਼ੇ 'ਤੇ ਲੱਗੀ ਘੰਟੀ ਵਜਾਉਣਾ ਬਹੁਤ ਅਨੰਦਿਤ ਕਰਦਾ ਹੈ। ਉਹ ਬਾਰ-ਬਾਰ ਉਸ ਨੂੰ ਵਜਾਉਂਦੇ ਹਨ, ਜੋ ਕਿ ਬਹੁਤ ਭੱਦਾ ਲੱਗਦਾ ਹੈ, ਕਿਉਂਕਿ ਅੰਦਰ ਬੈਠਾ ਬੰਦਾ ਖਿੱਝ ਜਾਂਦਾ ਹੈ ਅਤੇ ਬੁਰਾ ਭਲਾ ਕਹਿੰਦਾ ਹੋਇਆ ਬਾਹਰ ਬੂਹਾ ਖੋਲ੍ਹਣ ਆਉਂਦਾ ਹੈ। ਇਸ ਦੇ ਨਾਲ ਦਰਵਾਜ਼ਾ ਖੁੱਲ੍ਹਦੇ ਹੀ ਸਾਡੇ ਬੱਚੇ ਬਿਨ੍ਹਾਂ ਸਲਾਮ ਦੁਆ ਕੀਤੇ ਇਕ ਦਮ ਭੱਜ ਕੇ ਅੰਦਰ ਵੱਲ ਨੂੰ ਭੱਜ ਜਾਂਦੇ ਹਨ, ਜੋ ਕਿ ਵੱਡਿਆ ਲਈ ਵੀ ਨਮੋਸ਼ੀ ਭਰਿਆ ਹੁੰਦਾ ਹੈ। ਇਸ ਲਈ ਬੱਚਿਆਂ ਨੂੰ ਦੱਸਿਆ ਜਾਵੇ ਕਿ ਘੰਟੀ ਵਜਾਉਣ ਤੋਂ ਬਾਅਦ ਕੁਝ ਦੇਰ ਇੰਤਜ਼ਾਰ ਕਰਨਾ ਚਾਹੀਦਾ ਹੈ। ਦੋਸਤ-ਮਿੱਤਰ, ਰਿਸ਼ਤੇਦਾਰ ਜਾਂ ਕਿੰਨਾ ਵੀ ਨਜ਼ਦੀਕੀ ਕਿਉਂ ਨਾ ਹੋਵੇ, ਸ਼ਿਸ਼ਟਾਚਾਰ ਹਰ ਥਾਂ ਉਨਾਂ ਹੀ ਜ਼ਰੂਰੀ ਹੁੰਦਾ ਹੈ।

## ਸੰਬੋਧਨ

ਜਿਵੇਂ ਸ਼ੁਰੂ ਵਿੱਚ ਹੀ ਅਸੀਂ ਗੱਲ ਕਰ ਆਏ ਹਾਂ ਕਿ ਜਦ ਬੱਚੇ ਘਰ ਵਿਚ ਵੱਡਿਆਂ ਦਾ ਨਾਂ ਲੈਂਦੇ ਹਨ ਤਾਂ ਅਸੀਂ ਅਣਦੇਖਾ ਕਰ ਜਾਂਦੇ ਹਨ ਅਤੇ ਵੱਡੇ ਹੋਣ ਤੇ ਉਨ੍ਹਾਂ ਦੀ ਇਹੀ ਆਦਤ ਪੱਕ ਜਾਂਦੀ ਹੈ, ਜਿਸ ਨੂੰ ਬਦਲਣਾ ਬਾਅਦ ਵਿਚ ਮੁਸ਼ਕਿਲ ਹੋ ਜਾਂਦਾ ਹੈ। ਜਦ ਅਸੀ ਵੱਡਿਆਂ (ਰਿਸ਼ਤੇਦਾਰਾਂ) ਨਾਲ ਬੱਚਿਆਂ ਨੂੰ ਮਿਲਵਾਉਂਦੇ ਹਨ ਤਾਂ ਬੱਚਿਆਂ ਇਹ ਜ਼ਰੂਰ ਦੱਸਿਆ ਜਾਵੇ ਕਿ ਉਹ ਸਾਡੇ ਰਿਸ਼ਤੇ ਵਿਚ ਕੀ ਲੱਗਦੇ ਹਨ ਤਾਂ ਕਿ ਬੱਚੇ ਛੇਤੀ ਨਾਲ ਵੱਡਿਆਂ ਨੂੰ ਕਿਵੇਂ ਅਤੇ ਕਿਸ ਰਿਸ਼ਤੇ ਦੇ ਨਾਂ ਤੇ ਸੰਬੋਧਨ ਹੋਣਾ ਹੈ ਪਤਾ ਲੱਗ ਜਾਏ।

## ਸਬਰ ਰੱਖਣ ਦੀ ਜਾਚ

ਰਿਸ਼ਤੇਦਾਰਾਂ ਦੇ ਘਰ ਜਾਂ ਕੁਝ ਥਾਵਾਂ ਤੇ ਜਾ ਕੇ ਬੱਚੇ ਬਹੁਤ ਜਲਦੀ ਘੁਲ ਮਿਲ ਜਾਂਦੇ ਹਨ ਅਤੇ ਫਿਰ ਆਪਣੀ ਮਰਜ਼ੀ ਕਰਦੇ ਹੋਏ ਜਿੱਧਰ ਮਰਜ਼ੀ ਬਿਨ੍ਹਾਂ ਦੇਖੇ ਜਾਂ ਸੋਚੇ ਸਮਝੇ ਭੱਜੇ ਫਿਰਦੇ ਹਨ, ਜਿਵੇਂ ਮਰਜ਼ੀ ਕਿਸੇ ਚੀਜ਼ ਨੂੰ ਬਿਨ੍ਹਾਂ ਇਜਾਜ਼ਤ ਦੇ ਚੁੱਕ ਲੈਂਦੇ ਹਨ। ਕਈ ਵਾਰ ਕੁੱਝ ਚੀਜ਼ਾਂ ਜਾਂ ਖਿਡੌਣੇ ਟੁੱਟ ਵੀ ਜਾਂਦੇ ਹਨ। ਉਸ ਵੇਲੇ ਮੌਕੇ ਤੇ ਹੀ ਅਸੀਂ ਬੱਚਿਆਂ ਨੂੰ ਝਿੜਕ ਦਿੰਦੇ ਹਾਂ ਜਾਂ ਕਈ ਵਾਰ ਥੱਪੜ ਵੀ ਜੜ੍ਹ ਦਿੰਦੇ ਹਾਂ। ਇਸ ਨਾਲੋਂ ਚੰਗਾ ਹੈ ਕਿ ਬੱਚਿਆਂ ਨੂੰ ਘਰ ਵਿੱਚ ਹੀ ਜਾਂ ਘਰ ਆ ਕੇ ਹਰ ਚੀਜ਼ ਪ੍ਰਤੀ ਉਹਨਾਂ ਦੀ ਜੁਆਬਦੇਹੀ ਦੀ ਆਦਤ ਸਿਖਾਈ ਜਾਵੇ। ਜਦ ਤਕ ਮੇਜ਼ਬਾਨ ਖਾਣ ਲਈ ਨਾ ਕਹੇ ਤਦ ਤੱਕ ਸਬਰ ਰੱਖਣ ਦੀ ਜਾਚ ਬੱਚਿਆਂ ਨੂੰ ਸਿਖਾਈ ਜਾਵੇ। ਇਸੇ ਤਰ੍ਹਾਂ ਬੱਚਿਆਂ ਵੱਲੋਂ ਜੂਠਾ ਛੱਡਣ ਦੀ ਆਦਤ ਨੂੰ ਜ਼ਰੂਰ ਬਦਲਿਆ ਜਾਵੇ ਅਤੇ ਘਰ ਵਿੱਚ ਵੀ ਇਹ ਯਕੀਨੀ ਬਣਾਇਆ ਜਾਵੇ।

## ਪ੍ਰੇਰਣਾ

ਕਿਸੇ ਦੇ ਘਰ ਪ੍ਰਹੁਣੇ ਬਣ ਕੇ ਜਾਣ ਤੋਂ ਬਾਅਦ ਉੱਥੇ ਖਾਣਾ ਪ੍ਰੋਸਣ ਵੇਲੇ ਇਕ ਦੂਜੇ ਦੀ ਮੱਦਦ ਕਰਨ ਦੀ ਜਾਚ ਸਿਖਾਈ ਜਾਵੇ। ਇਹ ਆਦਤ ਘਰ, ਸਕੂਲ, ਪਾਰਕ ਬਾਜ਼ਾਰ ਆਦਿ ਹੋਰ ਥਾਵਾਂ ਤੇ ਕਾਰ-ਵਿਹਾਰ ਕਰਦੇ ਹੋਏ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰੇਗੀ ਅਤੇ ਮਾਤਾ-ਪਿਤਾ ਦਾ ਵੀ ਨਾਂ ਚਮਕੇਗਾ। ਘਰੇਲੂ ਕੰਮਾਂ ਵਿੱਚ ਵੀ ਬੱਚਿਆਂ ਨੂੰ ਆਪਣੇ ਮਾਤਾ-ਪਿਤਾ, ਦਾਦਾ-ਦਾਦੀ, ਭੈਣ-ਭਰਾ ਨਾਲ ਛੋਟੇ ਮੋਟੇ ਕੰਮਾਂਕਾਰਾਂ ਵਿਚ ਹੱਥ ਵਟਾਉਣ ਦੀ ਜਾਂਚ ਸਿਖਾਈ ਜਾਵੇ। ਅਜਿਹੇ ਹੋਰ ਵੀ ਬਹੁਤ ਸਾਰੇ ਨੁਕਤੇ ਹਨ ਜਿੰਨ੍ਹਾਂ ਨੂੰ ਅਜ਼ਮਾ ਕੇ ਅਸੀਂ ਆਪਣੇ ਬੱਚਿਆਂ ਨੂੰ ਚੰਗੀ ਤਹਿਜ਼ੀਬ ਸਿਖਾ ਸਕਦੇ ਹਾਂ। ਇਹ ਕੇਵਲ ਬਚਪਨ ਵਿੱਚ ਹੀ ਨਹੀਂ ਸਗੋਂ ਉਮਰ ਦੇ ਹਰ ਪੜਾਅ ਵਿੱਚ ਉਨ੍ਹਾਂ ਦੀ ਮੱਦਦ ਕਰੇਗੀ ਅਤੇ ਹੋਰਨਾਂ ਲਈ ਵੀ ਪ੍ਰੇਰਣਾ ਸਰੋਤ ਬਣੇਗੀ। ਜਿਹੋ ਜਿਹਾ ਵਿਹਾਰ ਅਸੀਂ ਬੱਚਿਆਂ ਕੋਲੋਂ ਚਾਹੁੰਦੇ ਹਾਂ ਉਹੋ ਜਿਹਾ ਵਿਵਹਾਰਕ ਜੀਵਣ ਸਾਨੂੰ ਵੀ ਜਿਊਣਾ ਪਵੇਗਾ। ਆਓ! ਬੱਚਿਆਂ ਨੂੰ ਚੰਗੇ ਨਾਗਰਿਕ ਅਤੇ ਸਾਮਜਿਕ ਜੀਵ ਬਣਾਉਣ ਵਿੱਚ ਉਹਨਾਂ ਦੀ ਮੱਦਦ ਕਰੀਏ।



# ਨਾਨਕੇ ਜਾਣ ਦਾ ਚਾਅ

ਸੁਖਪਾਲ ਸਿੰਘ ਗਿੱਲ


ਬਦਲੇ ਸਮੇਂ ਅਤੇ ਸਮਾਜਿਕ ਕ੍ਰਾਂਤੀ ਨੇ ਬਹੁਤੀਆਂ ਰਸਮਾਂ ਅਤੇ ਰਿਵਾਜ ਆਪਣੀ ਬੁੱਕਲ ਵਿਚ ਲੁਕੋ ਲਏ ਹਨ। ਕਈ ਵਾਰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਸਮਾਜਿਕ ਪ੍ਰਾਣੀ ਹੀ ਨਹੀਂ ਰਹੇ। ਰਿਸ਼ਤੇ ਨਾਤਿਆਂ ਦੀ ਮੋਹ ਭਿੱਜੀ ਦਾਸਤਾਨ ਚਾਅ ਮਲ੍ਹਾਰਾਂ ਵਿੱਚੋਂ ਨਿਕਲ ਕੇ ਨਾਪਾਕ ਇਰਾਦਿਆਂ ਵੱਲ ਤੁਰ ਪਈ ਹੈ। ਇਸੇ ਪ੍ਰਸੰਗ ਵਿਚ ਪਿੱਛੇ ਝਾਤ ਮਾਰ ਕੇ ਦੇਖੀਏ ਤਾਂ ਨਾਨਕਿਆਂ ਨੂੰ ਜਾਣ ਦਾ ਚਾਅ ਫਿੱਕਾ ਪੈ ਗਿਆ ਹੈ। ਸਮਾਜਿਕ ਜੀਵ ਦੀ ਸੁਰਤਾਲ ਕਰਕੇ ਨਾਨਕਿਆਂ ਦਾ ਚਾਅ ਹੁੰਦਾ ਸੀ ਜੋ ਹੁਣ ਫ਼ਿਕਰਾਂ ਅਤੇ ਬੇ-ਸੁਆਦਗੀ ਵਿਚ ਗੁਆਚ ਗਿਆ ਹੈ। ਨਾਨਕਾ ਪਰਿਵਾਰ ਨਾਨੇ ਦਾ ਟੱਬਰ ਕਹਿਲਾਉਂਦਾ ਹੈ। ਇਸ ਟੱਬਰ ਨਾਲ ਮੋਹ ਨੂੰ ਸਮਾਜਿਕ ਮਾਨਤਾ ਹਾਸਲ ਹੈ। ਜੰਮਣ ਤੋਂ ਲੈ ਕੇ ਮਰਨ ਤਕ ਬਹੁਤ ਰਸਮਾਂ ਰਿਵਾਜ ਨਾਨਕਿਆਂ ਤੋਂ ਬਿਨਾਂ ਅਧੂਰੇ ਹੁੰਦੇ ਹਨ। ਅੱਜ ਜੰਮਣ ਤੋਂ ਬਾਅਦ ਨਾਨਕਿਆਂ ਵੱਲੋਂ ਦਿੱਤੀ ਜਾਂਦੀ ਛੂਛਕ ਹਕੀਕਤ ਦੀ ਬਜਾਏ ਕਿਤਾਬਾਂ ਵਿਚ ਹੀ ਮਿਲਦੀ ਹੈ। ਨਾਨਕ-ਛੱਕ ਦੇਣ ਦਾ ਰੁਝਾਨ ਨਾਨਕਿਆਂ ਨਾਲ ਮੋਹ ਭਿੱਜੀ ਰਸਮ ਹੈ। ਸਾਡੇ ਸੱਭਿਆਚਾਰ ਵਿਚ ਵੀ ਨਾਨਕ-ਛੱਕ ਦੇਣ ਸਮੇਂ ਨਾਨਕਿਆਂ ਨੂੰ ਸੱਭਿਆਚਾਰਕ ਟਕੋਰਾਂ ਦੇਣ ਦੀ ਵੰਨਗੀ ਮਿਲਦੀ ਹੈ।

*ਛੱਜ ਓਹਲੇ ਛਾਨਣੀ*
*ਪਰਾਤ ਓਹਲੇ ਡੋਈ ਵੇ*
*ਨਾਨਕਿਆਂ ਦਾ ਮੇਲ ਆਇਆ*
*ਚੱਜ ਦਾ ਨਾ ਕੋਈ ਵੇ...*

ਸਮਾਂ ਸੀ ਜਦੋਂ ਬਚਪਨ ਵਿਚ ਸਕੂਲ ਜਾਂਦੀ ਸਾਰ ਹੀ ਨਾਨਕੇ ਜਾਣ ਦੇ ਚਾਅ ਵਿਚ ਛੁੱਟੀਆਂ ਦੀ ਉਡੀਕ ਕਰਦੇ ਰਹਿੰਦੇ ਸੀ। ਬੱਸ ਉਤਰ ਕੇ ਮਾਂ ਤੋਂ ਪਹਿਲਾਂ ਭੱਜ ਕੇ ਨਾਨੀ ਨੂੰ ਮਿਲਣਾ ਅਲੱਗ ਮੋਹ ਦੀ ਖਿੱਚ ਹੁੰਦੀ ਸੀ। ਕੁਝ ਘਰਾਂ ਵਿਚ ਟਾਵਾਂ ਟਿੱਲੇ ਬਾਪੂ ਵੱਲੋਂ ਬੇਬੇ ਨੂੰ ਕੁੱਟ ਕੇ ਨਾਨਕੇ ਭੇਜ ਦਿੱਤਾ ਜਾਂਦਾ ਸੀ। ਇਸ ਸਮੇਂ ਬੱਚੇ ਨੂੰ ਨਾਨਕੇ ਜਾਣ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਸੀ। ਕਿਹਾ ਵੀ ਜਾਂਦਾ ਹੈ 'ਪੇਕੇ ਮਾਂਵਾ ਨਾਲ ਨਾਨਕੇ ਨਾਨੀ ਨਾਲ।'ਨਾਨਕੇ ਜਾਣਾ ਦਾ ਹੱਕ ਅਤੇ ਨਾਨਕਿਆਂ ਵੱਲੋਂ ਆਓ ਭਗਤ ਫ਼ਰਜ਼ ਹੁੰਦੇ ਸਨ। ਨਾਨਕੇ ਜਾਣ ਲਈ ਸਕੂਲ ਅਤੇ ਘਰ ਦਾ ਕੰਮ ਚਾਅ-ਚਾਅ ਵਿਚ ਮੁਕਾ ਲਿਆ ਜਾਂਦਾ ਸੀ। ਨਾਨੇ-ਨਾਨੀ ਨਾਲ ਲਾਡ ਬੱਚੇ ਨੂੰ ਵਿਗਾੜ ਵੀ ਦਿੰਦਾ ਸੀ। ਜੀਤੋ , ਪ੍ਰੀਤੋ ਅਤੇ ਨਸੀਬੋ ਦਾ ਬੱਚਾ ਹੈ ਇਹ ਬੱਚੇ ਦੀ ਪਛਾਣ ਨਾਨਕਿਆਂ ਵਿਚ ਮਾਂ ਦੇ ਨਾਂ ਨਾਲ ਹੁੰਦੀ ਸੀ। ਕੋਈ ਨਹੀਂ ਕਹਿੰਦਾ ਸੀ ਕਿ ਨੱਥੇ ਜਾ ਬੰਤੇ ਦਾ ਬੱਚਾ ਹੈ। ਨਾਨੇ-ਨਾਨੀ ਵੱਲੋਂ ਦਿੱਤੀ ਜਾਂਦੀ ਚੀਜ਼ੀ ਕਰਕੇ ਨਾਨਕਿਆਂ ਦਾ ਚਾਅ ਰਹਿੰਦਾ ਸੀ।

98781-11445

# ਦਾਦੇ ਪੋਤੇ ਦਾ ਪਿਆਰ



ਅਕਸਰ ਇਹ ਗੱਲ ਸੁਣਦੇ ਹਾਂ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਇਹ ਗੱਲ ਜਦੋਂ ਦਾਦਾ ਆਪਣੇ ਪੋਤੇ ਨੂੰ ਜਾਨ ਤੋਂ ਵਧ ਪਿਆਰ ਕਰਦਾ ਹੋਵੇ। ਬੱਚੇ ਦਾ ਮਾਂ ਪਿਉ ਦੀ ਇਹ ਸ਼ਿਕਾਇਤ ਹੁੰਦੀ ਹੈ ਕਿ ਸਾਡੀ ਔਲਾਦ ਨੂੰ ਤਾਂ ਦਾਦੀ-ਦਾਦੇ ਦੇ ਪਿਆਰ ਨੇ ਵਿਗਾੜ ਕੇ ਰੱਖ ਦਿੱਤਾ। ਸਾਡਾ ਤਾਂ ਕਹਿਣਾ ਹੀ ਨਹੀਂ ਮੰਨਦੇ। ਕਈ ਵਾਰ ਘਰਾਂ ਵਿਚ ਇਹ ਨੋਕ-ਝੋਕ ਸੁਣਨ ਵੇਖਣ ਨੂੰ ਮਿਲਦੀ ਹੈ ਪਰ ਪਿਆਰ ਦੀ ਕੋਈ ਹੱਦ ਸੀਮਿਤ ਨਹੀਂ ਹੁੰਦੀ। ਕਿਉਂਕਿ ਮਾਂ ਪਿਉ ਨੂੰ ਜ਼ਿੰਦਗੀ ਦੇ ਰੁਝੇਵੇਂ ਹੀ ਨਹੀਂ ਛੱਡਦੇ। ਦੂਜੇ ਪਾਸੇ ਰੁਝੇਵਿਆਂ ਤੋਂ ਪਰੇ ਹਟ ਕੇ ਦਾਦੇ-ਦਾਦੀਆਂ ਆਪਣੀਆਂ ਪੋਤੇ-ਪੋਤਿਆਂ ਨੂੰ ਖੁਆਉਣ ਪਿਆਉਣ ਵਿਚ ਲੱਗੇ ਰਹਿੰਦੇ ਹਨ ਤੇ ਫਿਰ ਇਹ ਵੀ ਗੱਲ ਇੱਥੇ ਕਹਿਣੀ ਬਣਦੀ ਹੈ ਕਿ ਬੱਚਾ ਤੇ ਜਾਨਵਰ ਦੋਵੇਂ ਪਿਆਰ ਦੇ ਭੁੱਖੇ ਹੁੰਦੇ ਹਨ। ਇਨ੍ਹਾਂ ਨੂੰ ਜੋ ਵੀ ਪਿਆਰ ਕਰਦਾ, ਉਸ ਵੱਲ ਭੱਜੇ ਆਉਂਦੇ ਹਨ।

ਕਈ ਮਿਸਾਲਾ ਸਮਾਜ ਵਿਚ ਹਨ ਕਿ ਦਾਦੇ-ਦਾਦੀਆਂ ਨੇ ਆਪਣੇ ਪੋਤੇ-ਪੋਤੀਆਂ ਵਾਸਤੇ ਕੀ ਕਰ ਦਿੱਤਾ। ਕਹਿੰਦੇ ਹਨ ਕਿ ਕੋਈ ਇਨਸਾਨ ਭਾਵੇਂ ਉਸ ਦਾ ਸਮਾਜ ਵਿਚ ਕਿੱਡਾ ਵੱਡਾ ਰੁਤਬਾ ਵੀ ਕਿਉਂ ਨਾ ਹੋਵੇ। ਉਹ ਕਿਸੇ ਅੱਗੇ ਵੀ ਝੁਕਿਆ ਨਾ ਹੋਵੇ। ਕਿਸੇ ਦੀ ਗੱਲ ਵੀ ਨਾ ਮੰਨਦਾ ਹੋਵੇ। ਗੱਲ ਕੀ ਜਿੱਡਾ ਮਰਜ਼ੀ ਜ਼ਿੱਦੀ ਜਾਂ ਢੀਠ ਨਾ ਹੋਵੇ ਪਰ ਉਹ ਉਸ ਵਕਤ ਮੋਮ ਬਣ ਜਾਂਦਾ ਹੈ। ਜਦੋਂ ਉਸ ਦਾ ਪੋਤਰਾ ਕਹੇ,'ਬਾਪੂ ਤੂੰ ਘੋੜਾ ਬਣ ਜਾ।' ਉਹ ਇਕ ਵਾਰੀ ਵੀ ਨਹੀਂ ਸੋਚੇਗਾ। ਫੱਟ ਜ਼ਮੀਨ 'ਤੇ ਲੰਮਾ ਪੈ ਕੇ ਉਸ ਅੱਗੇ ਘੋੜਾ ਬਣ ਜਾਵੇਗਾ। ਫਿਰ ਬੱਚਾ ਭਾਵੇਂ ਉਸ ਨੂੰ ਘੋੜਾ ਬਣਾਵੇ ਤੇ ਭਾਵੇਂ ਉਸ ਨੂੰ ਜ਼ਮੀਨ ਤੇ ਲਿਟਾਈ ਜਾਵੇ, ਕੋਈ ਫ਼ਰਕ ਨਹੀਂ ਪੈਂਦਾ। ਇਹ ਹੁੰਦਾ ਹੈ ਦਾਦੇ ਦਾ ਪੋਤਿਆਂ ਦਾ ਪਿਆਰ।

• ਜਸਵਿੰਦਰ ਸਿੰਘ ਭੁਲੇਰੀਆਂ
75891-55501

# ਜਾਗੀਆਂ ਰੂਹਾਂ ਦੀ ਦਾਸਤਾਂ

ਸੁਰਜੀਤ ਸਿੰਘ 'ਔਲਖ'

ਸੰਸਾਰ ਦੀ ਸੱਭਿਅਤਾ ਦਾ ਇਤਿਹਾਸ ਪੜ੍ਹ ਕੇ ਪਤਾ ਲੱਗਦਾ ਹੈ ਕਿ ਜਿਨ੍ਹਾਂ ਕੌਮਾਂ ਨੇ ਸੰਸਾਰ ਵਿਚ ਜਾਗ੍ਰਿਤੀ ਲਿਆਂਦੀ ਅਤੇ ਜਿਸ ਤੋਂ ਰੋਸ਼ਨੀ ਲੈ ਕੇ ਜਗਤ ਨੇ ਜੀਵਨ-ਯਾਤਰਾ ਦੇ ਸੁਖੈਨ ਅਤੇ ਚੰਗੇ ਢੰਗ ਸਿੱਖੇ, ਉਨ੍ਹਾਂ ਵਿੱਚੋਂ ਯੂਨਾਨੀ ਇਕ ਉੱਘੀ ਅਤੇ ਚੋਟੀ ਦੀ ਕੌਮ ਹੋਈ ਹੈ। ਕਈ ਲੋਕਾਂ ਦਾ ਖ਼ਿਆਲ ਹੈ ਕਿ ਭਾਰਤਵਰਸ਼ ਤੋਂ ਬਾਅਦ, ਜੋ ਪੱਛਮੀ ਕੌਮਾਂ ਨੂੰ ਦੀਨੀ ਅਤੇ ਦੁਨਿਆਵੀ ਵਿੱਦਿਆ ਵਿਚ ਪ੍ਰਸਿੱਧ ਉਸਤਾਦ ਮਿਲਿਆ, ਉਹ ਯੂਨਾਨ ਹੀ ਸੀ। ਪੱਛਮੀ ਫਲਸਫ਼ੇ ਦਾ ਮੂਲ ਜੇ ਯੂਨਾਨ ਦੇ ਦਿਮਾਗ਼ ਤੋਂ ਮੰਨ ਲਿਆ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ। ਜਿਹੜੇ ਮਹਾਪੁਰਸ਼ਾਂ ਨੇ ਅੱਡੋ- ਅੱਡ ਸਮਿਆਂ ਵਿਚ ਪੈਦਾ ਹੋ ਕੇ ਆਪਣੇ ਉੱਚ-ਜੀਵਨ ਨਾਲ ਇਸ ਸ਼ਾਨ ਨੂੰ ਵਧਾਇਆ ਹੈ, ਉਨ੍ਹਾਂ ਵਿੱਚੋਂ ਸੁਕਰਾਤ ਦਾ ਨਾਂ ਵਰਣਨਯੋਗ ਹੈ। ਇਸ ਮਹਾਤਮਾ ਦੇ ਜੀਵਨ ਵੱਲ ਨਜ਼ਰ ਮਾਰੀਏ ਤਾਂ ਸੱਚ, ਸ਼ਾਤੀ, ਧੀਰਜ ਅਤੇ ਧਰਮ ਦਾ ਇਕ ਦਰਿਆ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ, ਜਿਸ ਨੇ ਕੁਰਬਾਨੀਆਂ ਦੇ ਉਛਾਲੇ ਨਾਲ, ਯੂਨਾਨੀ ਅਤੇ ਹੋਰ ਕੌਮਾਂ ਦੇ ਹਿਰਦੇ ਨੂੰ ਸਿੰਜਿਆ ਹੈ। ਸੁਕਰਾਤ ਯੂਨਾਨ ਵਿਚ ਆਪਣੀ ਨੇਕੀ ਵਾਸਤੇ ਐਨਾ ਮਸ਼ਹੂਰ ਸੀ ਕਿ ਇਸ ਦਾ ਨਾਂ ਸੌਕਰਾਟੀਜ਼ 'ਨਿਆਇ ਦੀ ਪਾਲਣਾ ਕਰਨ ਵਾਲਾ' ਪੈ ਗਿਆ।

## ਸ਼ਕਤੀ ਦਾ ਦੇਵਤਾ

ਸੁਕਰਾਤ ਦਾ ਪਿਤਾ ਸੈਫਰੋਨੈਫ਼ਿਸ, ਯੂਨਾਨ ਵਿਚ ਇਕ ਬੁੱਤ-ਘਾੜਾ ਸੀ। ਉਸ ਜ਼ਮਾਨੇ ਵਿਚ ਬੁੱਤ-ਪੂਜਾ ਦਾ ਬਹੁਤ ਜ਼ੋਰ ਹੋਣ ਕਰਕੇ ਇਸ ਪੇਸ਼ੇ ਵਿਚ ਕਾਰੀਗਰਾਂ ਨੂੰ ਬਹੁਤ ਸਾਰੀ ਆਮਦਨ ਹੋ ਜਾਂਦੀ ਸੀ ਕਿਉਂਕਿ ਓਦੋਂ ਪੁਰਾਣਿਕ ਮਤ ਵਾਲਿਆਂ ਵਾਂਗੂ, ਯੂਨਾਨੀਆਂ ਦਾ ਵੀ ਹਰ ਇਕ ਸ਼ਕਤੀ ਦਾ ਦੇਵਤਾ ਵੱਖੋ-ਵੱਖ ਹੁੰਦਾ ਸੀ। ਸੁਕਰਾਤ ਨੇ ਪਹਿਲਾਂ ਆਪਣੇ ਪਿਤਾ ਦਾ ਪੇਸ਼ਾ ਸਿੱਖਿਆ ਤੇ ਇਸ ਕੰਮ ਨੂੰ ਬੜੀ ਯੋਗਤਾ ਨਾਲ ਸਿਰੇ ਚੜ੍ਹਾਇਆ ਪਰ ਕਿਸ ਨੂੰ ਪਤਾ ਸੀ ਕਿ ਅਕਾਲ ਪੁਰਖ ਦੀ ਅਗੰਮ ਸ਼ਕਤੀ ਇਸ ਬੁੱਤ ਘਾੜੇ ਦੇ ਮੁੰਡੇ ਤੋਂ ਨਿਰਾ ਇਹ ਕੰਮ ਹੀ ਨਹੀਂ ਛੁਡਾ ਦੇਵੇਗੀ ਸਗੋਂ, ਉਹ ਸਾਰੇ ਦੇਸ਼ ਅਤੇ ਸੰਸਾਰ ਵਿਚ ਆਪਣੇ ਪ੍ਰਚਾਰ ਦੇ ਬਲ ਨਾਲ, ਬੁੱਤ ਪੂਜਾ ਤੋਂ ਲੋਕਾਂ ਨੂੰ ਹਟਾਉਂਦਾ ਹੋਇਆ ਬੁੱਤ ਘਾੜਿਆਂ ਦੀ ਕਾਰੀਗਰੀ ਨੂੰ ਵੀ ਬਹੁਤ ਹਾਨੀ ਪਹੁੰਚਾਉਣ ਵਾਲਾ ਸਾਬਤ ਹੋਵੇਗਾ। ਸੁਕਰਾਤ ਨੂੰ ਵਿੱਦਿਅਕ ਗੱਲਾਂ ਦਾ ਬਹੁਤ ਸ਼ੌਕ ਸੀ ਪਰ ਗ਼ਰੀਬ ਕਾਰੀਗਰ ਦਾ ਪੁੱਤਰ ਹੋਣ ਕਰਕੇ ਵਿੱਦਿਆ ਪ੍ਰਾਪਤੀ ਦਾ ਕੋਈ ਸਾਧਨ ਨਾ ਬਣ ਸਕਿਆ।ਅਖੀਰ ਅਚਾਨਕ ਇਕ ਦਿਨ ਅਜਿਹਾ ਦਾਨੀ ਮਿਲ ਗਿਆ, ਜਿਸ ਦੇ ਕੋਲ ਪਦਾਰਥਾਂ ਤੋਂ ਬਿਨਾਂ ਫਲਸਫ਼ੇ ਦਾ ਵੀ ਵੱਡਾ ਖ਼ਜ਼ਾਨਾ ਸੀ ਜਿਸ ਦਾ ਨਾਂ ਕਰੇਤੋ ਸੀ। ਕਰੇਤੋ ਨੇ ਸੁਕਰਾਤ ਵਿਚ ਸੁਭਾਵਕ ਹੀ ਬਹੁਤ ਸਾਰੀ ਯੋਗਤਾ ਅਤੇ ਬੁੱਧੀ ਬਲ ਦੇਖ ਕੇ ਉਸ ਨੂੰ ਵਿੱਦਿਆ ਵੱਲ ਪ੍ਰੇਰਿਤ ਕੀਤਾ।

## ਸ਼ੁੱਭ-ਸ਼ਗਨ

ਸੁਕਰਾਤ ਨੇ ਆਪਣੇ ਪਿਉ ਦਾਦੇ ਦਾ ਪੇਸ਼ਾ ਤਿਆਗ ਦਿੱਤਾ ਅਤੇ ਪਾਇਥਾਗੋਰਸ ਕੋਲੋਂ, ਜਿਹੜਾ ਕਿ ਉਸ ਵੇਲੇ ਯੂਨਾਨ ਵਿਚ ਇਕ ਉੱਘਾ ਹਕੀਮ ਸੀ, ਧਾਰਮਿਕ ਅਤੇ ਫ਼ਲਸਫ਼ੇ ਦੀ, ਵਿੱਦਿਆ ਸਿੱਖਣ ਲੱਗਿਆ। ਉਸ ਸਮੇਂ ਦਾਰਸ਼ਨਿਕ ਵਿੱਦਿਆ ਦੀ ਬੜੀ ਕਦਰ ਸੀ ਅਤੇ ਇਸ ਦੇ ਜਾਣੂਆਂ ਨੂੰ ਲੋਕ ਦੇਵਤਿਆਂ ਸਮਾਨ ਪੂਜਦੇ ਸਨ।

ਯੁੱਧ ਸਮੇਂ ਕਿਸੇ ਵਿਦਵਾਨ ਨੂੰ ਫ਼ੌਜਾਂ ਦੇ ਨਾਲ ਰਣਭੂਮੀ ਵਿਚ ਲੈ ਜਾਣਾ ਇਕ ਬੜਾ ਸ਼ੁੱਭ-ਸ਼ਗਨ ਖ਼ਿਆਲ ਕੀਤਾ ਜਾਂਦਾ ਸੀ। ਕਹਿੰਦੇ ਹਨ ਕਿ ਇਕ ਵਾਰੀ ਯੂਨਾਨ ਦੇ ਬਾਦਸ਼ਾਹ ਨੇ ਸੁਕਰਾਤ ਨੂੰ ਪ੍ਰੇਰਿਆ ਕਿ ਉਹ ਯੁੱਧ ਵਿਚ ਫ਼ੌਜਾਂ ਦੇ ਨਾਲ ਰਣਭੂਮੀ ਵਿਚ ਚੱਲੇ। ਸੁਕਰਾਤ ਨੇ ਬਚਨ ਮੰਨ ਲਿਆ ਅਤੇ ਨਾਲ ਚਲਿਆ ਗਿਆ, ਪ੍ਰੰਤੂ ਉਹ ਉੱਥੇ ਜਾ ਕੇ ਇਕਾਂਤ ਵਿਚ ਬੈਠਾ ਰਹਿੰਦਾ, ਸਿਪਾਹੀਆਂ ਨਾਲ ਬਿਲਕੁਲ ਨਾ ਮਿਲਦਾ ਜੁਲਦਾ। ਜਦ ਸੂਰਜ ਚਮਕਦਾ ਤਾਂ ਉਹ ਧੁੱਪੇ ਬੈਠ ਜਾਂਦਾ, ਨਹੀਂ ਤਾਂ ਅੰਦਰ ਹੀ ਰਹਿੰਦਾ।

ਸਬੱਬ ਨਾਲ ਇਕ ਦਿਨ ਬਾਦਸ਼ਾਹ ਉਸ ਪਾਸੇ ਆ ਨਿਕਲਿਆ, ਜਿੱਥੇ ਸੁਕਰਾਤ ਵੀ ਬੈਠਾ ਸੀ। ਬਾਦਸ਼ਾਹ ਨੇ ਸੁਕਰਾਤ ਕੋਲੋਂ ਪੁੱਛਿਆ, 'ਤੁਸੀਂ ਕਦੀ ਮੇਰੇ ਕੋਲ ਕਿਉਂ ਨਹੀਂ ਆਉਂਦੇ, ਸਦਾ ਇਕਾਂਤ ਵਿਚ ਹੀ ਕਿਉਂ ਬੈਠੇ ਰਹਿੰਦੇ ਹੋ?'

'ਜੀ, ਮੈਨੂੰ ਫ਼ੁਰਸਤ ਨਹੀਂ ਹੁੰਦੀ।' ਸੁਕਰਾਤ ਨੇ ਝੱਟ ਜਵਾਬ ਦਿੱਤਾ।

'ਫ਼ੁਰਸਤ ਕਿਉਂ ਨਹੀਂ ਹੁੰਦੀ? ਤੁਸੀਂ ਕੀ ਕਰਦੇ ਰਹਿੰਦੇ ਹੋ ?' ਰਾਜੇ ਨੇ ਹੈਰਾਨ ਹੋ ਕੇ ਪੁੱਛਿਆ।

'ਮੈਂ ਅਜਿਹਾ ਉਪਰਾਲਾ ਕਰਦਾ ਰਹਿੰਦਾ ਹਾਂ, ਜਿਸ ਨਾਲ ਜੀਵਨ ਬਣਿਆ ਰਹੇ ।'ਸੁਕਰਾਤ ਨੇ ਹਲੀਮੀ ਨਾਲ ਜਵਾਬ ਦਿੱਤਾ ।

'ਉਹ ਕਿਹੜੀ ਸ਼ੈਅ ਹੈ, ਜਿਹੜੀ ਮੇਰੇ ਕੋਲ ਤੁਹਾਡੇ ਵਾਸਤੇ ਨਹੀਂ ?' ਰਾਜੇ ਨੇ ਹੈਰਾਨ ਹੋ ਕੇ ਪੁੱਛਿਆ ।

'ਜੇ ਇਹ ਗੱਲ ਹੁੰਦੀ ਤਾਂ ਤੁਸੀਂ ਦਾਤੇ ਹੁੰਦੇ ਤਾਂ ਮੈਂ ਕਦੀ ਵੀ ਤੁਹਾਡਾ ਦਰ ਨਾ ਛੱਡਦਾ।' ਸੁਕਰਾਤ ਨੇ ਤਨਜ਼ ਕਰਦਿਆਂ ਜਵਾਬ ਦਿੱਤਾ।

'ਮੈ ਸੁਣਿਆ ਹੈ, ਤੁਸੀਂ ਕਹਿੰਦੇ ਹੋ ਕਿ ਬੁੱਤ-ਪੂਜਾ ਨੁਕਸਾਨਦੇਹ ਹੈ।' ਰਾਜੇ ਨੇ ਪੜਤਾਲਦਿਆਂ ਪੁਛਿਆ ।

'ਨਹੀਂ ਮੇਰੇ ਕਹਿਣ ਦਾ ਮਤਲਬ ਇਹ ਨਹੀਂ।' ਸੁਕਰਾਤ ਨੇ ਕਿਹਾ।

'ਫਿਰ ਤੁਹਾਡਾ ਕੀ ਮਤਲਬ ਹੈ?' ਰਾਜੇ ਨੇ ਜ਼ੋਰ ਦੇ ਕੇ ਪੁੱਛਿਆ।

'ਮੇਰਾ ਮਤਲਬ ਇਹ ਹੈ ਕਿ ਮੇਰੇ ਲਈ ਬੁੱਤ-ਪੂਜਾ ਹਾਨੀਕਾਰਕ ਤੇ ਬਾਦਸ਼ਾਹ ਲਈ ਲਾਭਦਾਇਕ ਹੈ ਕਿਉਂਕਿ ਰਾਜਾ ਇਸ ਮਤ ਦੀ ਰਾਹੀਂ ਟੈਕਸ ਵਸੂਲਦਾ ਹੈ ਪਰ ਇਸ ਦੇ ਉਲਟ ਮੈਨੂੰ ਨਿਸਚਾ ਹੈ ਕਿ ਮੈਨੂੰ ਬੁੱਤ ਪੂਜਾ ਤੋਂ ਕੋਈ ਲਾਭ ਨਹੀਂ ਤੇ ਨਾ ਹੀ ਇਸ ਦੇ ਤਿਆਗ ਨਾਲ ਕਿਸੇ ਹਾਨੀ ਦਾ ਡਰ ਹੈ ਕਿਉਂਕਿ ਮੈਨੂੰ ਇਕ ਅਕਾਲ ਪੁਰਖ 'ਤੇ ਭਰੋਸਾ ਹੈ ਜਿਹੜਾ ਮੇਰੀ ਪਾਲਣਾ-ਪੋਸ਼ਣਾ ਕਰਦਾ ਹੈ ਅਤੇ ਚੰਗੇ ਮੰਦੇ ਕਰਮਾਂ ਦਾ ਫਲ਼ ਦੇਣ ਵਾਲਾ ਹੈ।' ਸੁਕਰਾਤ ਨੇ ਤਫ਼ਸੀਲ ਨਾਲ ਸਮਝਾਇਆ।

## ਚੇਤਨ ਸਰੂਪ

ਸੁਕਰਾਤ ਨੇ ਵਿੱਦਿਆ ਪ੍ਰਾਪਤੀ ਮਗਰੋਂ ਜਦ ਈਸ਼ਵਰੀ ਵਿਸ਼ਵਾਸ ਨੂੰ ਆਪਣੇ ਹਿਰਦੇ ਵਿਚ ਸਿੰਜਣਾ ਸ਼ੁਰੂ ਕੀਤਾ ਤਾਂ ਇਕ ਵੇਲਾ ਉਹ ਵੀ ਆ ਗਿਆ ਜਦ ਉਸ ਦਾ ਮਨ ਭਗਤੀ ਦੇ ਰਸ ਨਾਲ ਭਰ ਕੇ ਉੱਛਲਿਆ ਅਤੇ ਉਸ ਨੇ ਲੋਕਾਂ ਵਿਚ ਖੁੱਲ੍ਹਮ-ਖੁੱਲ੍ਹਾ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਅਕਾਲ ਪੁਰਖ ਇਕ ਹੈ ਅਤੇ ਉਸ ਤੋਂ ਬਿਨਾਂ ਹੋਰ ਕਿਸੇ ਬੁੱਤਾਂ ਦੀ ਪੂਜਾ ਕਰਨੀ ਮੂਰਖਤਾ ਹੈ ।

ਇਹ ਬੁੱਤ ਜਿਨ੍ਹਾਂ ਨੂੰ ਬੁੱਤ-ਘਾੜੇ ਬਣਾਉਂਦੇ ਹਨ, ਨਾ ਇਹ ਬੋਲ ਸਕਦੇ ਹਨ, ਨਾ ਸੁਣ ਸਕਦੇ ਹਨ ਅਤੇ ਨਾ ਹੀ ਇਨ੍ਹਾਂ ਵਿਚ ਚੇਤਨ ਸਤਾ ਹੈ, ਇਨਾਂ ਨੂੰ ਚੇਤਨ ਸਰੂਪ ਪਰਮੇਸ਼ਵਰ ਦੀ ਸਾਦਰਸ਼ਤਾ ਦੇਣੀ ਬੜੇ ਅਗਿਆਨ ਅਤੇ ਮੂਰਖਤਾ ਦਾ ਕੰਮ ਹੈ।

ਜਦ ਸੁਕਰਾਂਤ ਨੇ ਇਸ ਤਰ੍ਹਾਂ ਸੱਚੇ ਹਿਰਦੇ ਨਾਲ ਨੇਕੀ, ਧਰਮ, ਇਖ਼ਲਾਕ ਅਤੇ ਈਸ਼ਵਰ ਏਕਤਾ ਦਾ ਉਪਦੇਸ਼ ਕਰਨਾ ਸ਼ੁਰੂ ਕੀਤਾ ਤਾਂ ਬਹੁਤ ਲੋਕ ਉਸ ਦੇ ਚੇਲੇ ਬਣ ਗਏ ਤੇ ਜਿਨ੍ਹਾਂ ਦੀ ਗਿਣਤੀ ਇਸ ਦੇ ਅੰਤਿਮ ਕਾਲ ਤਕ ਕਈ ਹਜ਼ਾਰਾਂ ਤੱਕ ਪੁੱਜ ਗਈ ਸੀ। ਇਸ ਦਾ ਆਪਣੇ ਚੇਲਿਆਂ ਨਾਲ ਅਜਿਹਾ ਪ੍ਰੇਮ ਭਰਿਆ ਅਤੇ ਮਿੱਠਾ ਸਲੂਕ ਸੀ ਕਿ ਉਨਾਂ ਵਿੱਚੋਂ ਬਹੁਤ ਸਾਰੇ ਸਦਾ ਲਈ ਆਪਣਾ ਜੀਵਨ ਸੁਕਰਾਤ ਨੂੰ ਅਰਪਣ ਕਰ ਚੁੱਕੇ ਸਨ। ਇਸ ਦੇ ਸ਼ਗਿਰਦਾਂ ਵਿੱਚੋਂ ਇਕ ਦੀ ਕਥਾ ਬੜੀ ਸੁਆਦਲੀ ਹੈ।

ਕਹਿੰਦੇ ਹਨ ਕਿ ਉਹ ਸੁਕਰਾਤ ਦਾ ਗ੍ਰਹਿਸਥੀ ਸ਼ਾਗਿਰਦ ਸੀ। ਉਹ ਜਦ ਕਦੀ ਸੁਕਰਾਤ ਨੂੰ ਰਾਹ ਗਲੀ ਜਾਂਦਾ ਮਿਲ ਪੈਂਦਾ ਤਾਂ ਸੁਕਰਾਤ ਤੋਂ ਪਰੇ ਹਟ ਕੇ ਖਲੋ ਜਾਂਦਾ ਅਤੇ ਉੱਚੀ ਉੱਚੀ ਰੌਲਾ ਪਾਉਂਦਾ, 'ਲੋਕੋ ਦੌੜੋ ! ਆਓ !' ਜਦ ਲੋਕੀਂ ਇਕੱਠੇ ਹੋ ਜਾਂਦੇ ਅਤੇ ਪੁੱਛਦੇ, 'ਤੈਨੂੰ ਕੀ ਤਕਲੀਫ਼ ਹੈ, ਤੂੰ ਐਨਾ ਰੌਲ਼ਾ ਕਿਉਂ ਮਚਾ ਰਿਹਾ ਤਾਂ ਉਹ ਉੱਤਰ ਦਿੰਦਾ ਕਿ ਮੈਨੂੰ ਹੋਰ ਤਾਂ ਕੋਈ ਦੁੱਖ ਨਹੀਂ ਪਰ ਇਹ ਬੁੱਢੇ (ਸੁਕਰਾਤ) ਨਾਲ ਮੇਰਾ ਇਸ ਤਰ੍ਹਾਂ ਦਾ ਪ੍ਰੇਮ ਹੈ ਕਿ ਜਦ ਇਹ ਮੈਨੂੰ ਮਿਲ ਜਾਂਦਾ ਹੈ ਤਾਂ ਮੈਂ ਇਸ ਨੂੰ ਛੱਡ ਕੇ ਅੱਗੇ ਨਹੀਂ ਲੰਘ ਸਕਦਾ ਅਤੇ ਮੇਰੇ ਸਾਰੇ ਵਿਹਾਰ ਕਰਨ ਖੁਣੋਂ ਕਈ ਕਈ ਦਿਨ ਪਏ ਰਹਿ ਜਾਂਦੇ ਹਨ, ਜੇ ਤੁਸੀਂ ਕਿਰਪਾ ਕਰੋ ਤਾਂ ਮੈਨੂੰ ਪਕੜ ਕੇ ਮੇਰੀਆਂ ਅੱਖਾਂ ਬੰਦ ਕਰ ਕੇ ਇਸ ਆਦਮੀ ਤੋਂ ਕਿਤੇ ਦੂਰ ਛੱਡ ਆਓ।

ਪਹਿਲਾਂ ਤਾਂ ਉਨ੍ਹਾਂ ਨੇ ਆਪਣੇ ਮਿਥਿਆ ਪ੍ਰਚਾਰ ਦੁਆਰਾ ਹੀ ਸਤਿ ਦੇ ਪ੍ਰਚਾਰ ਨੂੰ ਰੋਕਣ ਦਾ ਯਤਨ ਕੀਤਾ ਪਰ ਜਦ ਇਸ ਵਿਚ ਸਫ਼ਲਤਾ ਨਾ ਮਿਲੀ ਅਤੇ ਪਾਖੰਡ ਦੇ ਬੱਦਲ ਸੱਚ ਦੇ ਸੂਰਜ ਨੂੰ ਲੁਕਾ ਤਾਂ ਉਨ੍ਹਾਂ ਮੌਕੇ ਦੀ ਹਕੂਮਤ ਦਾ ਆਸਰਾ ਲਿਆ। ਉਸ ਵੇਲੇ ਦੇ ਹਾਕਮ ਦੇਸ਼ ਦੇ ਧਨੀ ਤੇ ਬੁੱਤ-ਪੂਜਕ ਧਾਰਮਿਕ ਆਗੂਆਂ ਦੇ ਹੱਥਾਂ ਵਿਚ ਪੁਤਲੀਆਂ ਬਣੇ ਹੋਏ ਸਨ। ਅਖੀਰ ਇਨ੍ਹਾਂ ਸਭਨਾਂ ਨੇ ਇਕ ਗੋਂਦ ਸੁਕਰਾਤ ਦੇ ਵਿਰੁੱਧ ਗੁੰਦੀ। ਵੱਡੇ ਬੁੱਤਖ਼ਾਨਿਆਂ ਦੇ ਪੁਜਾਰੀਆਂ ਨੇ ਸੁਕਰਾਤ ਉੱਤੇ ਇਕ ਮੁਕੱਦਮਾ ਚਲਾਇਆ, ਜਿਸ ਵਿਚ ਤਿੰਨ ਦੋਸ਼ ਸੁਕਰਾਤ ਉੱਤੇ ਥਾਪੇ ਗਏ ।

ਪਹਿਲਾਂ ਇਹ ਕਿ ਉਹ ਯੂਨਾਨ ਦੇ ਪੁਰਾਣੇ ਮੱਤ ਅਤੇ ਉਨ੍ਹਾਂ ਦੇ ਪੂਜਨੀਕ ਬੁੱਤਾਂ ਦੀ ਹਾਨੀ ਕਰਦਾ ਹੈ। ਦੂਸਰਾ ਇਹ ਕਿ ਉਹ ਯੂਨਾਨ ਦੇ ਨੌਜਵਾਨ ਲੜਕਿਆਂ ਵਿਚ ਉਨ੍ਹਾਂ ਦੇ ਪਿਤਾ ਪਿਤਾਮਾਂ ਦੇ ਧਰਮ ਦੇ ਵਿਰੁੱਧ ਪ੍ਰਚਾਰ ਕਰ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਪੁਰਾਣੇ ਮੱਤ ਤੋਂ ਗਿਰਾਉਂਦਾ ਹੈ।

ਤੀਜਾ ਇਹ ਕਿ ਉਹ ਯੂਨਾਨ ਦੀ ਰਈਅਤ ਦੇ ਦੋ ਧੜੇ ਕਰ ਕੇ ਵੇਲੇ ਦੀ ਹਕੂਮਤ ਦੇ ਵਿਰੁੱਧ ਬਗ਼ਾਵਤ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਸੁਕਰਾਤ ਨੇ ਆਪਣੀ ਕੋਈ ਸਫ਼ਾਈ ਪੇਸ਼ ਨਾ ਕੀਤੀ ਅਤੇ ਅਖੀਰ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਭਾਵੇਂ ਬਾਦਸ਼ਾਹ ਦੀ ਜਾਤੀ ਰਾਏ ਇਸ ਸਜ਼ਾ ਦੇ ਹੱਕ ਵਿਚ ਨਹੀਂ ਸੀ ਪਰ ਫਿਰ ਵੀ ਪਰਜਾ ਦੀ ਬਹੁ-ਸੰਮਤੀ ਦੇ ਸਾਹਮਣੇ ਉਸ ਦੀ ਕੋਈ ਪੇਸ਼ ਨਾ ਗਈ।

ਸੁਕਰਾਤ ਨੂੰ ਇਹ ਪੁੱਛਿਆ ਗਿਆ ਕਿ ਕੀ ਉਹ ਜ਼ਹਿਰ ਦਾ ਪਿਆਲਾ ਪੀਣ ਨੂੰ ਤਿਆਰ ਹੈ?

ਸੁਕਰਾਤ ਨੇ ਬੜੀ ਪ੍ਰਸੰਨਤਾ-ਪੂਰਵਕ ਉੱਤਰ ਦਿੱਤਾ, 'ਮੈਂ ਮੌਤ ਕਬੂਲਣ ਨੂੰ ਹਰ ਵੇਲੇ ਤਿਆਰ ਹਾਂ।

ਉਸ ਨੂੰ ਸਜ਼ਾ ਤਾਂ ਫ਼ੌਰਨ ਹੀ ਦੇ ਦਿੱਤੀ ਜਾਂਦੀ ਪਰ ਇਤਫ਼ਾਕ ਨਾਲ ਅਜਿਹਾ ਹੋਇਆ ਕਿ ਉਨ੍ਹਾਂ ਦਿਨਾਂ ਵਿਚ ਯੂਨਾਨੀਆਂ ਦੀ ਈਦ ਦਾ ਪੂਰਬ ਸੀ। ਇਹ ਈਦ ਇਕ ਟਾਪੂ ਨੂੰ ਆਜ਼ਾਦ ਕਰਾਉਣ ਦੀ ਖ਼ੁਸ਼ੀ ਦੀ ਯਾਦਗਾਰ ਵਿਚ ਹਰ ਸਾਲ ਯੂਨਾਨੀਆਂ ਵੱਲੋਂ ਮਨਾਈ ਜਾਂਦੀ ਸੀ ਜਿਹੜਾ ਕਿ ਬਹੁਤ ਮੁੱਦਤ ਤਕ ਸਪਾਰਟਾ ਦੇ ਵਸਨੀਕਾਂ ਨੇ ਫਤਹਿ ਕਰ ਕੇ ਆਪਣੇ ਹੇਠ ਰੱਖਿਆ ਹੋਇਆ ਸੀ।

ਇਸ ਟਾਪੂ 'ਤੇ ਯੂਨਾਨੀਆਂ ਦੇ ਸਭ ਤੋਂ ਵੱਡੇ ਅਤੇ ਪਵਿੱਤਰ ਦੇਵਤਾ 'ਅਪੋਲੋ' ਦਾ ਬੁੱਤ ਸੀ, ਜਿਸ ਦੇ ਅੱਗੇ ਹਰ ਸਾਲ ਨਜ਼ਰਾਨਾ ਚੜ੍ਹਾਉਣ ਲਈ ਇਕ ਜਹਾਜ਼ ਯੂਨਾਨ ਤੋਂ ਤਿਆਰ ਹੋ ਕੇ ਜਾਂਦਾ ਅਤੇ ਪੂਜਾ ਆਦਿਕ ਦੀਆਂ ਰਸਮਾਂ ਅਦਾ ਕਰ ਕੇ ਵਾਪਸ ਮੁੜ ਆਉਂਦਾ। ਇਸ ਜਹਾਜ਼ ਦੇ ਆਉਣ ਜਾਣ ਵਿਚ ਕੋਈ ਇਕ ਮਹੀਨਾ ਲੱਗ ਜਾਂਦਾ ਅਤੇ ਇਸ ਮਹੀਨੇ ਵਿਚ ਯੂਨਾਨ ਦੇ ਰਾਜ-ਪ੍ਰਬੰਧ ਅਨੁਸਾਰ ਕਿਸੇ ਵੱਡੇ ਤੋਂ ਵੱਡੇ ਦੋਸ਼ੀ ਨੂੰ ਵੀ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ।

ਜਿਨ੍ਹਾਂ ਦਿਨਾਂ ਵਿਚ ਸੁਕਰਾਤ ਦਾ ਮੁਕੱਦਮਾ ਸ਼ੁਰੂ ਹੋਇਆ, ਉਨ੍ਹਾਂ ਦਿਨਾਂ ਵਿਚ ਹੀ ਈਦ ਦੇ ਦਿਨ ਸ਼ੁਰੂ ਹੋ ਗਏ ਅਤੇ ਸਮੁੰਦਰ ਵਿਚ ਹਨੇਰੀ ਤੂਫ਼ਾਨ ਆਉਣ ਕਰਕੇ ਇਹ ਜਹਾਜ਼ ਬਹੁਤ ਦੇਰ ਤਕ ਤੁਰ ਨਾ ਸਕਿਆ। ਇਸ ਲਈ ਸੁਕਰਾਤ ਨੂੰ ਕਈ ਮਹੀਨੇ ਬੰਦੀਖ਼ਾਨੇ ਵਿਚ ਰਹਿਣਾ ਪਿਆ ਪਰ ਇਸ ਦੇ ਚੇਲਿਆਂ ਅਤੇ ਹੋਰ ਸਬੰਧੀਆਂ ਨੂੰ ਇਸ ਨਾਲ ਮਿਲਣ ਦੀ ਪੂਰੀ ਖੁੱਲ੍ਹ ਸੀ। ਕਹਿੰਦੇ ਹਨ ਕਿ ਜਦ ਜਹਾਜ਼ ਦੇ ਆਉਣ ਵਿਚ ਚਾਰ ਕੁ ਦਿਨ ਰਹਿੰਦੇ ਸਨ ਤਾਂ ਇਸ ਦੇ ਇਕ ਚੇਲੇ ਨੇ, ਜਿਸ ਦਾ ਨਾਂ ਇਕਰਿਉਤਿਊਨ ਸੀ, ਜਾ ਕੇ ਇਸ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਅਤੇ ਕਿਹਾ ਕਿ ਮੈਂ ਜੇਲ੍ਹ ਦੇ ਦਰੋਗੇ ਨਾਲ ਬੰਦੋਬਸਤ ਕਰ ਲਿਆ ਹੈ, ਉਸ ਦੀ ਮੰਗ ਅਨੁਸਾਰ ਅਸੀਂ ਉਸ ਨੂੰ ਧਨ ਦੇ ਦਿਆਂਗੇ ਤੇ ਤੁਸੀਂ ਕਿਸੇ ਪਰਦੇਸ਼ ਨੂੰ ਨੱਸ ਜਾਈਓ।

## ਕਮਜ਼ੋਰ ਦਿਲ


ਸੁਕਰਾਤ ਨੇ ਉਤਰ ਦਿੱਤਾ,'ਪਹਿਲਾਂ ਤਾਂ ਮੈਂ ਮੌਤ ਤੋਂ ਭੈਅ ਹੀ ਨਹੀਂ ਖਾਂਦਾ ਅਤੇ ਨਾ ਹੀ ਕੋਈ ਉਪਰਾਲਾ ਉਸ ਤੋਂ ਡਰ ਕੇ ਛਿਪਣ ਦਾ ਕਰ ਸਕਦਾ ਹਾਂ ਕਿਉਂਕਿ ਉਹ ਹਰ ਥਾਂ ਵਿਆਪਕ ਹੈ। ਦੂਜੇ ਮੈਨੂੰ ਜਿਸ ਅਪਰਾਧ ਦੇ ਬਦਲੇ ਮੌਤ ਦੀ ਸਜ਼ਾ ਦਿੱਤੀ ਗਈ ਹੈ ਉਹ ਇਹ ਹੈ ਕਿ ਮੈਂ ਬੁੱਤ-ਪੂਜਾ ਦਾ ਵਿਰੋਧ ਕਰਦਾ ਹਾਂ, ਮੇਰਾ ਇਹ ਪ੍ਰਚਾਰ ਸੱਚ ਦੇ ਆਧਾਰਤ ਹੈ ਅਤੇ ਮੈਂ ਕਦੀ ਵੀ ਇਸ ਨੂੰ ਤਿਆਗ ਨਹੀਂ ਸਕਦਾ। ਇਸ ਲਈ ਮੈਂ ਕਿਸੇ ਹੋਰ ਦੇਸ਼ ਵਿਚ ਜਾ ਕੇ ਪ੍ਰਾਣ ਰੱਖਿਆ ਨਹੀਂ ਕਰ ਸਕਦਾ ਕਿਉਂਕਿ ਪੱਛਮ ਦੇ ਸਾਰੇ ਦੇਸ਼ਾਂ ਵਿਚ ਹੀ ਬੁੱਤ ਪੂਜਾ ਦਾ ਫੋਕਟ ਧਰਮ ਫੈਲਿਆ ਹੋਇਆ ਹੈ ਤੇ ਮੇਰੇ ਪ੍ਰਚਾਰ ਦੇ ਵਿਰੋਧੀ ਹਰ ਥਾਂ ਪੈਦਾ ਹੋ ਜਾਣਗੇ, ਇਸ ਲਈ ਮੈਂ ਯੋਗ ਸਮਝਦਾ ਹਾਂ ਕਿ ਸਤ ਦੇ ਪ੍ਰਚਾਰ ਬਦਲੇ ਜੋ ਸਜ਼ਾ ਮੈਨੂੰ ਦਿੱਤੀ ਗਈ ਹੈ ਉਸ ਨੂੰ ਆਪਣੇ ਹੀ ਦੇਸ਼ ਵਿਚ ਭੋਗਾਂ ਤਾਂ ਕਿ ਮੇਰੇ ਦੇਸ਼ ਦੇ ਲੋਕ, ਮੇਰੇ ਮਗਰੋਂ, ਮੇਰੀ ਸੰਤਾਨ ਨਾਲ, ਸਵਦੇਸ਼ੀ ਹੋਣ ਕਰਕੇ ਭਲਾ ਵਰਤਾਉ ਕਰਨ ਅਤੇ ਮੇਰੇ ਖ਼ਿਆਲਾਂ ਨਾਲ ਸਹਿਮਤੀ ਰੱਖਣ ਵਾਲੇ ਬੰਦੇ ਵੀ ਮੇਰੇ ਮਗਰੋਂ ਉਨ੍ਹਾਂ ਦੇ ਸਹਾਇਕ ਹੋਣ ਪਰ ਜੇ ਮੈਂ ਕਿਸੇ ਹੋਰ ਦੇਸ਼ ਵਿਚ ਚਲਾ ਜਾਵਾਂ ਤਾਂ ਮੇਰੇ ਮਗਰੋਂ ਮੇਰੀ ਸੰਤਾਨ ਵੀ ਬਹੁਤ ਦੁੱਖੀ ਹੋਵੇਗੀ ਕਿਉਂਕਿ ਮੈਂ ਤਾਂ ਇਹ ਪ੍ਰਚਾਰ ਜ਼ਰੂਰ ਕਰਨਾ ਹੈ ਅਤੇ ਸਤ-ਧਰਮ ਦੇ ਵਿਰੋਧੀਆਂ ਨੇ ਮੈਨੂੰ ਹਰ ਹਾਲ ਇਸੇ ਮੌਤ ਮਾਰਨਾ ਹੈ।' ਅਖੀਰ ਉਹ ਦਿਨ ਵੀ ਆ ਗਿਆ ਜਿਸ ਦਿਨ ਜਹਾਜ਼ ਵਾਪਸ ਆਇਆ ਤੇ ਸੁਕਰਾਤ ਨੂੰ ਸਜ਼ਾ ਦੇਣ ਦੀ ਤਿਆਰੀ ਕੀਤੀ ਗਈ। ਉਸ ਸਵੇਰ ਸੁਕਰਾਤ ਦੀ ਇਸਤਰੀ ਅਤੇ ਕੁਝ ਚੇਲੇ ਉਸ ਨੂੰ ਮਿਲਣ ਗਏ। ਜਦ ਜੇਲ੍ਹ ਦੇ ਹਾਕਮਾਂ ਨੇ ਸੁਕਰਾਤ ਦੇ ਪੈਰਾਂ ਤੋਂ ਲੋਹੇ ਦੀਆਂ ਬੇੜੀਆਂ ਖੋਲ੍ਹੀਆਂ ਤਾਂ ਉਸ ਨੇ ਬੜਾ ਪ੍ਰਸੰਨ ਹੋ ਕੇ ਆਪਣੇ ਚੇਲਿਆਂ ਨੂੰ ਕਿਹਾ ਕਿ ਮੈਨੂੰ ਇਹ ਸੁੱਖ, ਜਿਹੜਾ ਕਿ ਬੇੜੀਆਂ ਦੇ ਉਤਾਰਨ ਨਾਲ ਮਹਿਸੂਸ ਹੋਇਆ ਹੈ।

## ਸਹਿਣਸ਼ਕਤੀ

ਅਖੀਰ ਉਹ ਦਿਨ ਆਇਆ ਜਦੋਂ ਸੁਕਰਾਤ ਦੇ ਸਾਹਮਣੇ ਉਸੇ ਮੁਕੱਦਮੇ ਨੂੰ ਦੁਹਰਾਇਆ ਗਿਆ ਅਤੇ ਜ਼ਹਿਰ ਦਾ ਪਿਆਲਾ ਉਸ ਨੂੰ ਪੇਸ਼ ਕੀਤਾ ਗਿਆ। ਸੁਕਰਾਤ ਨੇ ਉਹ ਪਿਆਲਾ ਗਟਾ ਗਟ ਪੀ ਲਿਆ ਤੇ ਸਰੀਰ ਤਿਆਗ ਦਿੱਤਾ। ਭਾਵੇਂ ਸਤਿ-ਧਰਮ ਦੇ ਵਿਰੋਧੀ ਆਪਣੀਆਂ ਨਜ਼ਰਾਂ ਵਿਚ ਸੁਕਰਾਤ ਨੂੰ ਸਦਾ ਲਈ ਮਿਟਾ ਚੁੱਕੇ ਸਨ ਪਰ ਉਸ ਦੇ ਸੁੱਚੇ ਜੀਵਨ ਤੋਂ ਇਕ ਅਜਿਹੀ ਲਹਿਰ ਪੈਦਾ ਹੋਈ, ਜਿਸ ਨੇ ਸੰਸਾਰ ਦੇ ਅਨੰਤ ਪ੍ਰਾਣੀਆਂ ਨੂੰ ਆਤਮਿਕ ਜੀਵਨ ਵੱਲੋਂ ਮੁਰਦਾ ਦੇ ਕੇ ਦੁਬਾਰਾ ਜੀਵਨ ਪ੍ਰਦਾਨ ਕੀਤਾ। ਜਦ ਤਕ ਸੰਸਾਰ ਕਾਇਮ ਰਹੇਗਾ ਸੁਕਰਾਤ ਆਪਣੀ ਨੇਕੀ ਅਤੇ ਧਰਮ ਦੀ ਵਡਿਆਈ ਦੇ ਆਕਾਸ਼ ਵਿਚ ਚੰਦਰਮਾ ਦੀ ਤਰ੍ਹ ਚਮਕਦਾ ਰਹੇਗਾ। ਸੁਕਰਾਤ ਦੇ ਸ਼ਾਗਿਰਦਾਂ ਵਿੱਚੋਂ ਅਫ਼ਲਾਤੂਨ ਸਭ ਤੋਂ ਮਸ਼ਹੂਰ ਹੋਇਆ ਹੈ। ਜਿਸ ਨੇ ਆਪਣੇ ਗੁਰੂ ਦੀ ਫ਼ਿਲਾਸਫ਼ੀ ਨੂੰ ਇਕੱਠਿਆਂ ਕਰਕੇ ਛੇ ਹਿੱਸਿਆਂ ਵਿਚ ਲਿਖਿਆ ਹੈ।

ਯੂਰਪ ਵਿਚ ਇਸ ਦੇ ਆਧਾਰ 'ਤੇ ਹਜ਼ਾਰਾਂ ਕਿਤਾਬਾਂ ਲਿਖੀਆਂ ਗਈਆਂ ਹਨ। ਸੁਕਰਾਤ ਦੇ ਜੀਵਨ ਵਿਚ ਸ਼ਾਂਤੀ ਅਤੇ ਸਹਿਣਸ਼ਕਤੀ ਦਾ ਮਾਦਾ ਕਿੰਨਾਂ ਜ਼ਿਆਦਾ ਸੀ, ਜਿਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਜਦੋਂ ਉਸ ਨੇ ਵਿਆਹ ਕਰਨਾ ਚਾਹਿਆ ਤਾਂ ਆਪਣੀ ਜੀਵਨ ਸਾਥੀ ਬਣਾਉਣ ਲਈ ਕਿਸੇ ਯੁਵਾ ਅਵਸਥਾ ਦੀ ਸੁਸ਼ੀਲ ਅਤੇ ਸੁੰਦਰ ਕੰਨਿਆ ਨੂੰ ਪਸੰਦ ਨਹੀਂ ਕੀਤਾ, ਸਗੋਂ ਸਾਰੇ ਯੂਨਾਨ ਵਿੱਚੋਂ ਬਹੁਤ ਬਦਸ਼ਕਲ ਅਤੇ ਲੜਾਕੀ ਔਰਤ ਨੂੰ ਪਸੰਦ ਕੀਤਾ, ਜਿਹੜੀ ਹਮੇਸ਼ਾਂ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਮੰਦੇ ਸ਼ਬਦਾਂ ਨਾਲ ਯਾਦ ਕਰਦੀ ਰਹਿੰਦੀ ਸੀ। ਜਦ ਸੁਕਰਾਤ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇਹ ਇਸਤਰੀ ਮੇਰੇ ਗਿਆਨੀ ਮਨ ਦੀ ਕਸਵੱਟੀ ਹੈ ਅਤੇ ਮੈਂ ਸਦਾ ਪਰਖਦਾ ਰਹਿੰਦਾ ਹਾਂ ਕਿ ਮੇਰਾ ਮਨ ਇਸ ਅਗਿਆਨੀ ਅਤੇ ਮੂਰਖ ਤੀਵੀਂ ਦੇ ਬਚਨਾਂ ਤੋਂ ਕ੍ਰੋਧ ਤਾਂ ਪੈਦਾ ਨਹੀਂ ਕਰਦਾ। ਕੀ ਮੈਂ ਸੁਕਰਾਤ ਆਵਾਗਾਉਣ ਦੇ ਕਾਇਲ ਵੀ ਹਾਂ। ਉਸ ਨੇ ਸਭ ਤੋਂ ਵੱਡੀ ਦਲੀਲ ਇਸ ਸਬੰਧੀ ਇਹ ਦਿੱਤੀ ਕਿ ਅਸੀਂ ਜਿੰਨਾ ਗਿਆਨ ਪ੍ਰਾਪਤ ਕਰਦੇ ਹਾਂ, ਉਹ ਸਾਰੇ ਦਾ ਸਾਰਾ ਕਿਸੇ ਭੁੱਲੇ ਹੋਏ ਗਿਆਨ ਦੀ ਦੁਬਾਰਾ ਪ੍ਰਾਪਤੀ ਹੈ ਅਤੇ ਉਹ ਗਿਆਨ ਅਸੀਂ ਕਿਸੇ ਪਹਿਲੇ ਜਨਮ ਵਿਚ ਸਿੱਖਿਆ ਹੁੰਦਾ ਹੈ।

99147-22933



**ਕਈ ਲੋਕਾਂ ਦਾ ਖ਼ਿਆਲ ਹੈ ਕਿ ਭਾਰਤਵਰਸ਼ ਤੋਂ ਬਾਅਦ, ਜੋ ਪੱਛਮੀ ਕੌਮਾਂ ਨੂੰ ਦੁਨਿਆਵੀ ਵਿੱਦਿਆ ਵਿਚ ਪ੍ਰਸਿੱਧ ਉਸਤਾਦ ਮਿਲਿਆ, ਉਹ ਯੂਨਾਨ ਹੀ ਸੀ। ਪੱਛਮੀ ਫਲਸਫ਼ੇ ਦਾ ਮੂਲ ਜੇ ਯੂਨਾਨ ਦੇ ਦਿਮਾਗ਼ ਤੋਂ ਮੰਨ ਲਿਆ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ...**



# ਸਹਾਿਤਕ ਪੰਨਾ

## ਬਦਲ ਗਏ



ਭੁਪਿੰਦਰ ਕੌਰ
ਮੋਬਾ. 6284310772
ਪਿੰਡ ਥਲੇਸ਼, ਜਿਲ੍ਹਾ ਸੰਗਰੂਰ,

ਕਾਗਜ਼ ਉਹੀ ਹੈ, ਕਲਮ ਉਹੀ ਹੈ,
ਲਿਖਣ ਵਾਲੇ ਬਦਲ ਗਏ,
ਗੱਲ ਉਹੀ ਹੈ, ਅੰਦਾਜ਼ ਉਹੀ ਹੈ,
ਸਮਝਾਉਣ ਵਾਲੇ ਬਦਲ ਗਏ,

ਭੈਣ ਭਰਾ ਉਹੀ ਹੈ, ਮਾਂ ਬਾਪ ਉਹੀ ਹੈ,
ਰਿਸ਼ਤੇ ਬਨਾਉਣ ਵਾਲੇ ਬਦਲ ਗਏ,
ਯਾਦ ਉਹੀ ਹੈ, ਦੋਸਤ ਉਹੀ ਹੈ,
ਸਾਥ ਨਿਭਾਉਣ ਵਾਲੇ ਬਦਲ ਗਏ,

ਸਟ ਉਹੀ ਹੈ, ਜਖਮ ਉਹੀ ਹੈ,
ਮਲ੍ਹਮ ਲਾਉਣ ਵਾਲੇ ਬਦਲ ਗਏ,
ਦਰਦ ਉਹੀ ਹੈ, ਦੁੱਖ ਉਹੀ ਹੈ,
ਦੁੱਖ ਵੰਡਾਉਣ ਵਾਲੇ ਬਦਲ ਗਏ।

ਕਿਤਾਬ ਉਹੀ ਹੈ, ਸਿੱਖਿਆ ਉਹੀ ਹੈ,
ਗਿਆਨ ਲੈਣ ਵਾਲੇ ਬਦਲ ਗਏ,
ਦੇਸ਼ ਉਹੀ ਹੈ, ਤਿਰੰਗਾ ਉਹੀ ਹੈ,
ਜਾਨ ਨਿਛਾਵਰ ਕਰਨ ਵਾਲੇ ਬਦਲ ਗਏ,

ਸਭਿਆਚਾਰ ਉਹੀ ਹੈ, ਤੇ ਧਰਮ ਵੀ ਉਹੀ ਹੈ,
ਪਰ ਲੋਕ ਬਦਲ ਗਏ,
ਇਤਿਹਾਸ ਉਹੀ ਹੈ, ਮਿਥਿਹਾਸ ਉਹੀ ਹੈ,
ਜਾਣਨ ਵਾਲੇ ਬਦਲ ਗਏ,


ਆਸਮਾਨ ਉਹੀ ਹੈ, ਤਾਰੇ ਉਹੀ ਹੈ,
ਪਰ ਟਿਮਟਮਾਉਣ ਵਾਲੇ ਬਦਲ ਗਏ,
ਮੌਸਮ ਉਹੀ ਹੈ, ਬਹਾਰ ਉਹੀ ਹੈ,
ਬਹਾਰਾਂ ਵਾਲੇ ਦਿਨ ਬਦਲ ਗਏ।

ਪੈਸਾ ਉਹੀ ਹੈ, ਦੌਲਤ ਉਹੀ ਹੈ,
ਮੱਦਦ ਕਰਨ ਵਾਲੇ ਬਦਲ ਗਏ,
ਜਗ ਉਹੀ ਹੈ, ਸਮਾਜ ਉਹੀ ਹੈ,
ਲੋਕਾਂ ਦੇ ਢੰਗ ਬਦਲ ਗਏ,

ਰੱਬ ਉਹੀ ਹੈ, ਲੋਕ ਉਹੀ ਹੈ,
ਬਸ ਦੁਆਵਾਂ ਕਰਨ ਵਾਲੇ ਬਦਲ ਗਏ,
ਹੋਰ ਬਦਲਣਾ ਕੀ ਹੈ 'ਭੁਪਿੰਦਰ ',
ਜਦੋ ਰੱਬ ਦੇ ਹੀ ਰੰਗ ਬਦਲ ਗਏ।।

## ਰੁੱਖ ਨੂੰ ਜਦ ਅੱਗ ਲੱਗੀ

ਰੁੱਖ ਨੂੰ ਜਦ ਅੱਗ ਲੱਗੀ
ਕੁਲ ਪਰਿੰਦੇ ਉਡ਼ ਗਏ, ਉਡ਼ਨਾ ਹੀ ਸੀ
ਇਕ ਚਿੜੀ ਪਰ ਜਾਂਦੀ ਜਾਂਦੀ ਮੁੜ ਪਈ
ਉਸ ਦੇ ਮਨ ਵਿਚ ਸੋਚ ਆਈ
ਰੁੱਖ ਕੀ ਸੋਚੂ ਵਿਚਾਰਾ
ਉਸ ਨੂੰ ਲੱਗਾ ਰੁੱਖ ਦੇ ਪੱਤੇ ਜਿਵੇਂ
ਹੋਵਣ ਹਜ਼ਾਰਾਂ ਅੱਖੀਆਂ
ਉਡਦਿਆਂ ਪੰਖੇਰੂਆਂ ਨੂੰ ਤੱਕਦੀਆਂ
ਕੋਲ਼ ਇਕ ਤਾਲਾਬ ਸੀ
ਉਸ ਦੇ ਜਲ 'ਚੋਂ ਭਰ ਕੇ ਚੁੰਝਾਂ ਉਹ ਚਿੜੀ
ਬਲ਼ ਰਹੇ ਰੁੱਖ ਉੱਤੇ ਤ੍ਰੌਂਕਣ ਲੱਗ ਪਈ



ਕੋਲ਼ੋਂ ਦੀ ਕੋਈ ਮੁਸਾਫ਼ਿਰ ਲੰਘਿਆ
ਦੇਖ ਕੇ ਦ੍ਰਿਸ਼ ਡਰ ਗਿਆ
ਸੜ ਹੀ ਨਾ ਜਾਏ ਕਿਤੇ ਝੱਲੀ ਚਿੜੀ
ਕਹਿਣ ਲੱਗਾ
ਭੋਲ਼ੀਏ ਚਿੜੀਏ ਤੂੰ ਸੋਚ
ਤੇਰੀਆਂ ਚੁੰਝ-ਚੂਲ਼ੀਆਂ ਦੇ ਨਾਲ਼ ਕੀ
ਅੱਗ ਬਲ਼ਦੇ ਬਿਰਖ ਦੀ ਬੁਝ ਜਾਏਗੀ ?
ਜਾਣਦੀ ਹਾਂ ਐ ਮੁਸਾਫ਼ਿਰ
ਕਹਿਣ ਲੱਗੀ ਉਹ ਚਿੜੀ
ਮੇਰੀਆਂ ਚੁੰਝ-ਚੂਲ਼ੀਆਂ ਦੇ ਨਾਲ਼ ਤਾਂ
ਅੱਗ ਬਲ਼ਦੇ ਬਿਰਖ ਦੀ ਬੁਝਣੀ ਨਹੀਂ
ਫੇਰ ਵੀ ਪਰ ਸੋਚਦੀ ਹਾਂ
ਜਦੋਂ ਜੰਗਲ਼ ਦਾ ਕਦੀ ਇਤਿਹਾਸ ਲਿਖਿਆ ਜਾਏਗਾ
ਨਾਮ ਮੇਰਾ ਅੱਗ ਬੁਝਾਵਣ ਵਾਲ਼ਿਆਂ ਵਿਚ ਆਏਗਾ
ਤੇ ਇਨ੍ਹਾਂ ਰੁੱਖਾਂ ਦੇ ਵਾਰਿਸ ਕਹਿਣਗੇ:
ਸਾਨੂੰ ਜਦ ਲੱਗਦੀ ਹੈ ਅੱਗ
ਸਭ ਪਰਿੰਦੇ ਤ੍ਰਭਕ ਕੇ ਉਡ਼ਦੇ ਹੀ ਨੇ
ਪਰ ਕਈ ਮੁੜਦੇ ਵੀ ਨੇ
ਗੱਲ ਸੁਣ ਕੇ ਚਿੜੀ ਦੀ
ਰਾਹਗੀਰ ਵੀ
ਲੱਗ ਪਿਆ ਉਸ ਰੁੱਖ ਉੱਤੇ ਪਾਣੀ ਝੱਟਣ
ਹੋਰ ਤੇ ਇਕ ਹੋਰ ਤੇ ਇਕ ਹੋਰ ਰਾਹੀ ਆ ਗਿਆ
ਤੇ ਪਰਿੰਦੇ ਵੀ ਹਜ਼ਾਰਾਂ ਪਰਤ ਆਏ
ਚੁੰਝਾਂ ਦੇ ਵਿਚ ਨੀਰ ਭਰ ਕੇ
ਆਖਦੇ ਨੇ
ਬੁਝ ਗਈ ਸੀ ਅੱਗ ਬਲ਼ਦੇ ਬਿਰਖ ਦੀ
ਤੇ ਕਿਸੇ ਅਗਲੀ ਬਹਾਰ
ਰੁੱਖ ਦੇ ਝੁਲ਼ਸੇ ਤਨੇ 'ਚੋਂ
ਫੁੱਟ ਆਏ ਸੀ ਹਰੇ ਪੱਤੇ ਮਹੀਨ
ਜਿਸ ਤਰਾਂ ਕਿ ਹਰੇ ਅੱਖਰ ਹੋਣ ਕਾਲ਼ੇ ਸਫ਼ੇ 'ਤੇ
ਰੁੱਖ ਉਹ ਇਕ ਆਸ ਤੇ ਧਰਵਾਸ ਦੀ
ਸ਼ੁਕਰਾਨੇ ਤੇ ਵਿਸ਼ਵਾਸ ਦੀ
ਨਜ਼ਮ ਵਰਗਾ ਹੋ ਗਿਆ ਸੀ।
ਮੇਰੀ ਮਾਂ ਨੇ ਇਹ ਸੁਣਾਈ ਸੀ ਕਹਾਣੀ
ਤੇ ਕਿਹਾ ਸੀ:
ਇਹ ਕਦੀ ਨਾ ਸਮਝੀਂ ਕਿ ਲਿੱਸਾ ਹੈਂ ਤੂੰ
ਇਹ ਕਦੀ ਨਾ ਸੋਚੀਂ ਕਿ ਕੱਲਾ ਹੈਂ ਤੂੰ
ਰੁੱਖ ਨੂੰ ਜਦ ਅੱਗ ਲੱਗੇ ਉਡ਼ ਪਵੀਂ
ਪਰ ਮੁੜ ਪਵੀਂ
ਚੁੰਝ ਦੇ ਵਿਚ ਨੀਰ ਭਰ ਕੇ
ਉਸ ਚਿੜੀ ਨੂੰ ਯਾਦ ਕਰ ਕੇ।



### ਮਿੰਨੀ ਕਹਾਣੀ

## ਸੱਚਾਈ ਦਾ ਰਾਹ

ਸਕੂਲ ਦੀ ਪ੍ਰਾਰਥਨਾ ਸਭਾ ਵਿੱਚ ਹੈੱਡਮਾਸਟਰ ਸਾਹਿਬ ਬੜੇ ਹੀ ਜ਼ੋਸੀਲੇ ਅੰਦਾਜ਼ ਵਿੱਚ ਬੱਚਿਆਂ ਨੂੰ ਸੱਚਾਈ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕਰ ਰਹੇ ਸਨ। ਬੱਚਿਆਂ ਦੀ ਇਕਾਗਰ ਬਿਰਤੀ ਤੋਂ ਵੀ ਜਾਪਦਾ ਸੀ ਕਿ ਉਹ ਆਪਣੇ ਗੁਰੂ ਜੀ ਵੱਲੋਂ ਦਿੱਤੇ ਜਾ ਰਹੇ ਗਿਆਨ ਨੂੰ ਆਪਣੇ ਜੀਵਨ ਵਿੱਚ ਅਮਲੀ ਜਾਮਾ ਜ਼ਰੂਰ ਪਹਿਨਾਉਣਗੇ। ਅਚਾਨਕ ਹੀ ਹੈੱਡਮਾਸਟਰ ਸਾਹਿਬ ਦੇ ਮੋਬਾਈਲ ਦੀ ਘੰਟੀ ਵੱਜੀ। ਹਾਲ-ਚਾਲ ਪੁੱਛਣ ਉਪਰੰਤ ਹੈੱਡਮਾਸਟਰ ਨੇ ਕਿਹਾ, "ਵੀਰ ਜੀ, ਤੁਹਾਡੇ ਪੈਸੇ ਤਾਂ ਹੱਥ ਬੰਨ੍ਹ ਕੇ ਦੇਣੇ ਹਨ, ਪਰ ਮੈਂ ਤਾਂ ਹੁਣ ਕਈ ਦਿਨਾਂ ਤੋਂ ਬਿਮਾਰੀ ਕਰਕੇ ਛੁੱਟੀ 'ਤੇ ਚੱਲ ਰਿਹਾ ਹਾਂ। ਮੈਂ ਤੁਹਾਡੇ ਰੁਪਏ ਖ਼ੁਦ ਆ ਕੇ ਦੇ ਜਾਵਾਂਗਾ।" ਬੱਚੇ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ ਇਕਾਗਰ ਹੋ ਕੇ ਉਨ੍ਹਾਂ ਨੂੰ ਤੱਕ ਰਹੇ ਸਨ, ਪਰ ਇਸ ਗੱਲ ਤੋਂ ਅਣਜਾਣ ਹੈੱਡਮਾਸਟਰ ਸਾਹਿਬ ਨੇ ਵਿਦਿਆਰਥੀਆਂ ਨੂੰ ਆਪਣਾ ਅਧੂਰਾ ਭਾਸ਼ਣ ਸੁਣਾਉਣਾ ਸ਼ੁਰੂ ਕਰ ਦਿੱਤਾ।

**- ਚਮਨਦੀਪ ਸ਼ਰਮਾ**
ਸੰਪਰਕ: 94633-77709

# ਮਾਂ ਬੋਲੀ ਦਾ ਲਾਡਲਾ ਸਪੂਤ ਰਮੇਸਵਰ ਸਿੰਘ



ਰਾਜਨਦੀਪ ਕੌਰ ਮਾਨ
6239326166



ਇੰਜਨੀਅਰ ਹੋਣਾ ਤੇ ਓਹ ਵੀ ਮਰਚੈਂਟ ਨੇਵੀ ਵਿੱਚ ਤੇ ਮਾਂ ਬੋਲੀ ਨਾਲ ਅੰਤਾਂ ਦਾ ਮੋਹ ਪਾਲਣਾ ,ਆਪਣੇ ਆਪ ਹੀ ਅਨੋਖਾ ਸੁਮੇਲ ਹੈ ਆਮ ਤੌਰ ਤੇ ਦੇਖਦੇ ਹਾਂ ਕਿ ਜੋ ਲੋਕ ਪੰਜਾਬ ਤੋਂ ਬਾਹਰ ਨੌਕਰੀਆਂ ਕਰਦੇ ਨੇ ,ਉਹ ਜਿਆਦਾਤਰ ਅੰਗਰੇਜੀ ਨੂੰ ਮੂੰਹ ਮਾਰਨਾ ਸੁਰੂ ਕਰ ਦਿੰਦੇ ਨੇ, ਪਰ ਜਿਸ ਸਖਸ ਦੀ ਗੱਲ ਮੈ ਕਰ ਰਹੀ ਹਾਂ, ਉਹਨਾਂ ਨੇ ਪੰਜਾਬ ਤੇ ਪੰਜਾਬੀ ਨਾਲ ਮੋਹ ਛੱਡਿਆ ਹੀ ਨਹੀਂ ,ਸਗੋਂ ਇਸਦੇ ਵਿਕਾਸ ਲਈ ਵੀ ਆਪਣੀ ਪੂਰੀ ਊਰਜਾ ਝੋਕ ਦਿੱਤੀ ਹੋਈ ਹੈ। ਓਹਨਾਂ ਦਾ ਨਾਮ ਅੱਜ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ ।' ਰਮੇਸਵਰ ਸਿੰਘ ' ਨੂੰ ਅੱਜ ਹਰ ਪੰਜਾਬੀ ਪਿਆਰਾ ਜਾਣਦਾ ਹੈ।

ਉਨ੍ਹਾਂ ਦਾ ਜੀਵਨ ਬਚਪਨ ਤੋਂ ਹੀ ਸੰਘਰਸ਼ਮਈ ਦੁੱਖਾਂ ਅਤੇ ਤਕਲੀਫਾਂ ਨਾਲ ਭਰਿਆ ਹੋਇਆ ਸੀ । ਕਿਉਂਕਿ ਬਚਪਨ ਵਿੱਚ ਹੀ ਉਨ੍ਹਾਂ ਦੇ ਸਿਰ ਤੋਂ ਉਨ੍ਹਾਂ ਦੇ ਪਿਤਾ ਦਾ ਸਾਇਆ ਉੱਠ ਗਿਆ । ਉਨ੍ਹਾਂ ਦੇ ਇਰਾਦਿਆਂ ਵਿਚ ਬਚਪਨ ਤੋਂ ਹੀ ਦ੍ਰਿੜ੍ਹਤਾ ਤੇ ਪ੍ਰਸਥਿਤੀਆਂ ਨਾਲ ਲੜ ਕੇ ਉਨ੍ਹਾਂ ਵਿੱਚੋਂ ਨਿੱਕਲਣ ਦਾ ਹੁਨਰ ਪੈਦਾ ਹੋਇਆ। ਜਦੋਂ ਮੈਂ ਉਨ੍ਹਾਂ ਦੇ ਜੀਵਨ ਬਾਰੇ ਹੋਰ ਡੂੰਘਾਈ ਨਾਲ ਪੁੱਛਿਆ ਤਾਂ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਤੋਂ ਮੈਨੂੰ ਬਹੁਤ ਪ੍ਰੇਰਨਾ ਮਿਲੀ।

ਉਨ੍ਹਾਂ ਨੇ ਆਪਣੇ ਪਿਤਾ ਨੂੰ ਵੇਖਿਆ ਤੱਕ ਨਹੀਂ ਸੀ ਆਪਣੀ ਪੜ੍ਹਾਈ ਤੋਂ ਲੈ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਤੱਕ ਦਾ ਸਫ਼ਰ ਉਨ੍ਹਾਂ ਨੇ ਖ਼ੁਦ ਹੀ ਆਪਣੀਆਂ ਨਿੱਕੀਆਂ ਨਿੱਕੀਆਂ ਲੜਖੜਾਉਂਦੀਆਂ ਪੁਲਾਘਾਂ ਤੋਂ ਸੁਰੂ ਕਰਕੇ ਮਰਚੈਂਟ ਨੇਵੀ ਤੱਕ ਆਪਣੀ ਮਿਹਨਤ ਅਤੇ ਸਿਦਕ ਨਾਲ ਕੀਤਾ। ਉਨ੍ਹਾਂ ਨੇ ਬਿਨਾਂ ਕਿਸੇ ਸਹਾਰੇ ਤੋਂ ਜੋ ਸੁਪਨਾ ਵੇਖਿਆ ਉਸ ਨੂੰ ਆਪਣਾ ਉਦੇਸ਼ ਸਮਝ ਕੇ ਉਸ ਲਈ ਮੁੜਕਾ ਵਹਾ ਕੇ ਕਰੜੀ ਮਿਹਨਤ ਨਿੱਕੇ ਹੁੰਦਿਆਂ ਉਨ੍ਹਾਂ ਨੂੰ ਕੰਮ ਕਰਨ ਦੀ ਚੇਟਕ ਲੱਗੀ ਤੇ ਉਹ ਖੇਤਾਂ ਵਿੱਚ ਕੰਮ ਕਰਦੇ ਤੇ ਨਾਲ ਹੀ ਆਪਣੀ ਪੜ੍ਹਾਈ ਵੀ ਕਰਦੇ । ਉਨ੍ਹਾਂ ਨੇ ਆਪਣਾ ਬਚਪਨ ਅਡੋਲ ਰਹਿ ਕੇ ਇੱਕ ਕਰੜੀ ਤਪੱਸਿਆ ਵਾਂਗ ਗੁਜ਼ਾਰਿਆ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਅਰਜੁਨ ਵਾਂਗ ਸਿਰਫ ਮਛਲੀ ਦੀ ਅੱਖ ਹੀ ਵਿਖਾਈ ਦਿੰਦੀ ਸੀ । ਉਹ ਕਦੇ ਵੀ ਆਪਣੇ ਮਕਸਦ ਆਪਣੇ ਉਦੇਸ਼ ਤੋਂ ਨਹੀਂ ਭਟਕੇ ਅਤੇ ਇੱਕ ਵਧੀਆ ਜ਼ਿੰਦਗੀ ਦੇ ਉਦੇਸ਼ ਨੂੰ ਪੂਰਾ ਕੀਤਾ। ਕਮਾਲ ਦੀ ਗੱਲ ਹੈ ਆਰਟਸ ਵਿਸ਼ਿਆਂ ਵਿੱਚ ਪੜ੍ਹਾਈ ਕਰ ਕੇ ਮਿਹਨਤ ਨਾਲ ਸਮੁੰਦਰੀ ਜਹਾਜ਼ ਵਿੱਚ ਇੰਜੀਨੀਅਰ ਬਣ ਗਏ ਸ਼ਾਇਦ ਇਹੋ ਕਾਰਨ ਹੈ ਕਿ ਉਨ੍ਹਾਂ ਦੀ ਕਲਮ ਉਨ੍ਹਾਂ ਵਾਂਗ ਅਡੋਲ ਨਿਧੜਕ ਇਕ ਤਪੱਸਵੀ ਦੀ ਤਰ੍ਹਾਂ ਮਾਂ ਬੋਲੀ ਪੰਜਾਬੀ ਦੀ ਸੇਵਾ ਕਰ ਰਹੀ ਹੈ।

ਉਨ੍ਹਾਂ ਦਾ ਜਨਮ ਪਿੰਡ ਸਹਾਰਨ ਮਾਜਰਾ, ਜਿ਼ਲ੍ਹਾ ਲੁਧਿਆਣਾ ਪਿਤਾ ਪ੍ਰੀਤਮ ਸਿੰਘ ਮਾਤਾ ਮਨਜੀਤ ਕੌਰ ਦੀ ਕੁੱਖੋਂ ਸੰਨ 1960 ਨੂੰ ਜੂਨ ਮਹੀਨੇ ਹੋਇਆ ਪਰ ਤਰੀਕ ਦਾ ਸਹੀ ਪਤਾ ਨਹੀਂ। ਆਪ ਦੇ ਮਾਤਾ ਕਹਿੰਦੇ ਸਨ ਕਿ ਜਨਮ ਉਦੋਂ ਹੋਇਆ ਜਦੋਂ ਇਕਾਦਸੀ ਨੂੰ ਠੰਡੀ ਲੱਸੀ ਦੇ ਲੰਗਰ ਲਾਉਂਦੇ ਸੀ। ਆਪ ਸਾਧਾਰਨ ਕਿਸਾਨੀ ਪਰਿਵਾਰ ਨਾਲ ਸਬੰਧ ਰੱਖਦੇ ਹੋ । ਆਪਦਾ ਨਾਨਕਾ ਪਿੰਡ ਲੋਹਾਰਾ ਮਾਜਰਾ, ਜਿ਼ਲ੍ਹਾ ਸੰਗਰੂਰ ਵਿਖੇ ਹੈ । ਆਪ ਨੇ ਨਾਨਕੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਿਆਂ ਆਪ ਦੇ ਮੁੱਖ ਅਧਿਆਪਕ ਅਤੇ ਗੀਤਕਾਰ ਹਰਨੇਕ ਸਿੰਘ ਸੋਹੀ ਨੇ ਆਪ ਦੀ ਕਾਬਲੀਅਤ ਨੂੰ ਉਸ ਸਮੇਂ ਪਛਾਣ ਲਿਆ ਜਦੋਂ ਉਹ ਹੋਰ ਸਕੂਲਾਂ ਨੂੰ ਭੇਜਣ ਲਈ ਚਿੱਠੀਆਂ ਲਿਖਣ ਲਈ ਕਹਿੰਦੇ ਸਨ। ਚਿੱਠੀਆਂ ਪੜ੍ਹ ਕੇ ਉਹ ਕਹਿੰਦੇ ਤੂੰ ਇੱਕ ਦਿਨ ਜਰੂਰ ਲੇਖਕ ਬਣੇਗਾ। ਉਸ ਤੋਂ ਬਾਅਦ ਆਪਨੇ ਮੋਦੀ ਕਾਲਜ ਪਟਿਆਲਾ ਵਿਖੇ ਬੀ.ਏ. ਦੀ ਡਿਗਰੀ ਕੀਤੀ ਤੇ ਮਨ ਵਿਚ ਜਹਾਜ ਉਪਰ ਸਫਰ ਕਰਨ ਦਾ ਸੁਪਨਾ ਵੇਖਿਆ । ਉਸ ਸੁਪਨੇ ਨੂੰ ਪੂਰਾ ਕਰਨ ਲਈ ਦਿਨ ਰਾਤ ਮਿਹਨਤ ਕਰਦਿਆਂ ਆਪ ਨੇ ਮਾਰਚੈਂਟ ਨੇਵੀ ਵਿੱਚ ਨੌਕਰੀ ਪ੍ਰਾਪਤ ਕਰ ਲਈ। ਇਸਤੋਂ ਬਾਅਦ ਆਪ ਦਾ ਵਿਆਹ ਹੋਇਆ ਅਤੇ ਘਰ ਵਿੱਚ ਇੱਕ ਬੇਟੇ ਗੁਰਇੱਕ ਸਿੰਘ ਦਾ ਜਨਮ ਹੋਇਆ , ਜੋ ਕਾਲਜ ਤੱਕ ਦੀ ਪੜ੍ਹਾਈ ਕਰਨ ਤੋਂ ਬਾਅਦ ਅੱਗੇ ਪੜ੍ਹਾਈ ਲਈ ਕੈਨੇਡਾ ਵਿੱਚ ਰਹਿ ਰਿਹਾ ਹੈ। ਆਪ ਦੀ ਪਤਨੀ ਬਲਵਿੰਦਰ ਕੌਰ ਸਕੂਲ ਟੀਚਰ ਹੈ ਅਤੇ ਆਪ ਦੀ ਲੇਖਣੀ ਵਿੱਚ ਬਹੁਤ ਮਦਦ ਕਰਦੇ ਹਨ। ਜਿਵੇਂ ਸਮੇਂ-ਸਮੇਂ 'ਤੇ ਚਾਹ-ਪਾਣੀ ਬਣਾ ਕੇ ਦੇਣਾ, ਮਿਲਣ ਆਏ ਪਾਠਕਾਂ ਲਈ ਨਾਸ਼ਤੇ ਪਾਣੀ ਦਾ ਪ੍ਰਬੰਧ ਕਰਨਾ।

ਆਪ ਜੀ ਦੱਸਦੇ ਹਨ ਕਿ ਮੇਰੇ ਲੇਖਾਂ ਨੂੰ ਪੜ੍ਹਨ ਵਾਲੀ ਮੇਰੀ ਪਹਿਲੀ ਪਾਠਕ ਮੇਰੀ ਪਤਨੀ ਹੈ,ਦੂਸਰਾ ਬੇਟਾ ਜੋ ਕਿ ਪੰਜਾਬ ਪਬਲਿਕ ਸਕੂਲ ਨਾਭਾ ਇੰਗਲਿਸ਼ ਮੀਡੀਅਮ ਚ ਪੜ੍ਹਾਈ ਕਰਦੇ ਹੋਏ ਵਾਧੂ ਵਿਸ਼ੇ ਵਿਚ ਪੰਜਾਬੀ ਨੂੰ ਪੜ੍ਹਿਆ। ਜਿੰਨ੍ਹੇ ਜਿ਼ਆਦਾ ਆਪ ਆਪਣੀ ਲੇਖਣੀ ਵਿੱਚ ਸਾਫ ਅਤੇ ਸਪੱਸ਼ਟ ਹੋ , ਉਸ ਤੋਂ ਵੀ ਜਿ਼ਆਦਾ ਉੱਚੀ-ਸੁੱਚੀ ਸਖਸ਼ੀਅਤ ਅਤੇ ਮਿਲਣਸਾਰਤਾ ਵਾਲੇ ਇਨਸਾਨ ਹਨ। ਜਦੋਂ ਆਪ ਤੋਂ ਪੁੱਛਿਆ ਗਿਆ ਕਿ ਆਪ ਕਿਸ ਧਰਮ ਨੂੰ ਮੰਨਦੇ ਹੋ ਤਾਂ ਆਪ ਦਾ ਜਵਾਬ ਸੀ ਕਿ ਮੈਂ ਬਾਬੇ ਨਾਨਕ ਤੋਂ ਸਿਵਾਏ ਹੋਰ ਕਿਸੇ ਵੀ ਧਰਮ ਨੂੰ ਨਹੀਂ ਮੰਨਦਾ । ਮੈਂ ਉਨ੍ਹਾਂ ਦੀ ਵਿਚਾਰਧਾਰਾ ਉੱਪਰ ਚੱਲਦਾਂ ਹਾਂ ਅਤੇ ਆਪਣੇ ਦੇਸ਼ ਵਾਸੀਆਂ ਨੂੰ ਵੀ ਇਸੇ ਵਿਚਾਰਨ ਨੂੰ ਜੀਵਨ ਵਿੱਚ ਅਪਨਾਉਣ ਲਈ ਕਹਿੰਦਾ ਹਾਂ।ਜੇ ਪੜ੍ਹਨ ਦੀ ਗੱਲ ਕਰੀਏ ਤਾਂ ਉਨ੍ਹਾਂ ਦੱਸਿਆ ਕਿ ਉਹ ਸਿਰਫ਼ ਪੰਜਾਬੀ ਟ੍ਰਿਬਿਊਨ ਅਖਬਾਰ ਪੜ੍ਹਦੇ ਹਨ । ਇਹ ਅਖਬਾਰ ਉਨ੍ਹਾਂ ਦੀ ਰੂਹ ਦੀ ਖੁਰਾਕ ਹੈ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ' ਦੀ ਟ੍ਰਿਬਿਊਨ ' ਅਖਬਾਰ ਪੰਜਾਬੀ ਵਿੱਚ ਛਪਣਾ ਸ਼ੁਰੂ ਹੋ ਗਿਆ ਹੈ ਤਾਂ ਉਨ੍ਹਾਂ ਨੇ 1978 ਤੋਂ ਸਵੇਰੇ ਜਲਦੀ ਉੱਠ ਕੇ ਬੱਸ ਅੱਡੇ ਦੇ ਬਾਹਰੋ ਪੱਚੀ ਪੈਸੇ ਵਿੱਚ ਇਹ ਅਖ਼ਬਾਰ ਖਰੀਦਣਾ ਸ਼ੁਰੂ ਕਰ ਦਿੱਤਾ। ਉਹ ਪਹਿਲੇ ਦਿਨ ਤੋਂ ਹੀ ਪੰਜਾਬੀ ਟ੍ਰਿਬਿਊਨ ਦੇ ਪਾਠਕ ਹਨ ਅਤੇ ਲੇਖਕਾਂ ਦੀਆਂ ਲਿਖੀਆਂ ਰਚਨਾਵਾਂ ਦੇ ਜਵਾਬ ਚਿੱਠੀਆਂ ਦੇ ਰੂਪ ਵਿੱਚ ਦਿੰਦੇ ਹਨ । ਇੱਕ ਦਿਨ ਅਖਬਾਰ ਦੇ ਸੰਪਾਦਕ ਸਾਹਿਬ ਦਾ ਖਤ ਆਇਆ ਕਿ ਤੁਸੀਂ ਲੇਖ ਬਹੁਤ ਵਧੀਆ ਲਿਖ ਸਕਦੇ ਹੋ ਲੇਖ ਲਿਖਿਆ ਕਰੋ ।

ਪੰਜਾਬੀ ਟ੍ਰਿਬਿਊਨ ਵਿੱਚ ਆਪ ਦੇ ਸਭ ਤੋਂ ਵੱਧ ਲੇਖ ਪ੍ਰਤੀਕਰਮ ਦੇ ਰੂਪ ਵਿਚ ਆਪਣੇ ਪੰਜਾਬ ਦੇ ਅਖਬਾਰਾਂ 'ਤੇ ਰਸਾਲਿਆਂ ਉੱਤੇ ਛੱਪ ਰਹੇ ਸਾਹਿਤਕ ਮਾਫੀਆ ਦੇ ਗਰੁੱਪਾ ਉੱਪਰ ਹੈ । ਜਿਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਨਹੀਂ ਸਗੋਂ ਨਾਮ ਨਾਲ ਛਪ ਜਾਂਦੀਆਂ ਹਨ । ਜਿਸ ਕਰਕੇ ਪੰਜਾਬ ਵਿੱਚ ਨਵੇਂ ਸਾਹਿਤਕ ਲੇਖਕਾਂ ਦੀ ਬਹੁਤ ਭਾਰੀ ਕਮੀ ਹੈ। ਪੰਜਾਬੀ ਸਾਹਿਤ ਦੇ ਵਿੱਚ ਇੱਕ ਬੀਬੀ ਜੀ ਕੈਬਨਿਟ ਮੰਤਰੀ ਵੀ ਰਹੇ ਹਨ ਉਨ੍ਹਾਂ ਦੀਆਂ ਰਚਨਾਵਾਂ ਤਕਰੀਬਨ ਸਾਰੇ ਅਖਬਾਰਾਂ ਤੇ ਰਸਾਲਿਆਂ ਵਿੱਚ ਛਪਦੀਆਂ ਹਨ। ਜੋ ਅਣਘੜ ਹੀ ਹੁੰਦੀਆਂ ਹਨ ਜਾਂ ਜਾਤੀਵਾਦ ਉਤੇ ਭਾਰੂ ਹੁੰਦੀਆਂ ਹਨ।

ਰਮੇਸ਼ਵਰ ਸਿੰਘ ਦੀ ਸਮਾਜ ਸੇਵੀ ਸੇਵਾ ਨੂੰ ਮੁੱਖ ਰੱਖ ਕੇ ਜਿ਼ਆਦਾ ਰਚਨਾਵਾਂ ਲਿਖਦੇ ਹਨ। ਜੋ ਆਮ ਜਨਤਾ ਨੂੰ ਬਹੁਤ ਵੱਡੀਆਂ ਸੇਧਾਂ ਦਿੰਦੀਆਂ ਹਨ। ਵਿਦੇਸ਼ਾਂ ਵਿੱਚ ਘੁੰਮਦੇ ਹੋਏ ਇਨ੍ਹਾਂ ਨੇ ਵੇਖਿਆ ਕਿ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਭੈਣ ਤੇ ਭਰਾ ਪੰਜਾਬੀ ਮਾਂ ਬੋਲੀ ਦੀ ਸੇਵਾ ਆਪਣੇ ਪੰਜਾਬ ਵਿੱਚ ਰਹਿਣ ਵਾਲਿਆਂ ਨਾਲੋਂ ਵੱਧ ਕਰਦੇ ਹਨ ।ਕੰਮਕਾਰ ਕਾਰਨ ਤਾਂ ਪੰਜਾਬੀਆਂ ਨੂੰ ਵਿਦੇਸ਼ਾਂ ਵਿੱਚ ਸਭ ਤੋਂ ਵੱਧ ਪਸੰਦ ਕੀਤਾ ਜਾਂਦਾ ਹੈ। ਅਨੇਕਾਂ ਲੇਖਕ ਭੈਣ ਭਰਾਵਾਂ ਨੇ ਵਿਦੇਸ਼ਾਂ ਵਿੱਚ ਪੰਜਾਬੀ ਅਖ਼ਬਾਰ ਰੇਡੀਓ ਤੇ ਯੂ ਟਿਊਬ ਟੀਵੀ ਚਾਲੂ ਕੀਤੇ ਹੋਏ ਹਨ। ਪੰਜਾਬੀ ਸਾਹਿਤ ਵਿਚ ਜੇ ਵੇਖਿਆ ਜਾਵੇ ਆਪਣੇ ਪੰਜਾਬ ਵਿੱਚ ਛਪਦੇ ਅਖਬਾਰਾਂ ਤੋਂ ਬਹੁਤ ਅੱਗੇ ਹਨ। ਵਿਦੇਸੀ ਫੇਰੀਆਂ ਦੇ ਦੌਰਾਨ ਆਪ ਨੇ ਅਨੇਕਾਂ ਵਿਦੇਸ਼ੀ ਅਖਬਾਰਾਂ ਨਾਲ ਚੰਗੇ ਸਬੰਧ ਬਣੇ ਜਿਨ੍ਹਾਂ ਵਿਚੋਂ ਸਾਡੇ ਪੰਜਾਬ ਦੇ ਆਨਲਾਈਨ ' ਦੁਆਬਾ ਐਕਸਪ੍ਰੈੱਸ ' ' ਸਾਂਝ ਵਿਰਾਸਤ' ਅਤੇ ਵਿਦੇਸ਼ ਵਿੱਚ ਛਪਣ ਵਾਲੇ ' ਡੇਲੀ ਹਮਦਰਦ' 'ਸਾਂਝੀ ਸੋਚ' 'ਪੰਜਾਬ ਟਾਇਮ ਯੂ ਕੇ,ਵਰਲਡ ਪੰਜਾਬ ਟਾਇਮ,ਰੋਜ਼ਾਨਾ ਛਪਣ ਵਾਲੇ ਅਖ਼ਬਾਰ ਹਨ।

ਹਫਤਾਵਾਰੀ ਅਖਬਾਰ ਵਿਚ 'ਪ੍ਰੀਤਨਾਮਾ' 'ਸਮਾਜ ਵੀਕਲੀ' 'ਸਾਡੇ ਲੋਕ' 'ਦੇਸ ਦੋਆਬਾ' ਪੰਜਾਬੀ ਸਾਹਿਤ ਤੇ ਖ਼ਬਰਾਂ ਤੋਂ ਇਲਾਵਾ ਇਨ੍ਹਾਂ ਦਾ ਮੁੱਖ ਮਨੋਰਥ ਨਵੇਂ ਲੇਖਕਾਂ ਨੂੰ ਸਥਾਪਤ ਕਰਨਾ ਹੈ। ਇਸ ਗੱਲ ਤੋਂ ਮੈਂ ਵੀ ਭਲੀ ਭਾਂਤ ਜਾਣੂ ਹਾਂ ਕਿ ਅਖਬਾਰਾਂ ਵਿਚ ਰਚਨਾਵਾਂ ਛਪਵਾਉਣ ਲਈ ਬਹੁਤ ਪਾਪੜ ਵੇਲਣੇ ਪੈਂਦੇ ਹਨ। ਬੀਬਾ ਜੀ ਇਕ ਖਾਸ ਗੱਲ ਜੋ ਮੈਨੂੰ ਪੰਜਾਬੀ ਸਾਹਿਤ ਦੇ ਵਿੱਚ ਰੜਕਦੀ ਹੈ,ਉਨੀ ਸੌ ਸੱਤਰ ਅੱਸੀ ਦੇ ਦਹਾਕੇ ਵਿਚ ਜੋ ਵੀ ਕਿਸੇ ਰੂਪ ਵਿੱਚ ਸਾਹਿਤ ਨਾਲ ਜੁੜ ਗਏ ਉਨ੍ਹਾਂ ਨੇ ਸਾਹਿਤ ਸਭਾਵਾਂ ਦੀਆਂ ਨੀਹਾਂ ਰੱਖੀਆਂ ਇੱਕ ਦੂਸਰੇ ਤੋਂ ਇਨਾਮ ਪ੍ਰਾਪਤ ਕਰ ਕੇ ਪੱਕੇ ਲੇਖਕ ਬਣ ਗਏ ਪਰ ਅਸਲ ਵਿੱਚ ਹੈ ਕੁਝ ਨਹੀਂ।ਪੰਜਾਬੀ ਵਿੱਚ ਐੱਮ ਏ ਕਰ ਗਿਆ ਉਸ ਨੇ ਪੀਐੱਚ ਡੀ ਦਾ ਜੁਗਾੜ ਕਰ ਹੀ ਲੈਣਾ ਹੈ ਜਿਸ ਦੇ ਨਾਮ ਦੇ ਅੱਗੇ ਡਾਕਟਰ ਲੱਗ ਗਿਆ ਉਹ ਪੱਕਾ ਹੁੰਦਾ ਨਹੀਂ ਬਣ ਜਾਂਦਾ ਹੈ ਬੁੱਧ ਸਿੰਘ ਨੀਲੋਂ ਜੀ ਨੇ ਅਜਿਹੇ ਪੀਐੱਚ ਡੀ ਕਰਨ ਵਾਲਿਆਂ ਤੇ ਇਕ ਬਹੁਤ ਖੋਜ ਕਰਕੇ ਕਿਤਾਬ ਲਿਖੀ ਹੈ,ਉਹ ਕਿਸੇ ਬੀ ਪੰਜਾਬੀ ਲੇਖਕ ਨੂੰ ਪੜ੍ਹਨੀ ਚਾਹੀਦੀ ਹੈ ਜਿਸ ਤੋਂ ਪਤਾ ਲੱਗ ਜਾਂਦਾ ਹੈ ਕਿ ਕੌਣ ਡਾਕਟਰ ਹੈ ?ਅੱਜਕੱਲ੍ਹ ਉਹ ਸਾਹਿਤਕ ਮਾਫੀਆ ਦੇ ਉੱਤੇ ਵੀ ਕਿਤਾਬ ਲਿਖ ਰਹੇ ਹਨ ਜਿਸ ਤੋਂ ਪਤਾ ਲੱਗ ਜਾਵੇਗਾ,ਜੇ ਮੈਂ ਆਪਣੇ ਨੇਤਾ ਇੱਕ ਵਾਰ ਕੁਰਸੀ ਤੇ ਬੈਠ ਜਾਣਾ ਕੁਰਸੀ ਛੱਡਣ ਨੂੰ ਤਿਆਰ ਨਹੀਂ ਹੁੰਦੇ ਇਹੋ ਹੀ ਹਾਲ ਲੇਖਕਾਂ ਦਾ ਹੈ ।ਮੈਂ ਹੈਰਾਨ ਹਾਂ ਤਿੰਨ ਕੁ ਦਹਾਕੇ ਪਹਿਲਾਂ ਪੈਦਾ ਹੋਏ ਕਲਮ ਫੜ ਲਈ ਅਸਰ ਹ ਜਾਵਂਗਾ ।ਬਾਬਾ ਨਾਨਕ ਜੀ ਦੀ ਖਾਸ ਸਿੱਖਿਆ ਸੀ ਜੋ ਕੰਮ ਦੂਸਰੇ ਤੋਂ ਕਰਵਾਉਣਾ ਚਾਹੁੰਦੇ ਹੋ ਖ਼ੁਦ ਕਰੋ ।ਮੈਂ ਅਖਬਾਰਾਂ ਨੂੰ ਰਚਨਾਵਾਂ ਭੇਜਦਾ ਹਾਂ ਉਨ੍ਹਾਂ ਦਾ ਇਹ ਕਹਿਣਾ ਹੁੰਦਾ ਹੈ ਕਿ ਕਵਿਤਾਵਾਂ ਤੇ ਗੀਤ ਨਾ ਭੇਜੋ,ਸਾਹਿਤਕ ਦੇ ਹੋਰ ਅਨੇਕਾਂ ਰੰਗ ਹਨ ਜਿਸ ਤੋਂ ਪੜ੍ਹਨ ਵਾਲੇ ਨੂੰ ਕੋਈ ਸਿੱਖਿਆ ਮਿਲ ਸਕਦੀ ਹੈ ਕਿ ਉਹ ਨਹੀਂ ਲਿਖੇ ਜਾ ਸਕਦੇ ।ਬੀਬਾ ਜੀ ਗੱਲਾਂ ਹੋਰ ਵੀ ਬਹੁਤ ਹਨ ਪਰ ਕੇਂਦਰ ਸਰਕਾਰ ਦੀ ਗਲਤੀ ਨਾਲ ਜੋ ਖੇਤੀ ਬਾਰੇ ਕਾਲੇ ਕਾਨੂੰਨ ਬਣਾਏ ਗਏ ਉਸ ਲਈ ਕਿਸਾਨ ਮਜ਼ਦੂਰ ਮੋਰਚੇ ਤੇ ਜਾ ਕੇ ਖੜ੍ਹੇ ਹੋ ਗਏ ਹਨ ਜਿੱਤ ਸਾਹਮਣੇ ਕੰਧ ਤੇ ਉੱਕਰੀ ਹੋਈ ਹੈ ਹੁਣ ਜੋ ਲਿਖਿਆ ਜਾਵੇਗਾ ਮੋਰਚੇ ਤੋਂ ਪਹਿਲਾਂ ਵਾਲੀ ਸਮੱਗਰੀ ਨਹੀਂ ਹੋਵੇਗੀ ਅੱਜ ਸਾਡੇ ਨੌਜਵਾਨ ਜਿਨ੍ਹਾਂ ਨੂੰ ਨਸ਼ੇੜੀ ਕਹਿੰਦੇ ਸਨ ਉਨ੍ਹਾਂ ਨੇ ਹਰ ਰੂਪ ਵਿੱਚ ਇਨਕਲਾਬ ਦਾ ਰਾਹ ਫੜ ਲਿਆ ਹੈ

ਇਹ ਮੇਰਾ ਮਾਂ ਬੋਲੀ ਦੀ ਸੇਵਾ ਘਰ ਆਉਂਦਾ ਇਹ ਮੇਰੀ ਮਾਂ ਬੋਲੀ ਦੀ ਸੇਵਾ ਹੈ ਜੋ ਮੈਨੂੰ ਕਰਕੇ ਬਹੁਤ ਖੁਸ਼ੀ ਹੁੰਦੀ ਹੈ। ਆਕਾਸ਼ਵਾਣੀ ਤੇ ਦੂਰਦਰਸ਼ਨ ਜਲੰਧਰ ਅੱਜਕੱਲ੍ਹ ਮਾਂ ਬੋਲੀ ਪੰਜਾਬੀ ਦਾ ਘਾਣ ਕਰਨ ਤੇ ਉਤਰੇ ਹੋਏ ਹਨ ਉਸ ਨੂੰ ਸੁਧਾਰਨ ਲਈ ਵੀ ਮੇਰੀਆਂ ਕੋਸ਼ਿਸ਼ਾਂ ਹਮੇਸ਼ਾਂ ਜਾਰੀ ਰਹਿਣਗੀਆਂ। ਇਸ ਤਰ੍ਹਾਂ ਮੈਂ ਲੇਖ ਲਿਖਣੇ ਸ਼ੁਰੂ ਕੀਤੇ ਅਤੇ ਛਪਣਾ ਸ਼ੁਰੂ ਹੋ ਗਿਆ ।ਹੁਣ ਤੱਕ ਆਪ ਭਾਰਤ ਦੇ ਇੱਕ ਸੱਚੇ ਸਪੂਤ ਵਾਂਗ ਸਮਾਜ ਵਿੱਚ ਫੈਲੀਆਂ ਅਣਗਿਣਤ ਅਲਾਮਤਾ ਜੜੋਂ ਉਖਾੜਨ ਦਾ ਪ੍ਰਣ ਕਰ ਚੁੱਕੇ ਹਨ ਤੇ ਕਾਫੀ ਹੱਦ ਤੱਕ ਉਸ ਵਿੱਚ ਸਫਲ ਵੀ ਹੋਏ ਹਨ। ਰਮੇਸਵਰ ਜੀ ਨੇ ਮਰਚੈਂਟ ਨੇਵੀ ਵਿੱਚੋਂ ਆਪਣੀ ਤਿੰਨ ਦਹਾਕਿਆਂ ਦੀ ਨੌਕਰੀ ਪੂਰੀ ਕਰਨ ਤੋਂ ਬਾਅਦ ਪੰਜਾਬੀ ਮਾਂ ਬੋਲੀ ਅਤੇ ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਕਰਨ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ। ਮੇਰੇ ਵੱਲੋਂ ਵੀ ਉਹਨਾਂ ਨੂੰ ਸੁਭਕਾਮਨਾਵਾਂ ਹਨ।

## ਦਿੱਲੀਏ !



ਅਮਰਜੀਤ ਸਿੰਘ ਅਮਨੀਤ
8872266066

ਅਸੀਂ ਤਾਂ ਹੱਥਾਂ 'ਚ ਰਬਾਬ ਹੀ ਰੱਖਣੀ ਸੀ
ਪਰ ਤੇਰੇ ਕੰਨੀਂ ਸਿੱਕਾ ਢਲਿ਼ਆ ਰਹਿੰਦਾ ਹੈ
ਤੇ ਇਹ ਤੇਰੇ ਦਮਨ ਦੀ ਹੀ ਅਗਨ ਹੈ
ਕਿ ਰਬਾਬ ਇਸਪਾਤੀ ਸ਼ਮਸ਼ੀਰ ਵਿੱਚ ਵਟ ਗਈ
ਰਬਾਬ ਹੁਣ ਵੀ
ਸਾਡੀ ਰੂਹ ਵਿੱਚ ਹੀ ਵੱਸਦੀ ਹੈ, ਗਾਉਂਦੀ ਹੈ
ਪਰ ਦਿੱਲੀਏ ! ਤੂੰ ਸਾਡੀ ਰੂਹ ਨਹੀਂ ਵੇਖਦੀ
ਸਾਡੇ ਹੱਥੀਂ ਸ਼ਮਸ਼ੀਰ ਹੀ ਵੇਖਦੀ
ਤੇ ਇਸ ਨੂੰ ਹਰ ਵਾਰ ਵੰਗਾਰ ਗਰਦਾਨਦੀ


ਦਿੱਲੀਏ !
ਗੁਰੂ ਤੇ ਗੁਰੂ ਦਾ ਫਲਸਫਾ
ਪੌਣ ਵਾਂਗ ਸਾਡੇ ਸੀਨੇ 'ਚ ਵੀ ਹੈ,
ਸਾਡੇ ਦੁਆਲੇ ਵੀ,
ਤੇ ਸਾਡੀ ਕਰਨੀ ਵਿੱਚ ਵੀ
ਪਾਣੀ ਪਿਤਾ ਸਾਡੇ ਖੇਤਾਂ ਦੀ ਤੇ ਸਾਡੀ ਢੋਈ ਹੈ
ਸਾਡੀਆਂ ਧੀਆਂ, ਸਾਡੀਆਂ ਭੈਣਾਂ, ਸਾਡੀਆਂ ਮਾਂਵਾਂ
ਮਾਤਾ ਭਾਗੋਆਂ ਬਣ ਸਾਡੇ ਨਾਲ਼ ਖਲੋਤੀਆਂ ਨੇ
ਤੇ ਸਾਨੂੰ ਹੁਣ ਬੇਦਾਵਾ ਨਹੀਂ ਲਿਖਣ ਦੇਣਗੀਆਂ
ਸਾਡੀ ਸਭ ਦੀ ਮਾਤਾ ਧਰਤ ਹਰ ਵੇਲੇ
ਸਾਡੇ ਅੰਗ ਸੰਗ ਹੈ
ਤੇ ਹਰ ਦਿੱਲੀ 'ਚ ਤੇ ਸਾਡੇ ਖੇਤਾਂ 'ਚ ਸਾਡੇ ਨਾਲ਼ ਹੈ
ਉਹ ਸਾਡੇ ਕਦਮਾਂ ਦੇ ਨਾਲ ਨਾਲ਼ ਤੁਰਦੀ ਹੈ

ਅਸੀਂ ਅੱਜ ਖੇਤਾਂ ਦੇ ਧੀਆਂ ਪੁੱਤਰ
ਜਦੋਂ ਆਪਣੇ ਖੇਤਾਂ ਦੀ ਪਾਵਨਤਾ ਲਈ ਡਟ ਗਏ ਹਾਂ
ਅਸੀਂ ਹਰ ਧਰਮ ਤੋਂ ਉੱਪਰ ਉੱਠ
ਨਿਰੋਲ ਧਰਤ ਦੇ ਪੁੱਤਰ ਰਹਿ ਗਏ ਹਾਂ
ਸਾਡੇ ਚਿਹਰਿਆਂ 'ਤੇ ਹਰਿਆਵਲ ਹੈ
ਅਸੀਂ ਫਸਲਾਂ ਵਾਂਗ ਲਹਿਲਹਾ ਰਹੇ ਹਾਂ
ਏਕਤਾ ਏਕਤਾ ਦਾ ਗੀਤ ਗਾ ਰਹੇ ਹਾਂ
ਸਾਡੇ ਤਿਲ ਫੁੱਲ ਨਾਲ਼ ਵੀ ਅਤੁੱਟ ਲੰਗਰ ਵਰਤ ਰਹੇ
ਜੂਠੇ ਬਰਤਨ ਮੱਥੇ ਨਾਲ਼ ਛੂਹਾ ਛੂਹਾ ਮਾਂਜੇ ਜਾ ਰਹੇ
ਦੂਰ ਦੇਸ਼ ਦੀਆਂ ਧੀਆਂ ਆਖਦੀਆਂ
ਇਹ ਪੰਜਾਬ ਉਹਨਾਂ ਦੇ ਨੇੜੇ ਕਿਉਂ ਨਹੀਂ ਹੈ ?
ਮਿੱਤਰ ਪਿਆਰਿਓ ! ਕੋਈ ਪਿੱਛੇ ਨਹੀਂ ਰਹੇਗਾ
ਅਸੀਂ ਦਿੱਲੀ ਦੇ ਦਰ 'ਤੇ ਚੌਂਕੜਾ ਮਾਰ ਡਟਾਂਗੇ

ਦਿੱਲੀਏ !
ਅਸੀਂ ਫਿਰ ਤੇਰੇ ਵੱਲ ਤੁਰੇ ਹਾਂ
ਦਰਿਆਵਾਂ ਦੇ ਜਾਏ ਦਰਿਆ ਬਣ ਤੁਰੇ ਹਾਂ
ਦਰਿਆਵਾਂ ਅੱਗੇ ਤਖਤ ਵਹਿ ਜਾਣਗੇ
ਸਾਡੇ ਕੰਨਾਂ 'ਚ ਘੋੜਿਆਂ ਦੀਆਂ ਟਾਪਾਂ ਸੁਣਦੀਆਂ ਨੇ
ਸਾਡਾ ਇਤਿਹਾਸ ਸਾਡੇ ਸਿਰ 'ਤੇ ਹੱਥ ਧਰ
ਉਪਦੇਸ਼ ਅਲਾਹ ਰਿਹਾ ਹੈ
ਸਾਡਾ ਜੋਸ਼ ਸਾਡਾ ਪਰਚਮ ਹੈ
ਸਾਡਾ ਵੇਗ ਸਾਡੀ ਸ਼ਮਸ਼ੀਰ ਹੈ
ਸਾਡੀ ਜਿੱਤ ਅਟੱਲ ਹੈ
ਤੇ ਸਾਡੀ ਜਿੱਤ ਦੇ ਜਸ਼ਨ ਨਹੀਂ ਹੁੰਦੇ
ਕਰਤਾਰ ਦੇ ਸ਼ੁਕਰਾਨੇ ਦੀ ਅਰਦਾਸ ਹੁੰਦੀ ਹੈ
ਹਾਰੇ ਹੋਏ ਵੀ ਸਾਡਾ ਅੰਗ ਬਣਦੇ
ਸਾਡੇ ਭਰਾ ਭੈਣ ਬਣਦੇ

ਦਿੱਲੀਏ !
ਤੇਰੇ ਜੁਲਮ ਹਰ ਵਾਰੀ ਹਾਰ ਜਾਂਦੇ ਰਹੇ ਨੇ
ਤੂੰ ਜਦੋਂ ਵੀ ਸੋਚਿਆ ਕਿ
ਅਸੀਂ ਸਭ ਕੁਝ ਹਰ ਗਏ
ਅਸੀਂ ਥੱਕ ਟੁੱਟ ਗਏ
ਯਾਦ ਰੱਖ ਅਸੀਂ ਤਾਂ
ਆਪਣੇ ਸਾਰੇ ਯੋਧੇ ਪੁੱਤਰਾਂ ਦੀ ਸ਼ਹੀਦੀ ਸੁਣ ਕੇ
ਪਹਿਲਾਂ ਤੀਰ ਦੀ ਨੋਕ ਨਾਲ਼ ਜੁਲਮ ਦੀ ਜੜ੍ਹ ਪੁੱਟੀ
ਤੇ ਫਿਰ ਇਨ੍ਹਾਂ ਖੇਤਾਂ 'ਚ ਬੈਠਿਆਂ ਨੇ ਹੀ
ਤੈਨੂੰ ਜਫਰਨਾਮਾ ਲਿਖਿਆ ਹੈ
ਚਲੋ ਯੋਧਿਓ ! ਦਿੱਲੀ ਚੱਲੋ
ਅਸੀਂ ਅੱਜ ਨਹੀਂ ਤਾਂ ਕੱਲ੍ਹ ਫਿਰ ਜਫਰਨਾਮਾ ਲਿਖਣਾ ਹੈ
ਅਸੀਂ ਫਿਰ ਜਫਰਨਾਮਾ ਲਿਖਣਾ ਹੈ...

## ਸੁਰਜੀਤ ਪਾਤਰ ਦੀਆਂ ਦੋ ਕਵਿਤਾਵਾਂ



ਸੁਰਜੀਤ ਪਾਤਰ

ਪੰਛੀ ਤਾਂ ਉਡ ਗਏ ਨੇ...
ਪੰਛੀ ਤਾਂ ਉਡ ਗਏ ਨੇ
ਰੁੱਖ ਵੀ ਸਲਾਹਾਂ ਕਰਨ:
ਚਲੋ ਏਥੋਂ ਚੱਲੀਏ
ਘਰ ਘਰ ਪੁੱਤ ਕਹਿਣ:
ਛੱਡ ਬਾਪੂ ਹੁਣ ਕੀ ਏ ਰੱਖਿਆ ਜ਼ਮੀਨ ਵਿਚ
ਵੇਚ ਕੇ ਸਿਆੜ ਚਾਰ
ਕਰ ਕੇ ਜੁਗਾੜ ਕੋਈ
ਚੱਲ ਏਥੋਂ ਚੱਲੀਏ
ਤੂੰ ਨੀ ਸੁਣੇ, ਟਿਕੀ ਰਾਤੇ
ਪਿੰਡ ਦੇ ਉਜਾੜਾਂ ਵਿਚ
ਮੋਏ ਕਿਰਸਾਨ ਸਾਰੇ
ਏਹੀ ਵ੍ਰਿਦਗਾਨ ਗਾਉਂਦੇ
ਚਲੋ ਏਥੋਂ ਚੱਲੀਏ
ਏਹੀ ਹੈ ਵ੍ਰਿੰਦਗਾਨ
ਏਹੀ ਹੈ ਸਮੂਹ-ਗਾਨ
ਚਲੋ ਏਥੋਂ ਚੱਲੀਏ
ਇਹ ਜਿਹੜੇ
ਨਸ਼ਿਆਂ ਦੇ ਉਡਣ-ਖਟੋਲੇ ਵਿਚ ਬੈਠ ਜਾਂਦੇ
ਓਨ੍ਹਾਂ ਨੇ ਵੀ
ਬੱਸ ਏਥੋਂ ਜਾਣ ਦਾ ਹੀ ਰਾਹ ਜਾਣੀਂ ਲੱਭਿਆ
ਤੇ ਇਹ ਜਿਹੜੇ ਕੁੱਖਾਂ ਵਿਚ
ਨਸ਼ਤਰਾਂ ਦੀ ਭਾਸ਼ਾ ਵਿਚ
ਧੀਆਂ ਨੂੰ ਸੁਨੇਹਾ ਦਿੰਦੇ
ਉਹ ਵੀ ਏਹੋ ਆਖਦੇ ਨੇ:
ਏਥੇ ਕਿੱਥੇ ਆ ਗਈਆਂ
ਏਥੇ ਆ ਕੇ ਕੀ ਲੈਣਾਂ
ਤੁਹਮਤਾਂ ਤੇ ਲਾਹਨਤਾਂ
ਵਹਿਸ਼ਤਾਂ ਤੇ ਸ਼ਹਿਵਤਾਂ
ਦਾਗ ਲੈਣ ਦੁੱਖ ਦੇ
ਜਨਾਹ ਦੇ ਤੇਜ਼ਾਬ ਦੇ ?
ਜਾਓ ਜਾਓ
ਚਲੇ ਜਾਓ
ਏਥੇ ਆ ਕੇ ਕੀ ਲੈਣਾਂ
ਜਿਹੜੇ ਏਥੇ ਆਏ ਹੋਏ
ਉਹ ਤਾਂ ਅੱਗੇ ਆਖਦੇ ਨੇ:
ਚਲੋ ਏਥੋਂ ਚੱਲੀਏ
ਏਹੀ ਏਥੇ ਤਾਲ ਹੈ
ਤੇ ਏਹੀ ਏਥੇ ਰਾਗ ਹੈ
ਏਹੀ ਹੈ ਵ੍ਰਿੰਦਗਾਨ
ਏਹੀ ਹੈ ਸਮੂਹ-ਗਾਨ
ਹੈ ਕੋਈ ਕਵੀ ਏਥੇ
ਹੈ ਕੋਈ ਗਮੰਤਰੀ
ਸਾਜ਼ੀਆਂ ਦੀ ਟੋਲੀ ਕੋਈ
ਹੈ ਕੋਈ ਸੰਗੀਤਕਾਰ
ਜਿਹੜਾ ਹੋਰ ਰਾਗ ਛੇੜੇ
ਮੇਰੀ ਏਸ ਧਰਤ ਤੇ ਹਲੇਮੀ ਰਾਜ ਕਾਇਮ ਹੋਵੇ
ਬੇਗਮਪੁਰੇ ਦਾ ਰੂਪ
ਧਰਤ ਮੇਰੀ ਹੋ ਜਾਏ
ਕੋਈ ਨਾ ਰਵਾਣੇ ਕਿਸੇ
ਕਹੇ ਨਾ ਕੋਈ ਵੀ ਏਥੇ
ਚਲੋ ਏਥੋਂ ਚੱਲੀਏ।
ਹਰ ਕੋਈ ਏਹੀ ਆਖੇ:
ਅਸੀਂ ਏਥੇ ਵੱਸਣਾ
ਅਸੀਂ ਏਥੇ ਵੱਸਣਾ
ਅਸੀਂ ਏਸ ਧਰਤ ਨੂੰ ਬਣਾਉਣਾ ਏ ਵਸਣਯੋਗ
ਰਸਣਯੋਗ
ਹੈ ਕੋਈ ਕਵੀ ਏਥੇ
ਹੈ ਕੋਈ ਗਮੰਤਰੀ
ਸਾਜ਼ੀਆਂ ਦੀ ਟੋਲੀ ਕੋਈ
ਹੈ ਕੋਈ ਸੰਗੀਤਕਾਰ ?

### ਮਿੰਨੀ ਕਹਾਣੀ

## ਬਾਪੂ 'ਚੋਂ ਬਚਪਨ



ਬਿਰਧ ਆਸ਼ਰਮ 'ਚ ਬਜ਼ੁਰਗਾਂ ਨੂੰ ਫਲ ਵੰਡ ਕੇ ਘਰ ਦੀ ਦਹਿਲੀਜ਼ ਵੜਦੀ 'ਅਮਨੀ' ਨੇ ਆਪਣੇ ਪਤੀ ਨੂੰ ਪਿਆਰ ਭਰੇ ਲਹਿਜ਼ੇ 'ਚ ਕਿਹਾ, 'ਅੱਜ ਨਵੇਂ ਰੈਸਟੋਰੈਂਟ 'ਚ ਡਿਨਰ ਕਰਨ ਦਾ ਪ੍ਰੋਗਰਾਮ ਬਣਾਇਆ, ਤੁਸੀਂ ਸਮੇਂ ਸਿਰ ਆ ਜਾਣਾ'। 'ਬਹੁਤ ਖੂਬ-ਬਹੁਤ ਖੂਬ ਮੇਰਾ ਵੀ ਮਨ ਕਰਦਾ ਸੀ ਕਿ ਇਕ ਦਿਨ ਬਾਪੂ ਜੀ ਨੂੰ ਰੈਸਟੋਰੈਂਟ ਲਿਜਾਵਾਂ' ਗੁਰਪ੍ਰੀਤ ਨੇ ਮੋੜਵੇਂ ਜਵਾਬ 'ਚ ਕਿਹਾ। ਅਮਨੀ ਨੂੰ ਇਹ ਜਵਾਬ ਭਾਵੇਂ ਚੰਗਾ ਨਾ ਲੱਗਾ, ਪਰ ਪਤੀ ਦੀ ਖੁਸ਼ੀ 'ਚ ਓਪਰੀ ਹਾਂ 'ਚ 'ਹਾਂ' ਮਿਲਾਉਂਦੀ ਬੋਲੀ, 'ਠੀਕ ਏ, ਮੈਂ ਉਨ੍ਹਾਂ ਨੂੰ ਵੀ ਤਿਆਰ ਰੱਖਾਂਗੀ।'

ਪਤਨੀ ਦੇ ਉਲੀਕੇ ਪ੍ਰੋਗਰਾਮ ਅਤੇ ਬਾਪੂ ਜੀ ਨੂੰ ਰੈਸਟੋਰੈਂਟ 'ਚ ਰੋਟੀ ਖਿਲਾਉਣ ਦੇ ਚਾਅ 'ਚ ਗੁਰਪ੍ਰੀਤ ਪਹਿਲਾਂ ਤੋਂ ਜਲਦੀ ਘਰ ਆ ਗਿਆ। ਮਿੱਥੇ ਪ੍ਰੋਗਰਾਮ ਤਹਿਤ ਤਿੰਨੋਂ ਰੈਸਟੋਰੈਂਟ 'ਚ ਰਾਤ ਦਾ ਖਾਣਾ ਖਾਣ ਚਲੇ ਗਏ। ਗੁਜ਼ਰੀ ਜੁਆਨੀ ਬਾਅਦ ਅੱਜ ਬਾਪੂ ਕੇਹਰ ਸਿੰਘ ਨੂੰ ਕਿਸੇ ਵੱਡੇ ਰੈਸਟੋਰੈਂਟ ਵਿਚ ਖਾਣਾ ਖਾਣ ਦਾ ਸੁਭਾਗਾ ਮੌਕਾ ਆਉਣ ਕਰਕੇ ਬਹੁਤ ਖੁਸ਼ੀ ਸੀ। ਸਪੁੱਤਰ ਨੇ ਬਾਪੂ ਤੋਂ ਪੁੱਛ ਉਸ ਦੇ ਮਨ-ਪਸੰਦ ਪਕਵਾਨ ਮੰਗਵਾਉਣ ਦਾ ਵੇਟਰ ਨੂੰ ਆਡਰ ਦਿੱਤਾ, ਨੂੰਹ ਨੇ ਮਜਬੂਰਨ ਹਾਂ 'ਚ ਹਾਂ ਮਿਲਾਈ।

ਵੇਟਰ ਪਕਵਾਨ ਲਿਆਇਆ ਗੁਰਪ੍ਰੀਤ ਨੇ ਬਾਪੂ ਦੇ ਸਤਿਕਾਰ 'ਚ ਉਸ ਨੂੰ ਪਹਿਲ ਕਰਨ ਲਈ ਬੇਨਤੀ ਕੀਤੀ। ਸਪੁੱਤਰ ਦੇ ਮਾਣ 'ਚ ਬਾਪੂ ਕੇਹਰ ਸਿੰਘ ਕੰਬਦੇ ਹੱਥਾਂ ਨਾਲ ਪਕਵਾਨ ਦਾ ਭਰਿਆ ਚਮਚ ਮੂੰਹ 'ਚ ਪਾਉਂਦਾ, ਪਰ ਉਸ 'ਚੋਂ ਕੁਝ ਟੇਬਲ 'ਤੇ ਹੀ ਡਿੱਗ ਪੈਂਦਾ, ਕਦੇ ਕੰਬਦੇ ਹੱਥਾਂ ਨਾਲ ਟੇਬਲ ਦੇ ਭਾਂਡੇ ਖੜਕਦੇ, ਕਦੇ ਕੁਝ ਸਮਾਨ ਡਿੱਗ ਜਾਂਦਾ। ਗੁਰਪ੍ਰੀਤ ਨੂੰ ਇਹ ਵੇਖ ਸਭ ਚੰਗਾ ਲੱਗਦਾ, ਪਰ ਅਮਨੀ ਉਲੀਕੀ ਰੂਪ-ਰੇਖਾ 'ਚ ਪਏ ਵਿਘਨ ਤੋਂ ਖਫਾ ਨੱਕ ਚੜ੍ਹਾਉਂਦੀ ਬੋਲੀ, 'ਜਦੋਂ ਤੁਸੀਂ ਜਾਣਦੇ ਸੀ ਕਿ ਬਾਪੂ ਜੀ ਇਥੇ ਆਉਣ ਦੇ ਕਾਬਲ ਨਹੀਂ, ਫਿਰ ਜ਼ਿੱਦ ਕਿਉਂ ਕੀਤੀ, ਕੀ ਅਸਰ ਪੈਂਦਾ ਹੈ ਸੁਸਾਇਟੀ 'ਚ, ਕਿਹੋ ਜਿਹੀਆਂ ਗੱਲਾਂ ਕਰਨਗੇ ਲੋਕ ?'

'ਮੈਂ ਨਹੀਂ ਕੁਝ ਸਮਝਦਾ ਕਿਸੇ ਨੂੰ, ਮੇਰੇ ਲਈ ਤਾਂ ਮੇਰੇ ਬਾਪੂ ਜੀ ਤੋਂ ਵੱਧ ਕੁਝ ਨਹੀਂ,' ਤੂੰ ਨਹੀਂ ਜਾਣਦੀ ਬਾਪੂ ਜੀ ਨੇ ਸਾਡੇ ਲਈ ਕੀ ਕੁਝ ਕੀਤਾ। ਮਾਂ ਦੇ ਵਿਛੋੜੇ ਤੋਂ ਬਾਅਦ ਮਮਤਾ ਅਤੇ ਸਰਪ੍ਰਸਤੀ ਦਿੱਤੀ ਇਨ੍ਹਾਂ ਹੱਡਭੰਨਵੀਂ ਮਿਹਨਤ ਕੀਤੀ, ਆਪਣੇ ਢਿੱਡ ਨੂੰ ਗੰਢ ਮਾਰ ਸਾਨੂੰ ਪਾਲਿਆ-ਪੜ੍ਹਾਇਆ, ਮਹੀਨੇ 'ਚ ਇਕ ਵਾਰ ਢਾਬੇ 'ਤੇ ਰੋਟੀ ਖਿਲਾਉਣ ਲਿਜਾਂਦਾ, ਅਸੀਂ ਬਚਪਨ 'ਚ ਕੁਝ ਰੋੜਦੇ-ਕੁਝ ਖਿਲਾਰਦੇ ਉਸ ਵੇਲੇ ਬਾਪੂ ਜੀ ਸਭ ਕੁਝ ਵੇਖ ਖੁਸ਼ ਹੁੰਦੇ ਸੀ, ਪਰ ਇਨ੍ਹਾਂ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਬਾਪੂ ਜੀ ਦੀ ਬਦੌਲਤ ਐਡੇ ਵੱਡੇ ਰੁਤਬੇ 'ਤੇ ਪੁੱਜਾਂ, ਤਾਂ ਬਾਪੂ ਨੂੰ ਢਾਬਾ ਤਾਂ ਨਹੀਂ ਰੈਸਟੋਰੈਂਟ 'ਚ ਖਾਣਾ ਖਿਲਾਉਣ ਲਿਆਇਆ ਹਾਂ। ਮੈਨੂੰ ਬਚਪਨ ਦੇ ਦਿਨ ਯਾਦ ਆਉਂਦੇ ਨੇ ਕਿ... ਕਹਿੰਦੇ... ਦੀਆਂ ਅੱਖਾਂ ਭਰ ਆਈਆਂ। ਇਹ ਵੇਖ ਲਿਬੜੇ ਹੱਥਾਂ ਨਾਲ ਬਾਪੂ ਨੇ ਹੋਣਹਾਰ ਸਪੁੱਤਰ ਨੂੰ ਦਿਲਾਸਾ ਦਿੱਤਾ। ਪਰ 'ਅਮਨੀ ਤਾਂ ਪਿਉ-ਪੁੱਤਰ ਦੇ ਪਵਿੱਤਰ ਰਿਸ਼ਤੇ ਦੀਆਂ ਤੰਦਾਂ ਨੂੰ ਸਮਝਣੋਂ ਅਸਮਰੱਥ ਸੀ। ਉਹ ਇਹ ਨਾ ਸਮਝੀ ਕਿ ਜੀਵਨ ਸਾਥਣ ਦੇ ਵਿਛੋੜੇ ਨੂੰ ਜਰਦੇ ਬਾਪੂ ਨੇ ਆਪਣੇ ਜੁਆਕਾਂ ਨੂੰ ਕਿਵੇਂ ਪਾਲਿਆ-ਪੜ੍ਹਾਇਆ, ਕਿਉਂਕਿ ਉਸ ਲਈ ਤਾਂ ਗੁਰਪ੍ਰੀਤ ਇਕ ਪਤੀ ਸੀ ਨਾ ਕਿ ਕਿਸੇ ਦਾ ਸਪੁੱਤਰ।

ਆਪਣੇ ਜਿਗਰ ਦੇ ਜਾਏ ਦੇ ਸੁਭਾਅ ਅਤੇ ਸੋਚ ਤੋਂ ਜਾਣੂ ਬਾਪੂ ਨੇ ਕੰਬਦੇ ਹੱਥਾਂ ਨਾਲ ਇਸ਼ਾਰਾ ਕਰਕੇ ਸ਼ਾਂਤ ਰਹਿਣ ਦਾ ਆਦੇਸ਼ ਦਿੱਤਾ। ਗੁਰਪ੍ਰੀਤ ਨੇ ਵੇਟਰ ਤੋਂ ਬਿੱਲ ਮੰਗਵਾਇਆ ਅਤੇ ਅਦਾ ਕਰਕੇ ਟਿੱਪ ਦਿੰਦਾ ਰੈਸਟੋਰੈਂਟ ਤੋਂ ਬਾਹਰ ਨਿਕਲ ਤੁਰਿਆ।

ਉਸ ਦੇ ਜਾਣ ਬਾਅਦ ਰੈਸਟੋਰੈਂਟ 'ਚ ਬੈਠੇ ਲੋਕ ਗੱਲਾਂ ਕਰਨ ਲੱਗੇ 'ਜੇ ਇਹੋ ਜਿਹੇ ਸਪੁੱਤਰ ਹੋਣ ਤਾਂ ਬਿਰਧ ਆਸ਼ਰਮਾਂ 'ਚ ਬਜ਼ੁਰਗਾਂ ਨੂੰ ਰੁਲਣਾ ਨਾ ਪਵੇ' ਕੋਈ ਕਹਿ ਰਿਹਾ ਸੀ ਹੁਣ ਯਤੀਮ ਘਰ ਘੱਟ ਪਰ ਬਿਰਧ ਆਸ਼ਰਮ ਵਧੇਰੇ ਨੇ' ਲੋਕਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਅਮਨੀ ਦੇ ਕੰਨੀ ਪਈਆਂ...।

ਉਸ ਨੂੰ ਅਹਿਸਾਸ ਹੋਇਆ ਗੁਰਪ੍ਰੀਤ ਨੇ ਬਜ਼ੁਰਗ ਬਾਪੂ ਦੇ ਕੰਬਦੇ ਹੱਥਾਂ 'ਚੋਂ ਆਪਣੇ ਬਚਪਨ ਨੂੰ ਵੇਖਿਆ ਹੈ।

**-ਬਲਜੀਤ ਸਿੰਘ ਢਿੱਲੋਂ**
**ਮੋਬਾਈਲ : 94178-70492**

# ਗੁਰਲਾਲ ਘਨੌਰ ਨੇ ਪਿੰਡ ਘੜਾਮਾਂ ਕਲਾਂ 'ਚ ਮੇਰਾ ਘਰ ਮੇਰੇ ਨਾਮ ਯੋਜਨਾ ਤਹਿਤ 408 ਪਰਿਵਾਰਾਂ ਨੂੰ ਮਾਲਕਾਨਾ ਹੱਕ ਸੌਂਪੇ



**ਘਨੌਰ, 5 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਅਹਿਮ ਲੋਕ-ਹਿਤੈਸ਼ੀ ਯੋਜਨਾ ਮੇਰਾ ਘਰ ਮੇਰੇ ਨਾਮ ਦੇ ਤਹਿਤ ਅੱਜ ਹਲਕਾ ਘਨੌਰ ਦੇ ਪਿੰਡ ਘੜਾਮਾਂ ਕਲਾਂ ਵਿੱਚ 408 ਪਰਿਵਾਰਾਂ ਨੂੰ ਵੱਡੀ ਰਾਹਤ ਮਿਲੀ। ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਵਿਧਾਇਕ ਗੁਰਲਾਲ ਘਨੌਰ ਨੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਇਨ੍ਹਾਂ ਪਰਿਵਾਰਾਂ ਨੂੰ ਰਜਿਸਟਰੀਆਂ ਸੌਂਪ ਕੇ ਮਾਲਕਾਨਾ ਹੱਕ ਦਿੱਤੇ।

ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਮੇਰਾ ਘਰ ਮੇਰੇ ਨਾਮ ਯੋਜਨਾ ਪੰਜਾਬ ਸਰਕਾਰ ਦੀ ਇੱਕ ਇਤਿਹਾਸਕ ਪਹਿਲ ਹੈ, ਜਿਸ ਨਾਲ ਲਾਲ ਡੋਰਾ (ਆਬਾਦੀ ਦੇਹ) ਦੇ ਰਕਬੇ ਵਿੱਚ ਰਹਿ ਰਹੇ ਪਰਿਵਾਰਾਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਪੂਰੀ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਰਾਹੀਂ ਉਹਨਾਂ ਲੋਕਾਂ ਨੂੰ ਪੱਕੀ ਮਾਲਕੀ ਦੇ ਹੱਕ ਮਿਲ ਰਹੇ ਹਨ ਜੋ ਸਾਲਾਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਸਨ ਪਰ ਕਾਨੂੰਨੀ ਤੌਰ 'ਤੇ ਮਾਲਕ ਨਹੀਂ ਮੰਨੇ ਜਾਂਦੇ ਸਨ।

ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਭਾਵੇਂ ਕਈ ਵਾਅਦੇ ਕੀਤੇ ਹਨ, ਪਰ ਲਾਲ ਲਕੀਰ ਵਿੱਚ ਵਸਦੇ ਲੋਕਾਂ ਨੂੰ ਮਾਲਕਾਨਾ ਹੱਕ ਦੇਣ ਵੱਲ ਕੋਈ ਢੁਕਵਾਂ ਕਦਮ ਨਹੀਂ ਚੁੱਕਿਆ। ਇਸਦੇ ਉਲਟ ਮੌਜੂਦਾ ਮਾਨ ਸਰਕਾਰ ਨੇ ਜਮੀਨੀ ਹਕੀਕਤ ਨੂੰ ਸਮਝਦਿਆਂ ਲੋਕਾਂ ਨੂੰ ਹੱਕ ਦੇਣ ਲਈ ਵਚਨਬੱਧ ਹੋ ਕੇ ਕੰਮ ਕੀਤਾ ਹੈ। ਵਿਧਾਇਕ ਘਨੌਰ ਨੇ ਦੱਸਿਆ ਕਿ ਇਹ ਯੋਜਨਾ ਨਾ ਸਿਰਫ਼ ਲੋਕਾਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਦੀ ਹੈ, ਸਗੋਂ ਉਨ੍ਹਾਂ ਦੀ ਆਰਥਿਕ ਸਥਿਤੀ ਨੂੰ ਵੀ ਮਜ਼ਬੂਤ ਕਰਦੀ ਹੈ। ਹੁਣ ਇਹ ਪਰਿਵਾਰ ਆਪਣੀ ਜਾਇਦਾਦ ਨੂੰ ਬੈਂਕ ਲੋਨ ਜਾਂ ਹੋਰ ਵਿੱਤੀ ਸਹੂਲਤਾਂ ਲਈ ਵਰਤ ਸਕਣਗੇ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਵਿੱਚ ਸੁਧਾਰ ਆਵੇਗਾ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਦਾ ਮੂਲ ਉਦੇਸ਼ ਸੂਬੇ ਦੇ ਹਰ ਵਰਗ ਨੂੰ ਉੱਚਾ ਚੁੱਕਣਾ ਅਤੇ ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨਾ ਹੈ।

ਸਮਾਗਮ ਦੌਰਾਨ ਰਜਿਸਟਰੀਆਂ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ। ਕਈਆਂ ਨੇ ਕਿਹਾ ਕਿ ਉਹ ਸਾਲਾਂ ਤੋਂ ਇਸ ਦਿਨ ਦੀ ਉਡੀਕ ਕਰ ਰਹੇ ਸਨ ਅਤੇ ਅੱਜ ਉਨ੍ਹਾਂ ਦਾ ਸੁਪਨਾ ਸਾਕਾਰ ਹੋਇਆ ਹੈ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਅਤੇ ਵਿਧਾਇਕ ਗੁਰਲਾਲ ਘਨੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਵਿੱਚ ਇਕ ਨਵਾਂ ਮੋੜ ਲਿਆਏਗਾ।

ਇਸ ਮੌਕੇ ਚੇਅਰਮੈਨ ਸਹਿਜਪਾਲ ਸਿੰਘ ਦਿਉਲ ਲਾਡਾ ਨਨਹੇੜਾ, ਸਰਪੰਚ ਜੋਧਵੀਰ ਸਿੰਘ ਵੜੈਚ, ਗੁਰਤਾਜ ਸਿੰਘ ਸੰਧੂ, ਗੁਰਪ੍ਰੀਤ ਸਿੰਘ ਢਿੱਲੋਂ ਬੂਹਾ, ਨਿਸ਼ਾਨ ਸਿੰਘ ਸੰਧੂ ਅਤੇ ਸਬੰਧਤ ਅਧਿਕਾਰੀ ਅਤੇ ਪੰਚ, ਸਰਪੰਚਾਂ ਸਮੇਤ ਵੱਡੀ ਗਿਣਤੀ ਵਿਚ ਪਾਰਟੀ ਅਹੁਦੇਦਾਰ ਤੇ ਵਰਕਰ ਮੌਜੂਦ ਸਨ।

# ਸਰਕਾਰੀ ਹਸਪਤਾਲਾਂ 'ਚ ਮਰੀਜਾਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਬਰਦਾਸ਼ਤ ਨਹੀਂ: ਸਿਹਤ ਮੰਤਰੀ ਡਾ. ਬਲਬੀਰ ਸਿੰਘ

## ਮਾਤਾ ਕੌਸ਼ੱਲਿਆ ਹਸਪਤਾਲ 'ਚ ਮਰੀਜ ਨਾਲ ਬਦਸਲੂਕੀ ਕਰਨ ਵਾਲਾ ਠੇਕਾ ਕਰਮਚਾਰੀ ਮੁਅੱਤਲ, ਇੱਕ ਮਹੀਨੇ ਦਾ ਨੋਟਿਸ ਦੇਕੇ ਸੇਵਾ ਤੋਂ ਹੋਵੇਗਾ ਫਾਰਗ

**ਪਟਿਆਲਾ, 2 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਖ਼ਤ ਸ਼ਬਦਾਂ 'ਚ ਆਖਿਆ ਹੈ ਕਿ ਸਰਕਾਰੀ ਹਸਪਤਾਲਾਂ 'ਚ ਮਰੀਜਾਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਿਹਤ ਮੰਤਰੀ ਨੇ ਅੱਜ ਇੱਥੇ ਸਰਕਾਰੀ ਮਾਤਾ ਕੌਸ਼ੱਲਿਆ ਹਸਪਤਾਲ ਦਾ ਅਚਨਚੇਤ ਦੌਰਾ ਕਰਦਿਆਂ, ਬੀਤੇ ਦਿਨ ਇੱਥੇ ਓ.ਪੀ.ਡੀ. ਰਜਿਸਟ੍ਰੇਸ਼ਨ ਕਾਊਂਟਰ 'ਤੇ ਇੱਕ ਮਰੀਜ ਨਾਲ ਦੁਰਵਿਵਹਾਰ ਕਰਨ ਵਾਲੇ ਠੇਕਾ ਕਰਮਚਾਰੀ ਨੂੰ ਤੁਰੰਤ ਮੁਅੱਤਲ ਕਰਨ ਦੇ ਆਦੇਸ਼ ਦਿੱਤੇ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਇਸ ਘਟਨਾ ਦੀ ਵੀਡੀਓ ਵਾਇਰਲ ਦੇਖ ਕੇ ਉਨ੍ਹਾਂ ਦੇ ਮਨ ਨੂੰ ਭਾਰੀ ਠੇਸ ਪੁੱਜੀ ਹੈ, ਕਿ ਕਿਸ ਤਰ੍ਹਾਂ ਕਰਮਚਾਰੀ ਨੇ ਮੁੱਕਾ ਮਾਰ ਕੇ ਸ਼ੀਸ਼ਾ ਭੰਨਿਆ, ਜਿਸ ਕਾਰਨ ਮਹਿਲਾ ਮਰੀਜ ਨੂੰ ਸੱਟ ਵੱਜੀ ਤੇ ਇਹ ਕੱਚ ਹੋਰ ਵੀ ਮਰੀਜਾਂ ਦੀ ਅੱਖ ਵਿੱਚ ਵੀ ਲੱਗ ਸਕਦਾ ਸੀ, ਜਿਸ ਲਈ ਅਜਿਹੀ ਬਦਤਮੀਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਹੈ।



ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਮਾਤਾ ਕੌਸ਼ੱਲਿਆ ਸਰਕਾਰੀ ਹਸਪਤਾਲ ਪਟਿਆਲਾ ਦਾ ਅਚਨਚੇਤ ਦੌਰਾ ਕਰਕੇ ਓ.ਪੀ.ਡੀ. ਰਜਿਸਟ੍ਰੇਸ਼ਨ ਕਾਊਂਟਰ ਦਾ ਜਾਇਜ਼ਾ ਲੈਂਦੇ ਹੋਏ।

ਉਨ੍ਹਾਂ ਦੱਸਿਆ ਕਿ ਇਸ ਘਟਨਾ ਦੀ ਵਿਭਾਗੀ ਜਾਂਚ ਕਰਕੇ ਸਖ਼ਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ ਅਤੇ ਠੇਕਾ ਕਰਮਚਾਰੀ ਗੁਰਪ੍ਰੀਤ ਸਿੰਘ ਨੂੰ ਇੱਕ ਮਹੀਨੇ ਦਾ ਨੋਟਿਸ ਦੇ ਕੇ ਸੇਵਾਵਾਂ ਤੋਂ ਫਾਰਗ ਕੀਤਾ ਜਾਵੇਗਾ।

ਡਾ. ਬਲਬੀਰ ਸਿੰਘ ਨੇ ਮਾਤਾ ਕੌਸ਼ੱਲਿਆ ਹਸਪਤਾਲ ਦੀ ਓਪੀਡੀ ਰਜਿਸਟ੍ਰੇਸ਼ਨ ਕਾਊਂਟਰ ਦਾ ਜਾਇਜ਼ਾ ਲੈਂਦਿਆਂ ਐਸ.ਐਮ.ਓ ਡਾ. ਵਿਕਾਸ ਗੋਇਲ ਤੇ ਡਾ. ਜੈਦੀਪ ਭਾਟੀਆ ਨੂੰ ਨਿਰਦੇਸ਼ ਦਿੱਤੇ ਕਿ ਇੱਥੇ ਹੋਰ ਮੁਲਾਜਮ ਤਾਇਨਾਤ ਕੀਤੇ ਜਾਣ ਤਾਂ ਕਿ ਮਰੀਜਾਂ ਨੂੰ ਪਰਚੀ ਬਣਵਾਉਣ ਲਈ ਘੱਟ ਤੋਂ ਘੱਟ ਸਮਾਂ ਲੱਗੇ। ਉਨ੍ਹਾਂ ਕਿਹਾ ਕਿ ਮਰੀਜਾਂ ਨੂੰ ਹੋਰ ਵੀ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦਾ ਉਚੇਚਾ ਧਿਆਨ ਕੇਂਦਰਤ ਹੈ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਟੀਚਾ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਤੇ ਬਿਤਹਰ ਸਿੱਖਿਆ ਪ੍ਰਦਾਨ ਕਰਨਾ ਹੈ।

ਸਿਹਤ ਮੰਤਰੀ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਸਰਕਾਰੀ ਹਸਪਤਾਲਾਂ ਦੇ ਡਾਕਟਰੀ ਅਮਲੇ ਤੇ ਹੋਰ ਸਹਾਇਕ ਅਮਲੇ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਆਪਣਾ 'ਦਿਲ ਨਰਮ ਤੇ ਸਿਰ ਸਰਦ' ਰੱਖਣ ਭਾਵ ਕਿ ਮਰੀਜਾਂ ਪ੍ਰਤੀ ਨਰਮ ਤੇ ਸਦਭਾਵਨਾ ਵਾਲਾ ਵਿਵਹਾਰ ਰੱਖਣ, ਕਿਉਂਕਿ ਕਿਸੇ ਦਰਦ ਤੇ ਪੀੜਾ ਕਰਕੇ ਹੀ ਮਰੀਜ ਹਸਪਤਾਲਾਂ 'ਚ ਆਉਂਦੇ ਹਨ।


ਉਨ੍ਹਾਂ ਕਿਹਾ ਕਿ, ਹੋ ਸਕਦਾ ਹੈ ਕਿ ਮਰੀਜ ਮਨੋਰੋਗੀ ਹੋਵੇ ਤੇ ਉਹ ਉਲਟਾ ਸਿੱਧਾ ਵੀ ਬੋਲ ਸਕਦਾ ਹੈ, ਕਿਉਂਕਿ ਉਸਨੂੰ ਇਲਾਜ ਦੀ ਲੋੜ ਹੈ ਪਰੰਤੂ ਸਾਡੇ ਅਮਲੇ ਨੂੰ ਅਜਿਹੇ ਮਰੀਜ ਨਾਲ ਨਰਮ ਵਰਤਾਉ ਕਰਨਾ ਚਾਹੀਦਾ ਹੈ।

ਡਾ. ਬਲਬੀਰ ਸਿੰਘ ਨੇ ਨਾਲ ਹੀ ਮਾਤਾ ਕੌਸ਼ੱਲਿਆ ਹਸਪਤਾਲ ਦੇ ਸਾਰੇ ਡਾਕਟਰਾਂ ਤੇ ਸਟਾਫ਼ ਨਰਸਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਹਸਪਤਾਲ ਦਾ 99.9 ਫੀਸਦੀ ਸਟਾਫ਼ ਪੂਰੀ ਲਗਨ, ਇਮਾਨਦਾਰੀ ਤੇ ਮਿਹਨਤ ਨਾਲ ਮਰੀਜਾਂ ਦੀ ਸੇਵਾ ਕਰਦਾ ਹੈ ਪਰੰਤੂ 0.1 ਫੀਸਦੀ ਅਜਿਹੇ ਲੋਕਾਂ ਨੂੰ ਵੀ ਠੀਕ ਕੀਤਾ ਜਾਵੇਗਾ।

ਸਿਹਤ ਮੰਤਰੀ ਨੇ ਇਹ ਵੀ ਸਪੱਸ਼ਟ ਆਖਿਆ ਕਿ ਸਰਕਾਰੀ ਹਸਪਤਾਲਾਂ ਵਿਖੇ ਮਰੀਜਾਂ ਜਾਂ ਉਨ੍ਹਾਂ ਦੇ ਵਾਰਸਾਂ ਵੱਲੋਂ ਵੀ ਕੀਤੀ ਜਾਣ ਵਾਲੀ ਹੁਲੜਬਾਜੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਤੇ ਕਈ ਘਟਨਾਵਾਂ ਵਿੱਚ ਅਜਿਹੇ ਹੁਲੜਬਾਜਾਂ ਵਿਰੁੱਧ ਪੁਲਿਸ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਮਰੀਜਾਂ ਨਾਲ ਹਮਦਰਦੀ ਵਾਲਾ ਵਤੀਰਾ ਅਪਨਾਉਣ ਵਾਲੇ ਸਟਾਫ਼ ਨੂੰ ਤਰੱਕੀ ਦਿੱਤੀ ਜਾਵੇਗੀ ਤੇ ਮਾੜਾ ਵਿਵਹਾਰ ਕਰਨ ਵਾਲੇ ਵਿਰੁੱਧ ਕਾਰਵਾਈ ਯਕੀਨੀ ਹੈ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮਾਤਾ ਕੌਸ਼ੱਲਿਆ ਹਸਪਤਾਲ ਪੰਜਾਬ ਦਾ ਜ਼ਿਲ੍ਹਾ ਹਸਪਤਾਲ ਬਿਹਤਰ ਸਿਵਲ ਹਸਪਤਾਲ ਹੈ, ਜਿੱਥੇ ਆਈਸੀਯੂ, ਨਿਊਨੇਟਲ ਇੰਟੈਸਿਵ ਕੇਅਰ ਯੂਨਿਟ, ਬੱਚਿਆਂ ਦੇ ਆਈਸੀਯੂ, ਹੋਰ ਸਪੈਸ਼ਲਿਟੀਜ਼ ਸਮੇਤ ਇੱਥੇ ਡੀ.ਐਨ.ਬੀ. ਕੋਰਸਿਜ ਚੱਲਦੇ ਹਨ ਅਤੇ ਜਿਸ ਕਰਕੇ ਇੱਥੇ 1500 ਤੋਂ 1700 ਰੋਜ਼ ਆਉਂਦੇ ਹਨ। ਉਨ੍ਹਾਂ ਹੋਰ ਕਿਹਾ ਕਿ ਇਸ ਹਸਪਤਾਲ 'ਚ ਹੋਰ ਵੀ ਬਿਹਤਰ ਸੇਵਾਵਾਂ ਪ੍ਰਦਾਨ ਕਰਨਾ ਉਨ੍ਹਾਂ ਦਾ ਮਕਸਦ ਹੈ।

# ਸਿਰਫ ਅਧਿਆਤਮਿਕਤਾ ਹੀ ਬੱਚਿਆਂ ਵਿੱਚ ਕਦਰਾਂ-ਕੀਮਤਾਂ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰ ਸਕਦੀ ਹੈ: ਕਾਲਿੰਦੀ ਭਾਰਤੀ



**ਪਟਿਆਲਾ, 2 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਪਟਿਆਲਾ ਦੁਆਰਾ ਵੀਰ ਹਕੀਕਤ ਰਾਏ ਗਰਾਊਂਡ ਵਿਖੇ ਆਯੋਜਿਤ ਸੱਤ ਦਿਨਾ ਸ਼੍ਰੀਮਦ ਭਾਗਵਤ ਕਥਾ ਗਿਆਨ ਯੱਗ ਦੇ ਪਹਿਲੇ ਦਿਨ ਦੀ ਸ਼ੁਰੂਆਤ ਮਹਾਰਾਣੀ ਪ੍ਰਨੀਤ ਕੌਰ, ਸ੍ਰੀ ਕਮਲ ਅਗਰਵਾਲ, ਸ੍ਰੀ ਸੌਰਵ ਜੈਨ, ਜੈ ਨਰਾਇਣ ਗੋਇਲ, ਧਰਮਪਾਲ ਗੋਇਲ, ਸੁਭਾਸ਼ ਗੁਪਤਾ ਜੀ ਦੁਆਰਾ ਜਯੋਤੀ ਪ੍ਰਜਵਲਣ ਨਾਲ ਕੀਤੀ ਗਈ।ਦਿਵਯ ਗੁਰੂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸ਼ਿਸ਼ ਸਾਧਵੀ ਕਾਲਿੰਦੀ ਭਾਰਤੀ ਜੀ ਨੇ ਆਤਮ-ਦੇਵ ਦੀ ਇੱਛਾ ਅਤੇ ਧੁੰਦੂਕਾਰੀ ਦੇ ਹੰਕਾਰ ਦਾ ਵਰਣਨ ਕਰਦੇ ਹੋਏ ਕਿਹਾ ਕਿ ਇਹ ਸਿਰਫ ਕਹਾਣੀ ਨਹੀਂ ਹੈ ਸਗੋਂ ਇਹ ਕਥਾ ਅਜੋਕੇ ਸਮਾਜ ਨੂੰ ਸੁਚੇਤ ਕਰ ਰਹੀ ਹੈ ਕਿ ਜੇਕਰ ਸੰਤਾਨ ਦੀ ਸਿਰਜਣਾ ਵਿੱਚ ਕਦਰਾਂ-ਕੀਮਤਾਂ ਦੇ ਬੀਜ ਨਾ ਬੀਜੇ ਗਏ ਤਾਂ ਪਰਿਵਾਰ ਦੇ ਰੁੱਖ ਦਾ ਪਤਨ ਨਿਸ਼ਚਿਤ ਹੈ। ਬੱਚੇ ਸਿਰਫ਼ ਪਰਿਵਾਰ ਦਾ ਵਿਸਥਾਰ ਹੀ ਨਹੀਂ ਹੋਣੇ ਚਾਹੀਦੇ ਸਗੋਂ ਉਨ੍ਹਾਂ ਨੂੰ ਕਦਰਾਂ-ਕੀਮਤਾਂ ਦਾ ਵਾਹਕ ਵੀ ਹੋਣਾ ਚਾਹੀਦਾ ਹੈ। ਅੱਜ ਲੋੜ ਹੈ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੱਛਮੀ ਸੱਭਿਅਤਾ ਦੀ ਅੰਨ੍ਹੀ ਨਕਲ ਤੋਂ ਬਚਾਉਣ ਅਤੇ ਉਨ੍ਹਾਂ ਅੰਦਰ ਅਧਿਆਤਮਿਕਤਾ ਦੇ ਬੀਜ ਬੀਜਣ ਦੀ। ਅਜੋਕਾ ਸਮਾਜ ਬਹੁਤ ਹੀ ਸੰਵੇਦਨਸ਼ੀਲ ਦੌਰ ਵਿੱਚੋਂ ਲੰਘ ਰਿਹਾ ਹੈ। ਜਿੱਥੇ ਇੱਕ ਪਾਸੇ ਅਸੀਂ ਤਕਨੀਕੀ ਤੌਰ 'ਤੇ ਸਿਖਰ 'ਤੇ ਪਹੁੰਚ ਰਹੇ ਹਾਂ, ਉੱਥੇ ਦੂਜੇ ਪਾਸੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸੱਭਿਆਚਾਰਕ ਖਲਾਅ ਦੀ ਡੂੰਘੀ ਖੱਡ 'ਚ ਡਿੱਗ ਰਹੀਆਂ ਹਨ।ਅੱਜ ਦੇ ਬੱਚੇ ਪੜ੍ਹੇ-ਲਿਖੇ ਹਨ, ਪਰ ਉਨ੍ਹਾਂ ਵਿਚ ਵਿਵੇਕ ਦੀ ਘਾਟ ਹੈ। ਉਹ ਇੰਟਰਨੈੱਟ ਤੋਂ ਜਾਣਕਾਰੀ ਇਕੱਠੀ ਕਰ ਰਹੇ ਹਨ ਪਰ ਸਬਰ ਗੁਆ ਰਹੇ ਹਨ। ਬੱਚਿਆਂ ਵਿੱਚ ਵਧ ਰਿਹਾ ਹੰਕਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਘਾਟ। ਹਰ ਮਾਂ-ਬਾਪ ਲਈ ਗੰਭੀਰ ਸਵਾਲ ਹੈ ਕਿ ਬੱਚਿਆਂ ਵਿੱਚ ਕਦਰਾਂ-ਕੀਮਤਾਂ ਦਾ ਬੀਜ ਕਿਵੇਂ ਬੀਜਿਆ ਜਾਵੇ ?ਇਸ ਭਖਦੀ ਸਮੱਸਿਆ ਦਾ ਹੱਲ ਦੱਸਦੇ ਹੋਏ ਸਾਧਵੀ ਜੀ ਨੇ ਕਿਹਾ ਕਿ ਇਸ ਦਾ ਇੱਕ ਹੀ ਹੱਲ ਹੈ - ਅਧਿਆਤਮਿਕਤਾ।

# ਵੇਰਕਾ ਮਿਲਕ ਪਲਾਂਟ, ਪਟਿਆਲਾ ਤੇ ਪੀ.ਆਰ.ਟੀ.ਸੀ ਦਰਮਿਆਨ ਨਵੀਆਂ ਮਿਲਕਬਾਰਾਂ ਲਗਾਉਣ ਲਈ ਇਕਰਾਰਨਾਮਾ

## ਪੀ.ਆਰ.ਟੀ.ਸੀ ਦੇ ਬੱਸ ਅੱਡਿਆਂ 'ਤੇ ਵੇਰਕਾ ਮਿਲਕ ਬਾਰਾਂ ਖੋਲ੍ਹਣ ਨਾਲ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ ਸਮੇਤ ਯਾਤਰੀਆਂ ਨੂੰ ਉੱਚ ਗੁਣਵੱਤਾ ਵਾਲੇ ਦੁੱਧ ਉਤਪਾਦ ਮਿਲਣਗੇ: ਹਰਪਾਲ ਜੁਨੇਜਾ

**ਪਟਿਆਲਾ, 2 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵੇਰਕਾ ਮਿਲਕ ਪਲਾਂਟ, ਪਟਿਆਲਾ ਨੇ ਪੀ.ਆਰ.ਟੀ.ਸੀ ਅਧੀਨ ਪੈਂਦੇ ਬੱਸ ਸਟੈਂਡਾਂ ਅਤੇ ਵਰਕਸ਼ਾਪਾਂ ਵਿੱਚ ਮਿਲਕ ਬਾਰਾਂ ਲਗਾਉਣ ਲਈ ਪੀ.ਆਰ.ਟੀ.ਸੀ. ਨਾਲ ਇੱਕ ਇਕਰਾਰਨਾਮਾ ਕੀਤਾ ਹੈ। ਇਹ ਸਮਝੌਤਾ ਪੀ.ਆਰ.ਟੀ.ਸੀ ਦੇ ਚੇਅਰਮੈਨ ਸ. ਹਰਪਾਲ ਸਿੰਘ ਜੁਨੇਜਾ, ਪ੍ਰਬੰਧਕ ਨਿਰਦੇਸ਼ਕ ਸ. ਬਿਕਰਮਜੀਤ ਸਿੰਘ ਸ਼ੇਰਗਿਲ ਸਮੇਤ ਵੇਰਕਾ ਮਿਲਕ ਪਲਾਂਟ, ਪਟਿਆਲਾ ਦੇ ਜਨਰਲ ਮੈਨੇਜਰ ਡਾ. ਅਮਿਤ ਗਰਗ ਦੀ ਮੌਜੂਦਗੀ ਵਿੱਚ ਕੀਤਾ ਗਿਆ।ਇਸ ਦੌਰਾਟ ਪੀ.ਆਰ.ਟੀ.ਸੀ. ਦੇ ਏ.ਐਮ.ਡੀ. ਨਵਦੀਪ ਕੁਮਾਰ, ਪੀ.ਆਰ.ਟੀ.ਸੀ ਦੇ ਜਨਰਲ ਮੈਨੇਜਰ ਜਤਿੰਦਰਪਾਲ ਸਿੰਘ ਗਰੇਵਾਲ ਤੇ ਮੋਹਿੰਦਰਪਾਲ ਸਿੰਘ ਵੀ ਮੌਜੂਦ ਸਨ।

ਇਸ ਮੌਕੇ ਐਡਵੋਕੇਟ ਹਰਪਾਲ ਜੁਨੇਜਾ ਨੇ ਕਿਹਾ ਕਿ ਇਸ ਇਕਰਾਰ ਨਾਲ ਸਵਾਰੀਆਂ ਨੂੰ ਗੁਣਵੱਤਾ ਭਰਪੂਰ ਖਾਣ-ਪੀਣ ਦੀਆਂ ਵਸਤਾਂ ਮੁਹੱਈਆ ਹੋਣਗੀਆਂ। ਜੁਨੇਜਾ ਨੇ ਦੱਸਿਆ ਕਿ ਇਸ ਇਕਰਾਰਨਾਮੇ ਦਾ ਮੁੱਖ ਉਦੇਸ਼ ਵੇਰਕਾ ਦੇ ਉੱਚ ਗੁਣਵੱਤਾ ਵਾਲੇ ਦੁੱਧ ਅਤੇ ਦੁੱਧ ਪਦਾਰਥ ਪੰਜਾਬ ਦੇ ਉਪਭੋਗਤਾਵਾਂ ਤੱਕ ਪਹੁੰਚਾਉਣਾ ਹੈ।

ਐਡਵੋਕੇਟ ਹਰਪਾਲ ਜੁਨੇਜਾ ਨੇ ਦੱਸਿਆ ਕਿ ਇਸ ਇਕਰਾਰਨਾਮੇ ਤਹਿਤ ਪੀ.ਆਰ.ਟੀ.ਸੀ ਦੇ ਵੱਖ-ਵੱਖ ਬੱਸ ਅੱਡਿਆਂ ਅਤੇ ਹੋਰ ਥਾਵਾਂ 'ਤੇ ਵੇਰਕਾ ਦੀਆਂ ਮਿਲਕ ਬਾਰਾਂ ਖੋਲ੍ਹੀਆਂ ਜਾਣਗੀਆਂ। ਇਸ ਨਾਲ ਇੱਕ ਪਾਸੇ ਜਿੱਥੇ ਆਮ ਲੋਕਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ, ਉੱਥੇ ਹੀ ਯਾਤਰੀਆਂ ਨੂੰ ਸਾਫ਼-ਸੁਥਰੇ ਅਤੇ ਉੱਚ ਗੁਣਵੱਤਾ ਵਾਲੇ ਦੁੱਧ ਅਤੇ ਦੁੱਧ ਉਤਪਾਦ ਆਸਾਨੀ ਨਾਲ ਪ੍ਰਾਪਤ ਹੋਣਗੇ।ਚੇਅਰਮੈਨ ਨੇ ਕਿਹਾ ਕਿ ਇਹ ਪਹਿਲ ਪੰਜਾਬ ਸਰਕਾਰ ਦੇ ਲੋਕ-ਭਲਾਈ ਅਤੇ ਰੋਜ਼ਗਾਰ ਵਧਾਉਣ ਦੇ ਵਿਜ਼ਨ ਨੂੰ ਅੱਗੇ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗੀ।

ਵੇਰਕਾ ਮਿਲਕ ਪਲਾਂਟ, ਪਟਿਆਲਾ ਦੇ ਜਨਰਲ ਮੈਨੇਜਰ ਡਾ. ਅਮਿਤ ਗਰਗ ਨੇ ਕਿਹਾ ਕਿ ਵੇਰਕਾ ਦੁੱਧ ਉਤਪਾਦਕਾਂ ਅਤੇ ਕਿਸਾਨਾਂ ਦਾ ਆਪਣਾ ਅਦਾਰਾ ਹੈ, ਜੋ ਦੁੱਧ ਉਤਪਾਦਕਾਂ ਅਤੇ ਉਪਭੋਗਤਾਵਾਂ ਦੀ ਭਲਾਈ ਲਈ ਹਮੇਸ਼ਾ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਵੇਰਕਾ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਅਤੇ ਮਿਲਕਫੈਡ ਪੰਜਾਬ ਦੇ ਪ੍ਰਬੰਧਕ ਨਿਰਦੇਸ਼ਕ ਰਾਹੁਲ ਗੁਪਤਾ ਵੱਲੋਂ ਪੂਰੇ ਪੰਜਾਬ ਵਿੱਚ ਲੋਕਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਅਤੇ ਉੱਚ ਗੁਣਵੱਤਾ ਵਾਲੇ ਦੁੱਧ ਅਤੇ ਦੁੱਧ ਉਤਪਾਦ ਮਾਰਕੀਟ ਕਰਨ ਲਈ ਵੱਖ-ਵੱਖ ਸਰਕਾਰੀ ਅਦਾਰਿਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਦੀਆਂ ਜਗ੍ਹਾਂ 'ਤੇ ਵੇਰਕਾ ਦੀਆਂ ਮਿਲਕ ਬਾਰਾਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ।



ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਪੰਜਾਬ, ਪਟਿਆਲਾ ਦੇ ਇੰਦਿਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਕੇਂਦਰ ਵੱਲੋਂ ਸਕੂਲ ਆਫ਼ ਲਾਅ ਅਧੀਨ ਸਰਟੀਫਿਕੇਟ ਅਤੇ ਡਿਪਲੋਮਾ ਕੋਰਸ ਚਲਾਏ ਜਾ ਰਹੇ ਹਨ। ਇਨ੍ਹਾਂ ਕੋਰਸਾਂ ਦੀ ਸ਼ੁਰੂਆਤ ਵਾਈਸ ਚਾਂਸਲਰ ਪ੍ਰੋਫੈਸਰ ਡਾ. ਜੈ ਸ਼ੰਕਰ ਸਿੰਘ ਦੀ ਅਗਵਾਈ ਹੇਠ ਕੀਤੀ ਗਈ ਹੈ।

ਇਸ ਦੇ ਨਾਲ ਬੈਚਲਰ ਆਫ਼ ਆਰਟਸ (ਆਨਰਜ) ਦੇ ਕੋਰਸ ਸ਼ਾਮਲ ਹਨ, ਜਿਨ੍ਹਾਂ ਵਿੱਚ ਅੰਗਰੇਜ਼ੀ, ਹਿੰਦੀ, ਇਤਿਹਾਸ, ਰਾਜਨੀਤੀ ਸ਼ਾਸਤਰ, ਅਤੇ ਸਮਾਜ ਵਿਗਿਆਨ ਵਰਗੇ ਵਿਸ਼ੇ ਹ ਨ ।

ਇਸ ਤੋਂ ਇਲਾਵਾ ਬੈਚਲਰ ਆਫ਼ ਕਾਮਰਸ ਅਤੇ ਮਾਸਟਰਜ ਪ੍ਰੋਗਰਾਮ ਵੀ ਉਪਲਬਧ ਹਨ, ਜਿਵੇਂ ਕਿ ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਇਤਿਹਾਸ, ਲੋਕ ਪ੍ਰਸ਼ਾਸਨ, ਅੰਗਰੇਜ਼ੀ ਅਤੇ ਸੋਸ਼ੋਲੋਜੀ, ਇਹ ਕੋਰਸ ਵਿਦਿਆਰਥੀਆਂ, ਰੁਜ਼ਗਾਰਪੇਸ਼ਾ ਵਿਅਕਤੀਆਂ ਅਤੇ ਹੋਰ ਸਿੱਖਿਆਰਥੀਆਂ ਲਈ ਉੱਚ ਸਿੱਖਿਆ ਦੇ ਲਚਕੀਲੇ ਮੌਕੇ ਪ੍ਰਦਾਨ ਕਰਦੇ ਹਨ। ਕੇਂਦਰ ਵੱਲੋਂ ਵੱਧ ਤੋਂ ਵੱਧ ਯੋਗ ਉਮੀਦਵਾਰਾਂ ਨੂੰ ਇਨ੍ਹਾਂ ਕੋਰਸਾਂ ਵਿੱਚ ਦਾਖਲਾ ਲੈਣ ਲਈ ਪ੍ਰੇਰਿਤ ਕੀਤਾ ਜਜਾ ਰਿਹਾ ਹੈ।

# ਜੁਨੇਜਾ ਵੱਲੋਂ ਪੀ.ਆਰ.ਟੀ.ਸੀ. ਦੀਆਂ ਜਮੀਨ 'ਤੇ ਪੈਟਰੋਲ ਪੰਪ ਲਾਉਣ ਲਈ ਆਈ.ਓ.ਸੀ.ਐਲ ਨੂੰ ਪ੍ਰਵਾਨਗੀ ਪੱਤਰ ਜਾਰੀ



**ਪਟਿਆਲਾ, 2 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਆਰਟੀਸੀ ਵੱਲੋਂ ਆਪਣੀ ਆਮਦਨ ਵਧਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਤਹਿਤ ਪੀਆਰਟੀਸੀ ਵੱਲੋਂ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਦੀ ਅਗਵਾਈ ਹੇਠ ਅੱਜ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਨੂੰ ਆਪਣੀਆਂ ਜ਼ਮੀਨਾਂ 'ਤੇ ਪੈਟਰੋਲ ਪੰਪ ਲਗਾਉਣ ਲਈ ਪ੍ਰਵਾਨਗੀ ਪੱਤਰ ਜਾਰੀ ਕੀਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਅਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੀ.ਆਰ.ਟੀ.ਸੀ. ਦੀ ਤਰੱਕੀ ਅਤੇ ਆਮਦਨ ਵਿੱਚ ਵਾਧਾ ਕਰਨ ਲਈ ਲਗਾਤਾਰ ਉਪਰਾਲੇ ਜਾਰੀ ਹਨ।

ਚੇਅਰਮੈਨ ਜੁਨੇਜਾ ਨੇ ਦੱਸਿਆ ਕਿ ਪੀ.ਆਰ.ਟੀ.ਸੀ. ਮੁੱਖ ਦਫ਼ਤਰ ਪਟਿਆਲਾ ਦੀ ਜ਼ਮੀਨ 'ਤੇ ਆਈ.ਓ.ਸੀ.ਐਲ. ਵੱਲੋਂ ਰਿਟੇਲ ਪੈਟਰੋਲੀਅਮ ਆਊਟਲੈੱਟ ਸਥਾਪਿਤ ਕਰਨ ਲਈ ਆਈ.ਓ.ਸੀ.ਐਲ. ਦੇ ਉੱਚ-ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।

ਇਸ ਮੀਟਿੰਗ ਵਿੱਚ ਆਈ.ਓ.ਸੀ.ਐਲ. ਦੇ ਉੱਚ ਅਧਿਕਾਰੀਆਂ ਨੇ ਦੱਸਿਆ ਕਿ (ਕੰਪਨੀ ਦੀ ਮਾਲਕੀ ਵਾਲਾ ਡੀਲਰ ਉਪਰੇਟਡ) ਸੀ ਓ ਡੀ ਓ ਮਾਡਲ ਅਧਾਰ 'ਤੇ ਪੀ.ਆਰ.ਟੀ.ਸੀ. ਮੁੱਖ ਦਫ਼ਤਰ ਪਟਿਆਲਾ ਵਿਖੇ ਰਿਟੇਲ ਪੈਟਰੋਲੀਅਮ ਆਊਟਲੈੱਟ ਸਥਾਪਿਤ ਕੀਤਾ ਜਾਵੇਗਾ। ਇਸ ਨਾਲ ਪੀ.ਆਰ.ਟੀ.ਸੀ. ਨੂੰ ਅੰਦਾਜ਼ਨ 80 ਲੱਖ ਦੀ ਸਾਲਾਨਾ ਆਮਦਨ ਹੋਵੇਗੀ।

ਐਡਵੋਕੇਟ ਜੁਨੇਜਾ ਨੇ ਕਿਹਾ ਕਿ ਇਸ ਤੋਂ ਇਲਾਵਾ ਪੀ.ਆਰ.ਟੀ.ਸੀ. ਦੀ ਆਮਦਨ ਵਿੱਚ ਵਾਧਾ ਕਰਨ ਲਈ ਪੀ.ਆਰ.ਟੀ.ਸੀ. ਦੇ ਹੋਰ ਅਦਾਰਿਆਂ ਵਿੱਚ ਵੀ ਰਿਟੇਲ ਪੈਟਰੋਲੀਅਮ ਆਊਟਲੈੱਟ ਸਥਾਪਿਤ ਕੀਤੇ ਜਾਣ ਦੀ ਤਜਵੀਜ਼ ਅਰੰਭੀ ਹੋਈ ਹੈ ਅਤੇ ਇਸ ਨੂੰ ਜਲਦ ਹੀ ਮੁਕੰਮਲ ਕੀਤਾ ਜਾਵੇਗਾ।

# ਦੁਕਾਨਦਾਰ ਦੀ ਕੁੱਟਮਾਰ ਕਰਨ ਦੇ ਮਾਮਲੇ 'ਚ ਪੰਜ ਵਿਰੁੱਧ ਮਾਮਲਾ ਦਰਜ

**ਸਮਾਣਾ, 2 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਰਾਤ ਨੂੰ ਸਮਾਣਾ ਦੇ ਚੌਂਕ ਬਾਜ਼ਾਰ ਵਿੱਚ ਇੱਕ ਗਿਫਟ ਦੀ ਦੁਕਾਨ ਦੇ ਮਾਲਕਾਂ ਤੇ ਕੁਝ ਵਿਅਕਤੀਆਂ ਵੱਲੋਂ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸਿਟੀ ਪੁਲਸ ਨੇ ਦੁਕਾਨ ਮਾਲਕ ਦੇ ਬਿਆਨਾਂ ਅਨੁਸਾਰ ਵੱਖ-ਵੱਖ ਧਰਾਵਾਂ ਤਹਿਤ ਇੰਦਰਪ੍ਰੀਤ ਸਿੰਘ ਉਰਫ ਹੈਪੀ ਵਾਸੀ ਘੜਾਮੀ ਪਤੀ ਸਮਾਣਾ, ਧਮੁ ਵਿਰਕ ਵਾਸੀ ਪਿੰਡ ਰਾਜਲਾ ਤੇ ਦੋ ਤਿੰਨ ਅਣਪਛਾਤਿਆਂ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।

ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਸ ਮੁਖੀ ਬਲਜੀਤ ਸਿੰਘ ਨੇ ਦੱਸਿਆ ਕਿ ਦੁਕਾਨ ਮਾਲਕ ਅਸ਼ਵਿਨ ਕੁਮਾਰ ਅਤੇ ਸ਼ਿਵ ਕੁਮਾਰ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਉਹ ਰਾਤ ਸਮੇਂ ਆਪਣੀ ਦੁਕਾਨ ਤੇ ਬੈਠੇ ਸਨ, ਕਿ ਕਰੀਬ ਨੌ ਵਜੇ ਇਕ ਸਕਾਰਪੀਓ ਚਾਲਕ ਆਪਣੀ ਸਕਾਰਪਿਓ ਲੈ ਕੇ ਉਹਨਾਂ ਦੀ ਦੁਕਾਨ ਅੱਗੇ ਹੂਟਰ ਮਾਰ ਰਿਹਾ ਸੀ, ਜਿਸ ਨੂੰ ਇੰਦਰਪ੍ਰੀਤ ਵਾਸੀ ਘੜਾਮਾ ਪਤੀ ਚਲਾ ਰਿਹਾ ਸੀ। ਉਹ ਵਾਰ-ਵਾਰ ਜਦੋਂ ਹੂਟਰ ਬਜਾ ਰਿਹਾ ਸੀ ਤਾਂ ਹੂਟਰ ਦੀ ਆਵਾਜ਼ ਸੁਣ ਕੇ ਅਸੀਂ ਇਹ ਸਮਝੇ ਕਿ ਕੋਈ ਪੁਲਸ ਦੀ ਗੱਡੀ ਹੈ। ਜਿਸ 'ਤੇ ਮੇਰਾ ਭਰਾ ਵਿਸ਼ਾਲ ਦੁਕਾਨ ਦੇ ਬਾਹਰ ਖੜੀ ਸਕੂਟੀ ਨੂੰ ਸਾਈਡ 'ਤੇ ਕਰਨ ਲਈ ਚਲਾ ਗਿਆ, ਤਾਂ ਇੰਦਰਪ੍ਰੀਤ ਨੇ ਮੇਰੇ ਭਰਾ ਨੂੰ ਗਾਲੀ ਗਲੋਚ ਕਰਨੀ ਸ਼ੁਰੂ ਕਰ ਦਿੱਤੀ। ਜਿਸ 'ਤੇ ਮੈਂ ਵੀ ਬਾਹਰ ਆ ਗਿਆ, ਤੇ ਦੇਖਿਆ ਕਿ ਇੰਦਰਪ੍ਰੀਤ ਨਸ਼ੇ ਵਿੱਚ ਹੋਣ ਕਾਰਨ ਸਾਨੂੰ ਗਾਲਾਂ ਕੱਢਦਾ ਹੋਇਆ ਗੱਡੀ ਭਜਾ ਕੇ ਲੈ ਗਿਆ। ਕੁਝ ਸਮੇਂ ਬਾਅਦ ਉਹ ਆਪਣੇ ਕੁਝ ਹੋਰ ਸਾਥੀਆਂ ਨੂੰ ਹਥਿਆਰਾਂ ਸਣੇ ਨਾਲ ਲੈ ਕੇ ਸਾਡੀ ਦੁਕਾਨ 'ਤੇ ਆਇਆ, ਤੇ ਸਾਡੇ ਉਪਰ ਜਾਨਲੇਵਾ ਹਥਿਆਰਾਂ ਨਾਲ ਹਮਲਾ ਕਰਕੇ ਜਖਮੀ ਕਰ ਦਿੱਤਾ ਅਤੇ ਮੇਰੇ ਭਰਾ ਦੇ ਗਲੇ ਵਿੱਚੋਂ ਸੋਨੇ ਦੀ ਚੈਨ ਖਿੱਚ ਕੇ ਲੈ ਗਏ। ਗੰਭੀਰ ਸੱਟਾਂ ਹੋਣ ਕਾਰਨ ਉਨ੍ਹਾਂ ਨੂੰ ਇਕੱਠੇ ਹੋਏ ਲੋਕਾਂ ਵੱਲੋਂ ਸਿਵਲ ਹਸਪਤਾਲ ਸਮਾਣਾ ਵਿਖੇ ਦਾਖਲ ਕਰਵਾਇਆ ਗਿਆ।

# ਫਸਲਾਂ ਦੀ ਰਹਿੰਦ-ਖੂੰਹਦ ਸੰਭਾਲ ਲਈ ਮਸ਼ੀਨਾਂ 'ਤੇ ਸਬਸਿਡੀ



**ਪਟਿਆਲਾ, 2 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸੰਭਾਲਣ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਤੇ ਸਬਸਿਡੀ ਦੇਣ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ, ਪਟਿਆਲਾ ਡਾ. ਦਾਰਾ ਸਿੰਘ ਨੇ ਦਸਿਆ ਕਿ ਕਿਸਾਨ ਵਿਭਾਗ ਦੇ ਪੋਰਟਲ ਰਾਹੀਂ ਮਿਤੀ 1 ਅਪ੍ਰੈਲ 2026 ਤੋਂ ਮਿਤੀ 24 ਅਪ੍ਰੈਲ 2026 ਸ਼ਾਮ 5:00 ਵਜੇ ਤੱਕ ਆਨਲਾਈਨ ਅਰਜੀਆਂ ਦੇ ਸਕਦੇ ਹਨ।

ਡਾ. ਦਾਰਾ ਸਿੰਘ ਨੇ ਦਸਿਆ ਕਿ ਨਿੱਜੀ ਕਿਸਾਨਾਂ ਨੂੰ ਇਹ ਮਸ਼ੀਨਾਂ 50# ਸਬਸਿਡੀ ਅਤੇ ਗਰੁੱਪਾਂ/ਸੋਸਾਇਟੀਆਂ ਨੂੰ 80# ਤੱਕ ਸਬਸਿਡੀ ਦਿੱਤੀ ਜਾਵੇਗੀ। ਉਹਨਾਂ ਦਸਿਆ ਕਿ ਇਹ ਸਬਸਿਡੀ ਸੁਪਰ ਸੀਡਰ, ਹੈਪੀ ਸੀਡਰ, ਸਮਾਰਟ ਸੀਡਰ, ਸੁਪਰ ਐਸ.ਐਮ.ਐਸ., ਜੀਰੋ ਟਿੱਲ ਡਰਿੱਲ, ਬੇਲਰ, ਰੇਕ ਅਤੇ ਮਲਚਰ ਸਮੇਤ ਕਈ ਅਧੁਨਿਕ ਮਸ਼ੀਨਾਂ ਤੇ ਦਿੱਤੀ ਜਾਵੇਗੀ।

ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਕਿਸਾਨ ਵੀਰ ਕਣਕ ਦੇ ਨਾੜ ਨੂੰ ਅੱਗ ਨਾ ਲਗਾਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਅਤੇ ਲਾਹੇਵੰਦ ਜੀਵ-ਜੰਤੂਆਂ ਨੂੰ ਸੁਰੱਖਿਅਤ ਰੱਖਣ ਵਿਚ ਆਪਣਾ ਯੋਗਦਾਨ ਪਾਉਣ। ਪੋਰਟਲ ਉਪਰ ਅਪਲਾਈ ਕਰਨ ਸਮੇਂ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਲਈ ਕਿਸਾਨ ਇਸ ਸਬੰਧੀ ਬਲਾਕ ਪਟਿਆਲਾ ਦੇ ਡਾ. ਗੁਰਮੀਤ ਸਿੰਘ (97791-60950), ਬਲਾਕ ਨਾਭਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਗਿੱਲ (97805-60004), ਬਲਾਕ ਭੁਨਰਹੇੜੀ ਦੇ ਕਿਸਾਨ ਡਾ. ਮਨਦੀਪ ਸਿੰਘ (70092-27488), ਬਲਾਕ ਸਮਾਣਾ ਦੇ ਕਿਸਾਨ ਡਾ. ਸਤੀਸ਼ ਕੁਮਾਰ (97589-00047), ਬਲਾਕ ਰਾਜਪੁਰਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਪੰਨੂੰ (73070-59201) ਅਤੇ ਬਲਾਕ ਘਨੌਰ ਦੇ ਕਿਸਾਨ ਡਾ. ਰਣਜੋਧ ਸਿੰਘ (99883-12299) ਨਾਲ ਸੰਪਰਕ ਕਰ ਸਕਦੇ ਹਨ। ਉਹਨਾਂ ਦਸਿਆ ਕਿ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਸਬੰਧੀ ਖੇਤੀਬਾੜੀ ਵਿਭਾਗ, ਸਹਿਕਾਰੀ ਸਭਾਵਾਂ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਵਿਸ਼ੇਸ਼ ਜਾਗਰੂਕਤਾ ਕੈਂਪ ਅਤੇ ਬਣਦੇ ਉਪਰਾਲੇ ਕਰਨ ਲਈ ਦਿਸ਼ਾਂ-ਨਿਰਦੇਸ਼ ਦਿੱਤੇ ਹਨ।

# ਨੌਜਵਾਨਾਂ ਵਿੱਚ ਨਸ਼ੇ ਨਾਂਹ ਕਹਿਣ ਦਾ ਹੁਨਰ ਪੈਦਾ ਕਰਨ ਲਈ ਵਰਕਸ਼ਾਪ

**ਪਟਿਆਲਾ, 2 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਯੁੱਧ ਨਸ਼ੀ ?ਆਂ ਵਿਰੁੱਧ ਮੁਹਿੰਮ ਤਹਿਤ, ਜ਼ਿੰਦਗੀ ਜ਼ਿੰਦਾਬਾਦ ਮਿਸ਼ਨ, ਗਲੋਬਲ ਸਿੱਖਸ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਨੋਵਿਗਿਆਨ ਵਿਭਾਗ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਇੱਥੇ ਯੂਨੀਵਰਸਿਟੀ ਦੇ ਸਾਇੰਸ ਆਡੀਟੋਰੀਅਮ ਵਿਖੇ ਨੌਜਵਾਨਾਂ ਨੂੰ ਨਸ਼ਿਆਂ ਨੂੰ ਨਾਂਹ ਕਹਿਣ ਦਾ ਹੁਨਰ ਸਿਖਾਉਣ ਲਈ ਇੱਕ ਵਿਸ਼ੇਸ਼ ਵਰਕਸ਼ਾਪ ਕਰਵਾਕੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਜਗਦੀਪ ਸਿੰਘ ਨੇ ਕਰਵਾਈ।ਜ਼ਿੰਦਗੀ ਜ਼ਿੰਦਾਬਾਦ ਮਿਸ਼ਨ ਦੇ ਮੁਖੀ ਰੁਪਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਵਰਕਸ਼ਾਪ ਵਿੱਚ ਬਰਨਾਲਾ ਜਿਲ੍ਹੇ ਵਿੱਚੋਂ ਚੁਣੇ ਗਏ 200 ਵਿਦਿਆਰਥੀਆਂ ਨੇ ਹਿੱਸਾ ਲਿਆ। ਇੰਨ੍ਹਾਂ ਨੂੰ ਮਨੋ ?ਵਿਗਿਆਨ ਵਿਭਾਗ ਦੇ ਰਿਸਰਚ ਸਕਾਲਰਜ਼ ਦੀ ਟੀਮ ਅਤੇ ਅਧਿਆਪਕਾਂ ਵੱਲੋਂ ਸਿਖਲਾਈ ਦਿੱਤੀ ਗਈ ਕਿ ਨੌਜਵਾਨਾਂ ਵਿੱਚ ਨਸ਼ੇ ਨੂੰ ਨਾਂਹ ਕਹਿਣ ਦਾ ਹੁਨਰ ਕਿਵੇਂ ਪੈਦਾ ਕੀਤਾ ਜਾ ਸਕਦਾ ਹੈ ਅਤੇ ਚੰਗਾ ਪਾਲਣ ਪੋਸ਼ਣ ਕਿਵੇਂ ਕੀਤੀ ਜਾ ਸਕਦਾ ਹੈ। ਮਨੋਵਿਗਿਆਨ ਵਿਭਾਗ ਦੇ ਮੁਖੀ ਪ੍ਰੋ. ਦਮਨ ਸੰਧੂ ਦੀ ਅਗਵਾਈ ਹੇਠਲੀ ਇਸ ਸਿਖਲਾਈ ਪ੍ਰਾਪਤ ਟੀਮ ਦੇ ਮੈਂਬਰ ਜ਼ਿੰਦਗੀ ਦੇ ਮਾਰਗ-ਦਰਸ਼ਕ (ਲਾਈਫ਼ ਨੇਵੀਗੇਟਰ) ਦੇ ਨਾਂ ਤੇ ਜਾਣੇ ਜਾਣਗੇ ਅਤੇ ਇਹ ਅੱਗੇ ਆਪਣੇ ਜਿਲ੍ਹੇ ਵਿੱਚ ਕਿਸ਼ੋਰ ਉਮਰ (ਟੀਨਏਜ) ਬੱਚਿਆਂ ਵਿੱਚ ਨਸ਼ੇ ਪ੍ਰਤੀ ਨਾਂਹ ਕਹਿਣ ਦਾ ਹੁਨਰ (ਰਿਫਿਊਜ਼ਲ ਸਕਿੱਲ) ਪੈਦਾ ਕਰਨਗੇ ਅਤੇ ਬੱਚਿਆਂ ਦੇ ਮਾਪਿਆਂ ਨੂੰ ਪਰਵਰਿਸ਼ ਪ੍ਰਤੀ ਜਾਗਰੂਕ ਕਰਨਗੇ।ਇਸ ਮਿਸ਼ਨ ਦੀ ਟੀਮ ਨੇ ਦੱਸਿਆ ਕਿ ਇਹ ਆਪਣੇ ਆਪ ਵਿੱਚ ਇੱਕ ਵਿਲੱਖਣ ਪ੍ਰੋਗਰਾਮ ਹੈ ਜੋ ਨਸ਼ੇ ਦੇ ਮੰਗ ਪੱਖ ਤੇ ਕੰਮ ਕਰੇਗਾ।ਇਹ ਮਿਸ਼ਨ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲੈ ਕੇ ਇਸ ਮਿਸ਼ਨ ਦੀ ਟੀਮ ਅਤੇ ਗਲੋਬਲ ਸਿੱਖਸ ਦੀ ਟੀਮ ਵੱਲੋਂ ਪ੍ਰਸ਼ਾਸ਼ਨ ਦੀ ਮਦਦ ਲੈ ਕੇ ਚਲਾਇਆ ਜਾਵੇਗਾ। ਰੁਪਿੰਦਰਜੀਤ ਸਿੰਘ ਨੇ ਦੱਸਿਆ ਕਿ ਇਹ ਮਿਸ਼ਨ ਇੱਕ ਰਿਸਰਚ ਨੂੰ ਅਧਾਰ ਬਣਾ ਕੇ ਤਿਆਰ ਕੀਤਾ ਗਿਆ ਹੈ।ਇਸ ਮਿਸ਼ਨ ਦਾ ਮਕਸਦ ਨੌਜਵਾਨਾਂ ਵਿੱਚ ਨਸ਼ੇ ਪ੍ਰਤੀ ਰਿਫਿਊਜ਼ਲ ਸਕਿੱਲ ਪੈਦਾ ਕਰਨਾ ਹੈ।ਇਹ ਮਿਸ਼ਨ ਨੌਜਵਾਨਾਂ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਕੇ ਸਕਾਰਾਤਮਕ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰੇਗਾ ਤਾਂ ਜੋ ਉਹ ਦੋਸਤਾਂ ਦੇ ਦਬਾਅ (ਪੀਅਰ ਪ੍ਰੈਸ਼ਰ) ਦੇ ਹਾਲਾਤ ਵਿੱਚ ਨਸ਼ੇ ਨੂੰ ਨਾਂਹ ਕਹਿ ਸਕਣ।

# ਵਿਸ਼ਵ ਔਟਿਜ਼ਮ ਦਿਵਸ਼ ਮੌਕੇ ਵਿਦਿਆਰਥੀਆਂ ਨੂੰ ਦਿਮਾਗੀ ਡਿਸ਼ਆਰਡਰ ਤੋਂ ਬਚਣ ਦੀ ਜਾਣਕਾਰੀ ਦਿੱਤੀ : ਸਰਲਾ ਭਟਨਾਗਰ

**ਪਟਿਆਲਾ, 2 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਸ਼ਵ ਔਟਿਜ਼ਮ ਜਾਗਰੂਕਤਾ ਦਿਵਸ਼ ਮੌਕੇ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ ਜਾਗ੍ਰਿਤੀ ਕਲੱਬ ਦੇ ਬੈਨਰ ਹੇਠ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਡਾਕਟਰ ਰਾਕੇਸ਼ ਵਰਮੀ ਵਲੋਂ ਉਨ੍ਹਾਂ ਦੇ ਸਕੂਲ ਵਿਖੇ ਸਿਹਤ, ਸੁਰੱਖਿਆ, ਬਚਾਉ, ਮਦਦ ਜਾਗ੍ਰਿਤੀ ਕਲੱਬ ਦੀ ਸਥਾਪਨਾ ਕੀਤੀ ਹੈ। ਇਸ ਲਈ ਪਹਿਲ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਡਾਕਟਰ ਰਾਕੇਸ਼ ਵਰਮੀ, ਪ੍ਰਧਾਨ, ਡੈਡੀਕੇਟਿਡ ਬ੍ਰਦਰਜ਼ ਗਰੁੱਪ ਅਤੇ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਵਲੋਂ ਵਿਦਿਆਰਥੀਆਂ ਅਧਿਆਪਕਾਂ ਨੂੰ ਦਸਿਆ ਗਿਆ ਕਿ ਔਟਿਜ਼ਮ ,( ਦਿਮਾਗੀ ਡਿਸ਼ਆਰਡਰ) ਮਿਰਗੀ ਦੇ ਦੌਰੇ, ਕੌਮਾ ਅਤੇ ਅਧਰੰਗ ਆਦਿ ਦਿਮਾਗੀ ਬਿਮਾਰੀਆ ਹਨ। ਮਾਤਾ ਦੇ ਗਰਭ ਵਿੱਚ ਜਾਂ ਆਮ ਜ਼ਿੰਦਗੀ ਵਿੱਚ ਜੇਕਰ ਬੱਚੇ, ਨਾਬਾਲਗਾਂ ਜਾਂ ਇਨਸਾਨ ਦੇ ਦਿਮਾਗ ਨੂੰ ਆਕਸੀਜਨ ਗੁਲੂਕੋਜ਼ ਦੀ ਕਮੀਂ ਹੋ ਜਾਵੇ, ਦਿਮਾਗ ਦੀ ਅੰਦਰੂਨੀ ਸੱਟਾਂ, ਦਿਮਾਗ ਵਿਚ ਖੂਨ ਜੰਮਣਾ ਜਾਂ ਸੋਜ਼ ਜਾ ਕੀੜੇ ਹੋਣ ਕਾਰਨ, ਇਹ ਬਿਮਾਰੀਆਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਲਗਾਤਾਰ ਨੈੱਟ ਮੋਬਾਈਲ ਦੀ ਵਰਤੋਂ, ਲੰਮੇ ਸਮੇਂ ਤੱਕ ਚੁਪਚਾਪ ਅਤੇ ਦੋੜਭਜ ਤੋਂ ਦੂਰ ਰਹਿਣ ਕਾਰਨ ਵੀ ਦਿਮਾਗੀ, ਰੀੜ ਦੀ ਹੱਡੀ ਅਤੇ ਲੀਵਰ ਦੀਆਂ ਬਿਮਾਰੀਆਂ ਵੱਧਦੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਦਿਮਾਗੀ ਸਰੀਰਕ ਮਾਨਸਿਕ ਕਸਰਤਾਂ ਕਰਨ ਅਤੇ ਫਲ, ਸਬਜ਼ੀਆਂ, ਹਮੇਸ਼ਾ ਚੰਗੀ ਤਰ੍ਹਾਂ ਧੋ ਕੇ ਸਾਫ ਕਰਕੇ ਖਾਣੀਆਂ ਚਾਹੀਦੀਆਂ ਹਨ। ਪਰ ਬਜ਼ਾਰਾਂ, ਹੋਟਲਾਂ, ਢਾਬਿਆਂ ਅਤੇ ਵਿਆਹ ਸ਼ਾਦੀਆਂ ਵਿੱਚ ਸਲਾਦ, ਮੀਟ, ਪਨੀਰ ਆਦਿ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਮੂੰਹ, ਕੰਨ, ਨੱਕ ਵਿਚੋਂ ਖ਼ੂਨ ਉਲਟੀ, ਝੰਗ ਆਦਿ ਬਾਹਰ ਆਵੇ ਜਾਂ ਘੁਰਾੜਿਆਂ ਜਾ ਸੀਟੀ ਦੀ ਆਵਾਜ਼ ਆਵੇ ਤਾਂ ਪੀੜਤ ਨੂੰ ਤੁਰੰਤ ਵੈਂਟੀਲੈਟਰ ਜਾਂ ਰਿਕਵਰੀ ਪੁਜੀਸ਼ਨ ਵਿਚ ਲਿਟਾ ਕੇ ਰਖਣਾ ਚਾਹੀਦਾ। ਉਸ ਨੂੰ ਪਾਣੀ ਨਹੀਂ ਪਿਲਾਉਣਾ।

ਵੱਧ ਆਕਸੀਜਨ ਦਿੱਤੀ ਜਾਵੇ। ਵੈਂਟੀਲੇਟਰ, ਸੇਫਰ ਢੰਗ ਨਾਲ ਬਨਾਉਟੀ ਸਾਹ ਕਿਰਿਆ ਤੇਜ਼ ਕੀਤੀ ਜਾਵੇ। ਪ੍ਰੋਗਰਾਮ ਕੋਆਰਡੀਨੇਟਰ ਨਰੇਸ਼ ਕੁਮਾਰੀ, ਜਾਗ੍ਰਿਤੀ ਕਲੱਬ ਦੇ ਸਕੱਤਰ ਸ਼੍ਰੀਮਤੀ ਸਚਨਾ ਸ਼ਰਮਾ ਅਤੇ ਅਧਿਆਪਕਾਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਬਿਮਾਰੀਆਂ ਬਾਰੇ ਪਹਿਲਾਂ ਤੋਂ ਜਾਣਕਾਰੀ ਹੋਣਾ, ਇਨ੍ਹਾਂ ਨੂੰ ਰੋਕਣ, ਪੀੜਤਾਂ ਨੂੰ ਠੀਕ ਇਲਾਜ, ਐਮਰਜੈਂਸੀ ਦੌਰਾਨ ਠੀਕ ਫਸਟ ਏਡ ਕਰਕੇ ਮਰਨ ਤੋਂ ਬਚਾਇਆ ਜਾ ਸਕਦਾ ਹੈ

# ਡਾ. ਬੀ.ਆਰ. ਅੰਬੇਡਕਰ ਸਾਹਿਬ ਜੀ ਦੇ 135ਵਾਂ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾਇਆ ਜਾਵੇਗਾ : ਪ੍ਰਧਾਨ ਬੱਬੂ



**ਪਟਿਆਲਾ, 2 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਬੀ.ਆਰ. ਅੰਬੇਡਕਰ ਸਾਹਿਬ ਜੀ ਦੇ 135ਵੇਂ ਜਨਮ ਦਿਹਾੜੇ ਸਬੰਧੀ ਟੀਮ ਬੱਬੂ ਪ੍ਰਧਾਨ ਵੱਲੋਂ ਸਾਰੇ ਦਰੋਗੇ ਅਤੇ ਮੁਲਾਜਮਾਂ ਵੱਲੋਂ 14 ਅਪ੍ਰੈਲ 2026 ਨੂੰ ਨਗਰ ਨਿਗਮ ਦਫਤਰ ਵਿਖੇ ਧੂਮ ਧਾਮ ਨਾਲ ਮਨਾਉਣ ਸਬੰਧੀ ਮੀਟਿੰਗ ਕੀਤੀ ਗਈ। ਇਹ ਮੀਟਿੰਗ ਨਗਰ ਨਿਗਮ ਪਟਿਆਲਾ ਦੇ ਸਫਾਈ ਸੇਵਕਾਂ ਦੇ ਪ੍ਰਧਾਨ ਬੱਬੂ ਦੀ ਰਹਿਨੁਮਾਈ ਹੇਠ ਕੀਤੀ ਗਈ।

ਸਮੂੰਹ ਮੁਲਾਜਮਾਂ ਨੇ ਵੱਧ ਚੜ੍ਹ ਕੇ ਮੀਟਿੰਗ ਵਿੱਚ ਹਿੱਸਾ ਲਿਆ ਤੇ ਆਉਣ ਵਾਲੀ 14 ਅਪ੍ਰੈਲ 2026 ਨੂੰ ਡਾ. ਬੀ.ਆਰ. ਅੰਬੇਡਕਰ ਜੀ ਦੇ 135ਵੇਂ ਪ੍ਰਕਾਸ਼ ਪੂਰਵ ਤੇ ਨਗਰ ਨਿਗਮ ਦਫਤਰ ਪਹੁੰਚਣ ਦਾ ਵਿਸ਼ਵਾਸ਼ ਦਿਵਾਇਆ। ਜਿਸ ਵਿੱਚ ਮੁੱਖ ਤੌਰ ਤੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਜੀ ਤੇ ਉਹਨਾਂ ਦੀ ਟੀਮ ਪਹੁੰਚੀ। ਵਿਸ਼ੇਸ਼ ਤੌਰ ਤੇ ਸੁਨੀਲ ਕੁਮਾਰ ਗਾਗਟ ਜਿਲਾ ਪ੍ਰਧਾਨ ਨਾਭਾ, ਪਟਿਆਲਾ ਸ਼ਹਿਰ ਦੇ ਨਗਰਾਂ ਤੋਂ ਵੱਖ-ਵੱਖ ਪ੍ਰਧਾਨ ਵੀ ਸ਼ਿਰਕਤ ਕੀਤੀ ਅਤੇ ਸ਼ਹੀਦ ਉਧਮ ਨਗਰ ਤੋਂ ਅਮਰਜੀਤ ਪ੍ਰਧਾਨ, ਲਹੋਰੀ ਗੇਟ ਤੋਂ ਵਿਨੇ ਪ੍ਰੋਚਾ, ਰਾਜੇਸ਼ ਕੁਮਾਰ ਕਾਲਾ ਪ੍ਰਧਾਨ, ਕਰਮਜੀਤ ਸਿੰਘ ਲਚਕਾਣੀ, ਅਜੇ ਕੁਮਾਰ ਚੌਧਰੀ, ਅਜੈ ਹੰਸ, ਵਿਸ਼ੇਸ਼ ਤੌਰ ਤੇ ਹੈਪੀ ਲੋਹਟ ਤੇ ਪਵਨ ਭੂਮਕ ਪ੍ਰਧਾਨ, ਸੰਜੇ ਕਲੋਨੀ, ਡਰਾਇਵਰ ਯੂਨੀਅਨ ਤੋਂ ਸੀਤਾ ਰਾਮ, ਕਲੈਰੀਕਲ ਯੂਨੀਅਨ ਤੋਂ ਕੇਵਲ ਕ੍ਰਿਸ਼ਨ ਤੇ ਉਹਨਾਂ ਦੀ ਟੀਮ ਵਿਸ਼ੇਸ਼ ਤੌਰ ਤੇ ਪਹੁੰਚੀ। ਵਿਸ਼ੇਸ ਤੌਰ ਤੇ ਨਗਰ ਨਿਗਮ ਤੋਂ ਸੈਂਟਰੀ ਇੰਸਪੈਕਟਰਾਂ ਦੀ ਟੀਮ ਵੀ ਪਹੁੰਚੀ। ਰਤਨ ਨਗਰ ਤੋਂ ਰਾਜ ਕੁਮਾਰ ਰਾਜੂ, ਸਮੂੰਹ ਬੱਬੂ ਪ੍ਰਧਾਨ ਦੀ ਟੀਮ ਵੱਲੋਂ ਸਾਰੇ ਪ੍ਰਧਾਨਾ ਦਾ ਤੇ ਮੁਲਾਜਮਾਂ ਦਾ ਮੀਟਿੰਗ ਵਿੱਚ ਪਹੁੰਚਣ ਤੇ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਸ਼ਰੋਮਣੀ ਕਮੇਟੀ ਵੱਲੋਂ ਅੰਮ੍ਰਿਤਧਾਰੀ ਬੱਚਿਆਂ ਨੂੰ 2 ਕਰੋੜ 28 ਲੱਖ ਰੁਪਏ ਦੇ ਵਜੀਫੇ ਜਾਰੀ

ਕੌਮੀ ਪਤ੍ਰਿਕਾ

ਅੰਮ੍ਰਿਤਸਰ 5 ਅਪ੍ਰੈਲ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ



ਪ੍ਰਚਾਰ ਕਮੇਟੀ ਵੱਲੋਂ ਸਾਲ 2025-26 ਲਈ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਗਈ। ਵਜੀਫ਼ਾ ਰਾਸ਼ੀ ਦੇ ਚੈੱਕ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਕਾਰਜਸ਼ੀਲ ਰਹੀ ਹੈ। ਜਿਥੇ ਦੇਸ਼ ਭਰ ਅੰਦਰ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਕੀਤਾ ਜਾਂਦਾ ਹੈ, ਉੱਥੇ ਹੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼?ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜੀਫਾ ਰਾਸ਼ੀ ਦੀ ਯੋਜਨਾ ਵੀ ਚਲਾਈ ਜਾ ਰਹੀ ਹੈ। ਇਸ ਤਹਿਤ ਹਰ ਸਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਫੀਸਾਂ ਲਈ ਕਰੋੜਾਂ ਰੁਪਏ ਵਜੀਫੇ ਵਜੋਂ ਦਿੱਤੇ ਜਾਂਦੇ ਹਨ। ਇਸ ਵਾਰ 3743 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਰਾਹੀਂ ਵੀ ਵਿਸ਼ੇਸ਼ ਤੌਰ 'ਤੇ ਵਜੀਫੇ ਦਿੱਤੇ ਜਾਂਦੇ ਹਨ। ਉਨ੍ਹਾਂ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਰਹਿਣ ਲਈ ਪ੍ਰੇਰਣਾ ਕੀਤੀ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ, ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਨੌਜਵਾਨ ਲਾਭ ਲੈ ਸਕਣ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓ.ਐਸ.ਡੀ. ਸਤਬੀਰ ਸਿੰਘ ਧਾਮੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ, ਡਾ. ਗੁਰਜੀਤ ਸਿੰਘ, ਡਾ. ਰੁਪਿੰਦਰ ਸਿੰਘ, ਬੀਬੀ ਮਨਿੰਦਰਪਾਲ ਕੌਰ, ਮਮਤਾ, ਸੁਪਰੀਡੰਟ ਨਿਸ਼ਾਨ ਸਿੰਘ, ਇੰਚਾਰਜ ਜੋਗੇਸ਼ਵਰ ਸਿੰਘ, ਚੀਫ਼ ਅਕਾਊਂਟੈਂਟ ਸ. ਮਨਿੰਦਰਪਾਲ ਸਿੰਘ ਵੀ ਹਾਜਰ ਸਨ।

## 'ਸੱਸ ਵੀ ਨੂੰਹ ਖਿਲਾਫ਼ ਦਰਜ ਕਰਵਾ ਸਕਦੀ ਹੈ ਘਰੇਲੂ ਹਿੰਸਾ ਦਾ ਕੇਸ'

ਪ੍ਰਯਾਗਰਾਜ 5 ਅਪ੍ਰੈਲ। ਸੱਸ ਵਲੋਂ ਨਹੂੰ ਨੂੰ ਪਰੇਸ਼ਾਨ ਕੀਤੇ ਜਾਣ ਦੇ ਮਾਮਲੇ ਆਮ ਹਨ ਪਰ ਇਲਾਹਾਬਾਦ ਹਾਈ ਕੋਰਟ 'ਚ ਅਜਿਹਾ ਮਾਮਲਾ ਸਾਹਮਣੇ ਆਇਆ, ਜਿਸ ਵਿਚ ਇਕ ਸੱਸ ਨੇ ਆਪਣੀ ਨੂੰਹ ਖਿਲਾਫ਼ ਘਰੇਲੂ ਹਿੰਸਾ ਦੀ ਸ਼ਿਕਾਇਤ ਕੀਤੀ ਹੈ। ਇਸ ਮਾਮਲੇ ਦੀ ਸੁਣਵਾਈ ਹੋਈ। ਹਾਈ ਕੋਰਟ ਨੇ ਇਕ ਮਹੱਤਵਪੂਰਨ ਫ਼ੈਸਲੇ 'ਚ ਕਿਹਾ ਕਿ ਸੱਸ ਵੀ ਆਪਣੀ ਨੂੰਹ ਖਿਲਾਫ਼ ਘਰੇਲੂ ਹਿੰਸਾ ਐਕਟ 2005 ਤਹਿਤ ਸ਼ਿਕਾਇਤ ਦਰਜ ਕਰਵਾ ਸਕਦੀ ਹੈ। ਇਹ ਫ਼ੈਸਲਾ ਹਾਈ ਕੋਰਟ ਦੇ ਜੱਜ ਆਲੋਕ ਮਾਥੁਰ ਨੇ ਦਿੱਤਾ, ਜਿਨ੍ਹਾਂ ਨੇ ਲਖਨਊ ਦੀ ਇਕ ਹੇਠਲੀ ਅਦਾਲਤ ਵਲੋਂ ਨੂੰਹ ਅਤੇ ਉਸ ਦੇ ਪਰਿਵਾਰ ਖਿਲਾਫ਼ ਜਾਰੀ ਸੰਮਨ ਨੂੰ ਸਹੀ ਠਹਿਰਾਇਆ। ਆਲੋਕ ਮਾਥੁਰ ਨੇ ਕਿਹਾ ਕਿ ਘਰੇਲੂ ਹਿੰਸਾ ਐਕਟ ਦੀ ਧਾਰਾ-12 ਤਹਿਤ ਰਾਹਤ ਦੀ ਪਟੀਸ਼ਨ ਕੋਈ ਵੀ ਅਜਿਹੀ ਔਰਤ ਦਾਖ਼ਲ ਕਰ ਸਕਦੀ ਹੈ, ਜੋ ਸਾਂਝੇ ਘਰ ਵਿਚ ਰਹਿ ਰਹੀ ਹੋਵੇ ਅਤੇ ਪੀੜਤ ਹੋਵੇ। ਕੋਰਟ ਨੇ ਸਪੱਸ਼ਟ ਕੀਤਾ ਕਿ ਜੇਕਰ ਸੱਸ ਨੂੰ ਉਸ ਦੀ ਨੂੰਹ ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ ਵਲੋਂ ਮਾਨਸਿਕ ਜਾਂ ਸਰੀਰਕ ਰੂਪ ਨਾਲ ਪਰੇਸ਼ਾਨ ਕੀਤਾ ਜਾਂਦਾ ਹੈ ਤਾਂ ਉਹ ਵੀ ਪੀੜਤ ਔਰਤ ਦੀ ਪਰਿਭਾਸ਼ਾ ਵਿਚ ਆਵੇਗੀ ਅਤੇ ਪਟੀਸ਼ਨ ਦਾਇਰ ਕਰਨ ਦਾ ਅਧਿਕਾਰ ਰੱਖਦੀ ਹੈ। ਸੱਸ ਨੇ ਸ਼ਿਕਾਇਤ 'ਚ ਦੋਸ਼ ਲਾਇਆ ਸੀ ਕਿ ਨੂੰਹ ਆਪਣੇ ਪਤੀ (ਸ਼ਿਕਾਇਤਕਰਤਾ ਦੇ ਪੁੱਤਰ) 'ਤੇ ਉਸ ਦੇ ਪੇਕੇ 'ਚ ਜਾ ਕੇ ਰਹਿਣ ਦਾ ਦਬਾਅ ਬਣਾ ਰਹੀ ਹੈ। ਇਸ ਤੋਂ ਇਲਾਵਾ ਨੂੰਹ ਵਲੋਂ ਸਹੁਰੇ ਪਰਿਵਾਰ ਨਾਲ ਮਾੜਾ ਵਤੀਰਾ ਅਤੇ ਝੂਠੇ ਕੇਸ ਵਿਚ ਫਸਾਉਣ ਦੀ ਧਮਕੀ ਦੇਣ ਦਾ ਦੋਸ਼ ਵੀ ਲਾਇਆ ਗਿਆ ਸੀ। ਓਧਰ ਨੂੰਹ ਨੇ ਕੋਰਟ ਵਿਚ ਦਲੀਲ ਦਿੱਤੀ ਕਿ ਇਹ ਸ਼ਿਕਾਇਤ ਨੂੰਹ ਵਲੋਂ ਦਰਜ ਕਰਵਾਏ ਗਏ ਦਾਜ ਲਈ ਤੰਗ-ਪਰੇਸ਼ਾਨ ਕਰਨ ਅਤੇ ਘਰੇਲੂ ਹਿੰਸਾ ਦੇ ਮਾਮਲੇ ਦੇ ਜਵਾਬ ਵਿਚ ਬਦਲੇ ਦੀ ਭਾਵਨਾ ਨਾਲ ਕੀਤੀ ਗਈ ਹੈ।

## ਟਰੰਕਾਂ 'ਚ ਲੁਕਾ ਕੇ ਰੱਖੇ ਸਨ ਨੋਟਾਂ ਦੇ ਬੰਡਲ, ਗਿਣਤੀ ਲਈ ਮੰਗਵਾਈਆਂ ਮਸ਼ੀਨਾਂ

ਭੁਵਨੇਸ਼ਵਰ 5 ਅਪ੍ਰੈਲ। ਓਡੀਸ਼ਾ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿਜੀਲੈਂਸ ਵਿਭਾਗ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਓਡੀਸ਼ਾ ਪੁਲਸ ਹਾਊਸਿੰਗ ਐਂਡ ਵੈਲਫੇਅਰ ਕਾਰਪੋਰੇਸ਼ਨ ਦੇ ਡਿਪਟੀ ਮੈਨੇਜਰ ਬਿਦਯੁਤ ਰੰਜਨ ਭੋਈ ਨੂੰ ਭਾਰੀ ਮਾਤਰਾ ਵਿੱਚ ਨਕਦੀ ਸਮੇਤ ਕਾਬੂ ਕੀਤਾ ਹੈ। ਹੁਣ ਤੱਕ ਦੀ ਛਾਪੇਮਾਰੀ ਦੌਰਾਨ ਅਧਿਕਾਰੀ ਦੇ ਵੱਖ-ਵੱਖ ਟਿਕਾਣਿਆਂ ਤੋਂ ਲਗਭਗ 45 ਲੱਖ ਰੁਪਏ ਦੀ ਅਣਪਛਾਤੀ ਨਕਦੀ ਬਰਾਮਦ ਕੀਤੀ ਜਾ ਚੁੱਕੀ ਹੈ। ਵਿਜੀਲੈਂਸ ਵਿਭਾਗ ਨੂੰ ਪਹਿਲਾਂ ਹੀ ਗੁਪਤ ਸੂਚਨਾ ਮਿਲੀ ਸੀ ਕਿ



ਸੰਬਲਪੁਰ ਡਿਵੀਜ਼ਨ ਵਿੱਚ ਤਾਇਨਾਤ ਬਿਦਯੁਤ ਰੰਜਨ ਭੋਈ ਵੱਡੇ ਪੱਧਰ 'ਤੇ ਰਿਸ਼ਵਤ ਦੀ ਰਕਮ ਇਕੱਠੀ ਕਰ ਰਹੇ ਹਨ। ਇਸ ਜਾਣਕਾਰੀ ਦੇ ਆਧਾਰ 'ਤੇ ਵਿਸ਼ੇਸ਼ ਵਿਜੀਲੈਂਸ ਜੱਜ ਤੋਂ ਸਰਚ ਵਾਰੰਟ ਲੈ ਕੇ ਕਾਰਵਾਈ ਸ਼ੁਰੂ ਕੀਤੀ ਗਈ। ਵਿਜੀਲੈਂਸ ਦੀ ਟੀਮ ਨੇ ਸਭ ਤੋਂ ਪਹਿਲਾਂ ਭੋਈ ਨੂੰ ਸੰਬਲਪੁਰ ਰੇਲਵੇ ਸਟੇਸ਼ਨ ਦੇ ਕੋਲ ਰੋਕਿਆ, ਜਿੱਥੇ ਉਨ੍ਹਾਂ ਕੋਲੋਂ 5 ਲੱਖ ਰੁਪਏ ਨਕਦ ਬਰਾਮਦ ਹੋਏ। ਸੰਬਲਪੁਰ ਵਿੱਚ ਹੋਈ ਇਸ ਕਾਰਵਾਈ ਤੋਂ ਬਾਅਦ ਵਿਜੀਲੈਂਸ ਨੇ ਭੁਵਨੇਸ਼ਵਰ ਅਤੇ ਗੰਜਾਮ ਜ਼ਿਲ੍ਹੇ ਦੇ ਭੰਜਨਗਰ ਵਿੱਚ ਸਥਿਤ ਭੋਈ ਦੇ ਟਿਕਾਣਿਆਂ 'ਤੇ ਇੱਕੋ ਸਮੇਂ ਛਾਪੇਮਾਰੀ ਕੀਤੀ। ਭੁਵਨੇਸ਼ਵਰ ਵਿੱਚ ਅਧਿਕਾਰੀ ਦੇ ਆਪਣੇ ਘਰੋਂ 5 ਲੱਖ ਰੁਪਏ ਮਿਲੇ, ਪਰ ਸਭ ਤੋਂ ਵੱਡੀ ਬਰਾਮਦਗੀ ਭੁਵਨੇਸ਼ਵਰ ਦੇ ਚੰਦਰਸ਼ੇਖਰਪੁਰ ਇਲਾਕੇ ਵਿੱਚ ਉਨ੍ਹਾਂ ਦੀ ਭੈਣ ਦੇ ਘਰ ਤੋਂ ਹੋਈ। ਉੱਥੇ ਦੋ ਟਰੰਕਾਂ ਵਿੱਚ 500-500 ਰੁਪਏ ਦੇ ਨੋਟਾਂ ਦੇ ਕਰੀਬ 70 ਬੰਡਲ (ਕੁੱਲ 35 ਲੱਖ ਰੁਪਏ) ਲੁਕਾ ਕੇ ਰੱਖੇ ਹੋਏ ਸਨ। ਬਰਾਮਦ ਕੀਤੀ ਗਈ ਨਕਦੀ ਇੰਨੀ ਜ਼ਿਆਦਾ ਸੀ ਕਿ ਵਿਜੀਲੈਂਸ ਵਿਭਾਗ ਨੂੰ ਨੋਟਾਂ ਦੀ ਗਿਣਤੀ ਕਰਨ ਲਈ ਮਸ਼ੀਨਾਂ ਦਾ ਸਹਾਰਾ ਲੈਣਾ ਪਿਆ। ਅਧਿਕਾਰੀਆਂ ਅਨੁਸਾਰ ਵਿਜੀਲੈਂਸ ਦੀ ਇਹ ਛਾਪੇਮਾਰੀ ਅਜੇ ਵੀ ਜਾਰੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ। ਇਹ ਕਾਰਵਾਈ ਰਾਜ ਵਿੱਚ ਭ੍ਰਿਸ਼ਟਾਚਾਰ ਦੇ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਇੱਕ ਵੱਡੀ ਸਫਲਤਾ ਮੰਨੀ ਜਾ ਰਹੀ ਹੈ।

## ਡਾ. ਅੰਬੇਡਕਰ ਦੀ ਮੂਰਤੀ ਦੀ ਭੰਨਤੋੜ, ਪੰਜਾਬ 'ਚ ਅਮਨ-ਕਾਨੂੰਨ ਪੂਰੀ ਤਰ੍ਹਾਂ ਖਤਮ : ਭਾਜਪਾ

ਮੋਗਾ 5 ਅਪ੍ਰੈਲ। ਪੰਜਾਬ ਵਿਚ ਲਗਾਤਾਰ ਵਾਪਰ ਰਹੀਆਂ ਅਮਨ-ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ ਘਟਨਾਵਾਂ ਦਰਮਿਆਨ ਬੀਤੇ ਦਿਨੀਂ ਹੁਸ਼ਿਆਰਪੁਰ ਦੇ ਨੂਰਪੁਰ ਜੱਟਾਂ ਵਿਚ ਇਕ ਮੰਦਭਾਗੀ ਘਟਨਾ ਸਾਹਮਣੇ ਆਈ। ਇੱਥੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ



ਦੀ ਮੂਰਤੀ ਦੀ ਤੋੜਫੋੜ ਕੀਤੀ ਗਈ। ਇਸ ਨਾਲ ਲੋਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਲੈ ਕੇ ਸਿਆਸੀ ਮਾਹੌਲ ਵੀ ਗਰਮਾ ਗਿਆ ਹੈ। ਪ੍ਰੈਸ ਕਾਨਫਰੰਸ ਕਰਦਿਆਂ ਪੰਜਾਬ ਭਾਜਪਾ ਦੇ ਜਰਨਲ ਸਕੱਤਰ ਅਨਿਲ ਸਰੀਨ ਨੇ ਕਿਹਾ ਕਿ ਨੂਰਪੁਰ ਜੱਟਾਂ ਵਿੱਚ ਪਿਛਲੇ ਇਕ ਸਾਲ ਦੌਰਾਨ ਇਸ ਤਰ੍ਹਾਂ ਦੀਆਂ ਘਟਨਾਵਾਂ ਕਈ ਵਾਰ ਵਾਪਰ ਚੁੱਕੀਆਂ ਹਨ, ਜੋ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲ ਖੜੇ ਕਰਦੀਆਂ ਹਨ। ਇਸਦੇ ਨਾਲ ਹੀ ਅੰਮ੍ਰਿਤਸਰ ਅਤੇ ਫਿਲੌਰ ਵਰਗੇ ਇਲਾਕਿਆਂ ਵਿਚ ਵੀ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆਏ ਹਨ। ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਨੂੰਨ-ਵਿਵਸਥਾ ਕਮਜ਼ੋਰ ਹੋ ਰਹੀ ਹੈ ਅਤੇ ਅਪਰਾਧਿਕ ਤੱਤਾਂ ਦਾ ਹੌਸਲਾ ਵੱਧ ਰਿਹਾ ਹੈ। ਰੋਜ਼ਾਨਾ ਲੁੱਟ-ਖੋਹ ਅਤੇ ਹਿੰਸਕ ਘਟਨਾਵਾਂ ਨੇ ਆਮ ਲੋਕਾਂ ਵਿਚ ਅਸੁਰੱਖਿਆ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਭਾਜਪਾ ਨੇ ਦੋਸ਼ ਲਗਾਇਆ ਕਿ ਦਲਿਤ ਭਾਈਚਾਰੇ ਨਾਲ ਜੁੜੇ ਮਾਮਲਿਆਂ ਨੂੰ ਢੰਗ ਨਾਲ ਹੱਲ ਨਹੀਂ ਕੀਤਾ ਜਾ ਰਿਹਾ ਅਤੇ ਸਕਾਲਰਸ਼ਿਪ ਵਰਗੀਆਂ ਯੋਜਨਾਵਾਂ ਵਿਚ ਵੀ ਦੇਰੀ ਹੋ ਰਹੀ ਹੈ। ਇਸਦੇ ਨਾਲ ਹੀ ਵਿਦੇਸ਼ਾਂ ਵਿਚ ਬੈਠੇ ਅੱਤਵਾਦੀ ਵੀ ਪੰਜਾਬ ਨੂੰ ਨਿਸ਼ਾਨਾਂ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਨੌਜਵਾਨਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ, ਸਾਰਿਆਂ ਨੇ ਇਹ ਗੱਲ ਸਪੱਸ਼ਟ ਕੀਤੀ ਕਿ ਪੰਜਾਬ ਦੇ ਲੋਕ ਇਕਜੁੱਟ ਹਨ ਅਤੇ ਕਿਸੇ ਵੀ ਹਾਲਤ ਵਿਚ ਭਾਈਚਾਰਕ ਸਾਂਝ ਨੂੰ ਟੁੱਟਣ ਨਹੀਂ ਦੇਣਗੇ।

## ਬੇਕਾਬੂ ਟਿੱਪਰ ਨੇ ਪਿਓ-ਪੁੱਤਰ ਨੂੰ ਦਰੜਿਆ, ਸਿਰ ਉੱਪਰੋਂ ਟਾਇਰ ਲੰਘਣ ਨਾਲ ਪਿਓ ਦੀ ਦਰਦਨਾਕ ਮੌਤ

ਲੁਧਿਆਣਾ 5 ਅਪ੍ਰੈਲ। ਮਹਾਨਗਰ ਦੀਆਂ ਸੜਕਾਂ 'ਤੇ ਬੇਲਗਾਮ ਦੌੜ ਰਹੇ ਮੌਤ ਦੇ ਸੌਦਾਗਰਾਂ ਨੇ ਇਕ ਹੋਰ ਹਸਦਾ-ਖੇਡਦਾ ਪਰਿਵਾਰ ਉਜਾੜ ਦਿੱਤਾ ਹੈ। ਤਾਜ਼ਾ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲਾ ਮਾਮਲਾ ਰਾਮਗੜ੍ਹ ਚੌਕ ਨੇੜਿਓਂ ਸਾਹਮਣੇ ਆਇਆ ਹੈ,ਜਿੱਥੇ ਇਕ ਟਿੱਪਰ ਚਾਲਕ ਨੇ ਲਾਪਰਵਾਹੀ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਇਕ ਮੋਟਰਸਾਈਕਲ ਨੂੰ ਮਗਰੋਂ ਜ਼ੋਰਦਾਰ ਟੱਕਰ ਮਾਰ ਦਿੱਤੀ। ਇਸ ਭਿਆਨਕ ਹਾਦਸੇ ਵਿਚ ਇਕ ਪੁੱਤਰ ਨੇ ਆਪਣੀਆਂ ਅੱਖਾਂ ਮੂਹਰੇ ਪਿਤਾ ਨੂੰ ਤੜਫਦੇ ਹੋਏ ਦਮ ਤੋੜਦੇ ਵੇਖਿਆ। ਮ੍ਰਿਤਕ ਦੀ ਪਛਾਣ ਜਿੰਦਰ ਸਿੰਘ ਵਜੋਂ ਹੋਈ ਹੈ। ਇਸ ਮਾਮਲੇ ਵਿਚ ਥਾਣਾ ਸਾਹਨੇਵਾਲ ਦੀ ਪੁਲਸ ਨੇ ਅਣਪਛਾਤੇ ਡਰਾਈਵਰ ਖ਼?ਲਾਫ਼ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤਕਰਤਾ ਗੁਰਮੀਤ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਆਪਣੇ 55 ਸਾਲਾ ਪਿਤਾ ਜਿੰਦਰ ਸਿੰਘ ਦੇ ਨਾਲ ਮੋਟਰਸਾਈਕਲ ਦੇ ਸਵਾਰ ਹੋ ਕੇ ਜਾ ਰਿਹਾ ਸੀ। ਜਿਉਂ ਹੀ ਉਹ ਰਾਮਗੜ੍ਹ ਚੌਕ ਨੇੜੇ ਪਹੁੰਚੇ, ਮਗਰੋਂ ਆ ਰਹੇ ਟਿੱਪਰ ਨੰਬਰ ਦੇ ਚਾਲਕ ਨੇ ਬੇਹੱਦ ਤੇਜ਼ ਰਫ਼ਤਾਰ ਤੇ ਲਾਪਰਵਾਹੀ ਨਾਲ ਉਨ੍ਹਾਂ ਦੇ ਮੋਟਰਸਾਈਕਲ ਨੂੰ ਆਪਣੀ ਲਪੇਟ ਵਿਚ ਲੈ ਲਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਮੋਟਰਸਾਈਕਲ ਬੇਕਾਬੂ ਹੋ ਕੇ ਡਿੱਗਿਆ। ਡਿੱਗਦੇ ਹੀ ਪਿੱਛੇ ਬੈਠੇ ਉਸ ਦੇ ਪਿਤਾ ਸੜਕ 'ਤੇ ਡਿੱਗ ਗਏ ਤੇ ਮਗਰੋਂ ਆ ਰਹੇ ਟਿੱਪਰ ਦਾ ਅਗਲਾ ਟਾਇਰ ਉਨ੍ਹਾਂ ਦੇ ਸਿਰ ਦੇ ਉੱਪਰੋਂ ਗੁਜ਼ਰ ਗਿਆ। ਇਸ ਦਰਦਨਾਕ ਘਟਨਾ ਵਿਚ ਪਿਤਾ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਪੁੱਤਰ ਸੜਕ ਦੇ ਦੂਜੇ ਪਾਸੇ ਡਿੱਗਣ ਕਾਰਨ ਵਾਲ-ਵਾਲ ਬੱਚ ਗਿਆ। ਵਾਰਦਾਤ ਨੂੰ ਅੰਜਾਮ ਦੇਣ ਵਾਲਾ ਡਰਾਈਵ ਟਿੱਪਰ ਸਮੇਤ ਮੌਕੇ ਤੋਂ ਫ਼ਰਾਰ ਹੋ ਗਿਆ। ਹੁਣ ਟਿੱਪਰ ਨੰਬਰ ਜ਼ਰੀਏ ਮੁਲਜ਼ਮ ਦੀ ਭਾਲ ਵਿਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

# ਬਿਨਾਂ ਅਪੀਲ ਦੇ 32 ਸਾਲ ਜੇਲ੍ਹ 'ਚ ਰਿਹਾ ਦੋਸ਼ੀ, ਹਾਈਕੋਰਟ ਨੇ ਲਾਈ ਸਖ਼ਤ ਫਟਕਾਰ

ਕੌਮੀ ਪਤ੍ਰਿਕਾ

ਚੰਡੀਗੜ੍ਹ 5 ਅਪ੍ਰੈਲ। ਜੇਲ੍ਹ ਅਤੇ ਕਾਨੂੰਨੀ ਸਹਾਇਤਾ ਪ੍ਰਣਾਲੀ ਨੂੰ ਸਖ਼ਤ ਝਾੜ ਪਾਉਂਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 1992 'ਚ ਕਤਲ ਮਾਮਲੇ 'ਚ 32 ਸਾਲ ਜੇਲ੍ਹ 'ਚ ਬਿਤਾ ਚੁੱਕੇ ਇਕ ਵਿਅਕਤੀ ਦੀ ਅਪੀਲ ਦਾਖ਼ਲ ਕਰਨ 'ਚ 11,740 ਦਿਨਾਂ ਦੀ ਭਾਰੀ ਦੇਰੀ ਨੂੰ ਮੁਆਫ਼ ਕਰ ਦਿੱਤਾ ਹੈ। ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੀ ਬੈਂਚ ਨੇ ਦੋਸ਼ੀ ਰਮੇਸ਼ ਦੀ ਲੰਬੇ ਸਮੇਂ ਤੱਕ ਕੈਦ 'ਤੇ ਗੰਭੀਰ ਚਿੰਤਾ ਪ੍ਰਗਟਾਈ, ਜਦੋਂ ਕਿ ਉਸ ਵਲੋਂ ਕੋਈ ਅਪੀਲ ਦਾਖ਼ਲ ਨਹੀਂ ਕੀਤੀ ਗਈ ਸੀ। ਬੈਂਚ ਨੇ ਕਿਹਾ ਕਿ ਇਹ ਚਿੰਤਾ ਦਾ ਵਿਸ਼ਾ ਹੈ ਕਿ ਇੰਨੀ ਲੰਬੀ ਮਿਆਦ ਦੀ ਕੈਦ ਦੇ ਬਾਵਜੂਦ ਬਿਨੈਕਾਰ ਵਲੋਂ ਕੋਈ ਅਪੀਲ ਦਾਖ਼ਲ ਨਹੀਂ ਕੀਤੀ ਗਈ। ਜੇਕਰ ਅਪੀਲਕਰਤਾ ਖ਼ੁਦ ਅਪੀਲ ਦਾਖ਼ਲ ਕਰਨ 'ਚ ਸਮਰੱਥ ਨਹੀਂ ਸੀ ਤਾਂ ਜੇਲ੍ਹ ਅਧਿਕਾਰੀਆਂ ਨੂੰ ਇਸ ਨੂੰ ਦਾਖ਼ਲ ਕਰਵਾਉਣ ਲਈ ਕਦਮ ਚੁੱਕਣੇ ਚਾਹੀਦੇ ਸਨ। ਅਸੀਂ ਰਾਜ ਨੂੰ ਜਵਾਬ ਦਾਖ਼ਲ ਕਰਨ ਲਈ ਸਮਾਂ ਦੇਣ ਦੀ ਨਿਯਮਤ ਪ੍ਰਕਿਰਿਆ ਦੀ ਪਾਲਣਾ ਕਰਦਿਆਂ ਇਸ ਦੁੱਖ ਨੂੰ ਹੋਰ ਜ਼ਿਆਦਾ ਲੰਬਾ ਖਿੱਚਣ ਦੀ ਇਜਾਜ਼ਤ ਨਹੀਂ ਦੇ ਸਕਦੇ। ਜੇਲ੍ਹ ਅਧਿਕਾਰੀਆਂ ਜਾਂ ਕਾਨੂੰਨੀ ਸਹਾਇਤਾ ਰੱਖਿਆ ਪ੍ਰਣਾਲੀ




ਕਾਰਨ ਹੋਈ ਕਿਸੇ ਵੀ ਦੇਰੀ ਲਈ ਬਿਨੈਕਾਰ ਨੂੰ ਪੀੜਤ ਨਹੀਂ ਬਣਾਇਆ ਜਾ ਸਕਦਾ। ਅਦਾਲਤ ਨੇ ਅਪੀਲ ਸਵੀਕਾਰ ਕਰ ਲਈ ਅਤੇ ਟ?ਰਾਇਲ ਕੋਰਟ ਦੇ ਰਿਕਾਰਡ ਨੂੰ ਤਲਬ ਕਰਨ ਦਾ ਨਿਰਦੇਸ਼ ਦਿੱਤਾ। ਮਾਮਲੇ ਨੂੰ 2 ਮਈ ਲਈ ਬੈਂਚ ਅੱਗੇ ਰੈਗੂਲਰ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਹੈ। ਇਹ ਅਪੀਲ ਉਦੋਂ ਦਾਖ਼ਲ ਕੀਤੀ ਗਈ, ਜਦੋਂ ਕਰਨਾਲ ਜ਼ਿਲ੍ਹਾ ਜੇਲ੍ਹ ਦੇ ਡਿਪਟੀ ਸੁਪਰੀਡੈਂਟ ਨੇ ਮਾਰਚ 2026 'ਚ ਰਮੇਸ਼ ਦੀ ਅਪੀਲ ਨੂੰ ਹਾਈਕੋਰਟ ਲੀਗਲ ਸਰਵਿਸਿਜ਼ ਕਮੇਟੀ ਨੂੰ ਭੇਜ ਦਿੱਤਾ। ਕਮੇਟੀ ਨੇ ਮਾਮਲੇ ਨੂੰ ਕਾਨੂੰਨੀ ਸਹਾਇਤਾ ਵਕੀਲ ਨੂੰ ਸੌਂਪਿਆ, ਜਿਨ੍ਹਾਂ ਨੇ ਦਸਤਾਵੇਜ਼ ਤਿਆਰ ਕਰਦੇ ਸਮੇਂ ਭਾਰੀ ਦੇਰੀ ਦਾ ਪਤਾ ਲਾਇਆ। ਬੈਂਚ ਨੇ ਕਰਨਾਲ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਦੇ ਸਕੱਤਰ ਨੂੰ ਇਹ ਸਪੱਸ਼ਟ ਕਰਨ ਲਈ ਵੀ ਨਿਰਦੇਸ਼ ਦਿੱਤੇ ਕਿ ਪਹਿਲਾਂ ਕੋਈ ਅਪੀਲ ਕਿਉਂ ਦਾਖ਼ਲ ਨਹੀਂ ਕੀਤੀ ਗਈ ਅਤੇ ਕੀ ਹੋਰ ਸਬੰਧਿਤ ਮਾਮਲਿਆਂ 'ਚ ਉੱਚਿਤ ਅਰਜ਼ੀਆਂ ਦਿੱਤੀਆਂ ਗਈਆਂ ਸਨ। ਰਮੇਸ਼ ਨੂੰ 19 ਨਵੰਬਰ, 1993 ਨੂੰ ਕਰਨਾਲ ਦੇ ਸੈਸ਼ਨ ਜੱਜ ਵਲੋਂ ਸਦਰ ਕਰਨਾਲ ਪੁਲਸ ਸਟੇਸ਼ਨ 'ਚ ਕਤਲ ਦੇ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ ਉਮਰ ਕੈਦ ਅਤੇ 500 ਰੁਪਏ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ। ਦਾਖ਼ਲ ਅਪੀਲ ਅਨੁਸਾਰ ਘਟਨਾ 27 ਫਰਵਰੀ, 1992 ਦੀ ਸ਼ਾਮ ਨੂੰ ਹੋਈ ਸੀ।

# ਖਰੜ 'ਚ ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਆਇਆ ਸਾਹਮਣੇ, ਇਲਾਕੇ 'ਚ ਰੋਸ

ਕੌਮੀ ਪਤ੍ਰਿਕਾ

ਖਰੜ 5 ਅਪ੍ਰੈਲ। ਖਰੜ ਦੇ ਵਾਰਡ ਨੰਬਰ-20 ਆਰੀਆ ਰੋਡ ਗੁਰਦੁਆਰਾ ਸ੍ਰੀ ਕਲਗੀਧਰ ਸਿੰਘ ਸਭਾ ਨੇੜੇ ਇੱਕ ਦੁਖਦਾਈ ਘਟਨਾ ਸਾਹਮਣੇ ਆਈ ਹੈ। ਇੱਥੇ ਗੁਟਕਾ ਸਾਹਿਬ ਦੀ ਬੇਅਦਬੀ ਕਰਕੇ ਅੰਗ ਫਟੇ ਹੋਏ ਹਾਲਤ 'ਚ ਮਿਲੇ ਹਨ। ਇਸ ਘਟਨਾ ਨਾਲ ਇਲਾਕੇ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਮੋਬਾਇਲ ਦੁਕਾਨਦਾਰ ਮਨਦੀਪ ਸਿੰਘ ਜਦੋਂ ਆਪਣੀ ਦੁਕਾਨ ਦੇ ਸਾਹਮਣੇ ਖ਼ਾਲੀ ਪਈ ਜਗਾ 'ਚ ਗਿਆ ਤਾਂ ਉਸਨੇ ਉੱਥੇ ਗੁਟਕਾ ਸਾਹਿਬ ਦੇ ਫਟੇ ਹੋਏ ਅੰਗ ਪਏ ਦੇਖੇ। ਹੋਰ ਧਿਆਨ ਨਾਲ ਦੇਖਣ 'ਤੇ ਉਸਨੂੰ ਬੇਅਦਬੀ ਕੀਤੇ ਹੋਏ ਹੋਰ ਅੰਗ ਵੀ ਮਿਲੇ। ਇਸ 'ਤੇ ਉਸਨੇ ਤੁਰੰਤ ਵਾਰਡ ਦੇ ਕੌਂਸਲਰ ਮਾਨ ਸਿੰਘ ਸੈਣੀ ਅਤੇ ਸਮਾਜ ਸੇਵੀ ਆਗੂ ਅਮਨਦੀਪ ਸਿੰਘ ਅੰਮੂ ਸੈਣੀ ਨੂੰ ਸੂਚਿਤ ਕੀਤਾ। ਸੂਚਨਾ ਮਿਲਣ ਉਪਰੰਤ ਆਗੂਆਂ ਵੱਲੋਂ ਤੁਰੰਤ ਪੁਲਸ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਥਾਣਾ ਸਿਟੀ ਦੇ ਐੱਸ. ਐੱਚ. ਓ. ਇੰਸਪੈਕਟਰ ਅਮਰਿੰਦਰ ਸਿੰਘ ਸਿੱਧੂ ਅਤੇ ਨਾਲ ਹੀ ਗੁਰਦੁਆਰਾ ਅੰਬ ਸਾਹਿਬ ਦੇ ਮੈਨੇਜਰ ਭਾਈ ਸੁਖਵਿੰਦਰ ਸਿੰਘ, ਗ੍ਰੰਥੀ ਭਾਈ ਭੁਪਿੰਦਰ ਸਿੰਘ, ਇੰਦਰਜੀਤ ਸਿੰਘ ਅਤੇ ਗੁਰਦੁਆਰਾ ਤਾਲਮੇਲ ਕਮੇਟੀ ਦੇ ਮੈਂਬਰਾਂ ਜਰਨੈਲ ਸਿੰਘ ਖਾਲਸਾ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਵਿੰਦਰ ਸਿੰਘ ਖੇੜਾ ਵੀ ਮੌਕੇ 'ਤੇ ਪਹੁੰਚੇ। ਉਨ੍ਹਾਂ ਵੱਲੋਂ ਗੁਟਕਾ ਸਾਹਿਬ ਦੇ




ਅੰਗਾਂ ਨੂੰ ਸੰਭਾਲ ਕੇ ਪੂਰੇ ਸਤਿਕਾਰ ਨਾਲ ਗੁਰਦੁਆਰਾ ਅੰਬ ਸਾਹਿਬ ਵਿਖੇ ਲਿਜਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਰਵਿੰਦਰ ਸਿੰਘ ਖੇੜਾ ਨੇ ਕਿਹਾ ਕਿ ਕੁੱਝ ਸ਼ਰਾਰਤੀ ਅਨਸਰ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਜਿਹੀਆਂ ਘਟਨਾਵਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ ਅਤੇ ਮਾਹੌਲ ਵਿਗੜਦਾ ਹੈ। ਉਨ੍ਹਾਂ ਮੰਗ ਕੀਤੀ ਕਿ ਬੇਅਦਬੀ ਕਰਨ ਦੇ ਮਾਮਲੇ 'ਚ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਉਧਰ ਐੱਸ. ਐੱਚ. ਓ. ਅਮਰਿੰਦਰ ਸਿੰਘ ਸਿੱਧੂ ਨੇ ਭਰੋਸਾ ਦਿਵਾਇਆ ਕਿ ਇਸ ਮਾਮਲੇ ਦੀ ਪੂਰੀ ਜਾਂਚ ਕਰਕੇ ਜਲਦੀ ਕਾਰਵਾਈ ਕੀਤੀ ਜਾਵੇਗੀ। ਸ਼ਹਿਰ ਦੀਆਂ ਸਮੂਹ ਸਿੱਖ ਜੱਥੇਬੰਦੀਆਂ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

## ਆਨਲਾਈਨ ਖ਼ਰੀਦਿਆ ਆਈਫੋਨ ਨਿਕਲਿਆ ਖ਼ਰਾਬ, ਰਿਫੰਡ ਨਾ ਦੇਣ 'ਤੇ ਐਮੇਜ਼ਾਨ ਨੂੰ 7 ਹਜ਼ਾਰ ਹਰਜਾਨਾ

ਚੰਡੀਗੜ੍ਹ 5 ਅਪ੍ਰੈਲ। ਜ਼ਿਲ੍ਹਾ ਖ਼ਪਤਕਾਰ ਝਗੜਾ ਨਿਵਾਰਣ ਕਮਿਸ਼ਨ ਨੇ ਐਮੇਜ਼ਾਨ ਰਿਟੇਲ ਇੰਡੀਆ ਨੂੰ ਅਨੁਚਿਤ ਵਪਾਰਕ ਅਭਿਆਸਾਂ ਦਾ ਦੋਸ਼ੀ ਠਹਿਰਾਉਂਦਿਆਂ 7 ਹਜ਼ਾਰ ਰੁਪਏ ਹਰਜਾਨਾ ਲਾਇਆ ਹੈ। ਸ਼ਿਕਾਇਤਕਰਤਾ ਕੈਪਟਨ ਵੱਲੋਂ ਮੋਬਾਇਲ ਖਰੀਦਣ ਲਈ ਅਦਾ 56,905 ਰੁਪਏ ਦੀ ਰਕਮ ਵਾਪਸ 9 ਫ਼ੀਸਦੀ ਸਲਾਨਾ ਦੀ ਦਰ ਨਾਲ ਵਿਆਜ ਸਮੇਤ ਮੋੜਨ ਦੇ ਨਿਰਦੇਸ਼ ਦਿੱਤੇ ਹਨ। ਐਮੇਜ਼ਾਨ ਨੇ ਕਮਿਸ਼ਨ 'ਚ ਦਿੱਤੇ ਜਵਾਬ 'ਚ ਕਿਹਾ ਕਿ ਇਹ ਸਿਰਫ਼ ਈ-ਕਾਮਰਸ ਪਲੇਟਫਾਰਮ ਹੈ ਤੇ ਅਸਲ ਵਿਵਾਦ ਖ਼ਪਤਕਾਰ, ਵਿਕਰੇਤਾ ਤੇ ਨਿਰਮਾਤਾ ਵਿਚਕਾਰ ਹੈ। ਕੰਪਨੀ ਦਾ ਕਹਿਣਾ ਹੈ ਕਿ ਸ਼ਿਕਾਇਤਕਰਤਾ ਵੱਲੋਂ ਵਾਪਸ ਕੀਤਾ ਮੋਬਾਇਲ ਉਹ ਨਹੀਂ ਸੀ, ਜੋ ਡਿਲੀਵਰ ਕੀਤਾ ਗਿਆ ਸੀ। ਇਸ ਕਾਰਨ ਖਪਤਕਾਰ ਕਿਸੇ ਵੀ ਰਿਪਲੇਸਮੈਂਟ ਜਾਂ ਰਿਫੰਡ ਦਾ ਹੱਕਦਾਰ ਨਹੀਂ ਹੈ। ਉੱਥੇ ਹੀ ਫੋਨ ਨਿਰਮਾਤਾ ਕੰਪਨੀ ਐਪਲ ਨੇ ਜਵਾਬ 'ਚ ਕਿਹਾ ਕਿ ਖ਼ਪਤਕਾਰ ਨੇ ਫੋਨ ਐਮੇਜ਼ਾਨ ਤੋਂ ਖਰੀਦਿਆ ਸੀ, ਨਾ ਕਿ ਸਿੱਧੇ ਕੰਪਨੀ ਤੋਂ। ਸਰਵਿਸ ਸੈਂਟਰ ਨੇ ਫੋਨ ਨੂੰ ਅੱਗੇ ਜਾਂਚ ਲਈ ਬੈਂਗਲੁਰੂ ਸਥਿਤ ਰਿਪੇਅਰ ਸੈਂਟਰ ਭੇਜਣ ਦੀ ਸਲਾਹ ਦਿੱਤੀ ਸੀ ਪਰ ਖ਼ਪਤਕਾਰ ਨੇ ਮਨ੍ਹਾਂ ਕਰ ਦਿੱਤਾ। ਰਿਫੰਡ ਦੀ ਜ਼ਿੰਮੇਵਾਰੀ ਐਮੇਜ਼ਾਨ ਦੀ ਹੈ, ਕਿਉਂਕਿ ਉਸ ਨੇ ਫੋਨ ਵਾਪਸ ਲੈਕੇ ਰਿਫੰਡ ਦਾ ਭਰੋਸਾ ਦਿੱਤਾ ਸੀ। ਸਰਵਿਸ ਸੈਂਟਰ ਨੇ ਕਿਹਾ ਕਿ ਫੋਨ ਰਿਸਟਾਰਟ ਲੂਪ 'ਚ ਫਸਿਆ ਸੀ, ਜੋ ਸਾਫ਼ਟਵੇਅਰ ਅਪਡੇਟ ਤੋਂ ਬਾਅਦ ਵੀ ਠੀਕ ਨਹੀਂ ਹੋਇਆ।

## 80 ਹਜ਼ਾਰ ਦੀ ਰਿਸ਼ਵਤ ਲੈਂਦਾ ਸਬ-ਇੰਸਪੈਕਟਰ ਕਾਬੂ, ਵਿਜੀਲੈਂਸ ਬਿਊਰੋ ਨੇ ਵਿਛਾਇਆ ਜਾਲ

ਚੰਡੀਗੜ੍ਹ 5 ਅਪ੍ਰੈਲ। ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਬੁੱਧਵਾਰ ਨੂੰ ਰੂਪਨਗਰ ਜ਼ਿਲ੍ਹੇ ਦੇ ਨੂਰਪੁਰ ਬੇਦੀ ਥਾਣੇ ਅਧੀਨ ਆਉਂਦੀ ਪੁਲਸ ਚੌਕੀ ਕਲਵਾ ਦੇ ਇੰਚਾਰਜ ਸਬ-ਇੰਸਪੈਕਟਰ (ਐੱਸਆਈ) ਹਰਮੇਸ਼ ਕੁਮਾਰ ਨੂੰ 80,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਅੱਜ ਇੱਥੇ ਇਹ ਖੁਲਾਸਾ ਕਰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਜਲੰਧਰ ਜ਼ਿਲ੍ਹੇ ਦੇ ਫਿਲੌਰ ਸਬ-ਡਵੀਜ਼ਨ ਦੇ ਪਿੰਡ ਤੂਰਾ ਦੇ ਇੱਕ ਸ਼ਿਕਾਇਤਕਰਤਾ ਵੱਲੋਂ ਬਿਊਰੋ ਕੋਲ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਕੀਤੀ ਗਈ ਹੈ ਜਿਸ ਵਿੱਚ ਉਕਤ ਮੁਲਜ਼ਮ ਵੱਲੋਂ ਗੈਰ-ਕਾਨੂੰਨੀ ਰਿਸ਼ਵਤ ਮੰਗਣ ਬਾਰੇ ਦੱਸਿਆ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਕਤ ਪੁਲਿਸ ਮੁਲਾਜ਼ਮ ਨੇ ਉਸ ਵਿਰੁੱਧ ਦਰਜ ਇੱਕ ਪੁਲਸ ਕੇਸ ਵਿੱਚ ਉਸਦੀ ਮਦਦ ਕਰਨ ਬਦਲੇ 1,50,000 ਰੁਪਏ ਦੀ ਰਿਸ਼ਵਤ ਮੰਗੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਉਕਤ ਐੱਸਆਈ ਪਹਿਲਾਂ ਹੀ ਇਸ ਸਬੰਧ ਵਿੱਚ ਪਹਿਲੀ ਕਿਸ਼ਤ ਵਜੋਂ ਉਸ ਕੋਲੋਂ 20,000 ਰੁਪਏ ਲੈ ਚੁੱਕਾ ਹੈ ਅਤੇ ਬਾਕੀ ਪੈਸੇ ਮੰਗ ਰਿਹਾ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੇ ਫਲਾਇੰਗ ਸਕੁਐਡ ਦੀ ਇੱਕ ਟੀਮ ਨੇ ਯੋਜਨਾਬੱਧ ਜਾਲ ਵਿਛਾਇਆ ਜਿਸ ਦੌਰਾਨ ਉਕਤ ਪੁਲਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 80,000 ਰੁਪਏ ਲੈਂਦੇ ਹੋਏ ਰੰਗੇ ਹੱਥੀਂ ਫੜ ਲਿਆ। ਇਸ ਸਬੰਧ ਵਿੱਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਮੁਹਾਲੀ ਸਥਿਤ ਵਿਜੀਲੈਂਸ ਬਿਊਰੋ, ਫਲਾਇੰਗ ਸਕੁਐਡ-1, ਦੇ ਥਾਣੇ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਾਜ਼ਮ ਤੋਂ ਇਸ ਮਾਮਲੇ ਵਿੱਚ ਉਸਦੇ ਹੋਰ ਸਾਥੀਆਂ ਦੀ ਸੰਭਾਵਿਤ ਸ਼ਮੂਲੀਅਤ ਲਈ ਪੁੱਛਗਿੱਛ ਚੱਲ ਰਹੀ ਹੈ। ਵਿਜੀਲੈਂਸ ਬਿਊਰੋ ਦੇ ਅਧਿਕਾਰੀ ਐੱਸਆਈ ਵਿਰੁੱਧ ਪਿਛਲੀਆਂ ਸ਼ਿਕਾਇਤਾਂ ਦੀ ਜਾਂਚ ਕਰ ਰਹੇ ਹਨ।

# ਰੇਪ ਤੋਂ ਪਹਿਲਾਂ ਔਰਤਾਂ ਨੂੰ ਖਾਰਾ ਪਾਣੀ ਦਿੰਦਾ ਸੀ ਅਸ਼ੋਕ ਖਰਾਤ, ਨਾਸਿਕ ਬਾਬਾ ਕਾਂਡ 'ਚ ਨਵੇਂ ਖੁਲਾਸੇ

ਏਜੰਸੀਆਂ

ਨਵੀਂ ਦਿੱਲੀ 5 ਅਪ੍ਰੈਲ। ਰੇਪ ਕਾਂਡ ਵਿਚ ਗ੍ਰਿਫ਼ਤਾਰ ਅਖੌਤੀ ਬਾਬਾ ਅਸ਼ੋਕ ਖਰਾਤ ਦੇ ਮਾਮਲੇ ਦੀ ਜਾਂਚ ਜਾਰੀ ਹੈ। ਹੁਣ ਜਾਂਚ ਵਿਚ ਪਤਾ ਲੱਗਾ ਹੈ ਕਿ ਖਰਾਤ ਔਰਤਾਂ ਦਾ ਸ਼ੋਸ਼ਣ ਕਰਨ ਤੋਂ ਪਹਿਲਾਂ ਕੁਝ



ਤਰਲ ਪਦਾਰਥ ਦਿੰਦਾ ਸੀ। ਫਿਲਹਾਲ, ਅਧਿਕਾਰੀ ਇਸ ਤਰਲ ਸਮੇਤ ਕਈ ਸਬੂਤਾਂ ਦੀ ਜਾਂਚ ਕਰ ਰਹੇ ਹਨ। ਮਹਾਰਾਸ਼ਟਰ ਵਿਚ ਨਾਸਿਕ ਦੀ ਇਕ ਅਦਾਲਤ ਨੇ ਖਰਾਤ ਦੀ ਪੁਲਸ ਹਿਰਾਸਤ 5 ਅਪ੍ਰੈਲ ਤੱਕ ਵਧਾ ਦਿੱਤੀ ਹੈ। ਸੁਣਵਾਈ ਦੇ ਦੌਰਾਨ, ਸਰਕਾਰੀ ਵਕੀਲ ਸ਼ੈਲੇਂਦਰ ਬਾਗਡੇ ਨੇ ਕਿਹਾ ਕਿ ਮਾਮਲੇ ਦੀ ਜਾਂਚ ਅਜੇ ਜਾਰੀ ਹੈ ਅਤੇ ਮੁਲਜ਼ਮ ਸਹਿਯੋਗ ਨਹੀਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਦੀਆਂ ਜਾਇਦਾਦਾਂ ਦੀ ਜਾਂਚ ਅਜੇ ਬਾਕੀ ਹੈ। ਬਾਗਡੇ ਨੇ ਕਿਹਾ ਕਿ ਕਈ ਔਰਤਾਂ ਅਜੇ ਵੀ ਸ਼ਿਕਾਇਤ ਦਰਜ ਕਰਵਾਉਣ ਲਈ ਅੱਗੇ ਆ ਰਹੀਆਂ ਹਨ ਅਤੇ ਉਸ ਕਥਿਤ 'ਪਾਣੀ ਜਾਂ ਤਰਲ ਪਦਾਰਥ' ਦੀ ਜਾਂਚ ਅਜੇ ਬਾਕੀ ਹੈ, ਜਿਸ ਨੂੰ ਖਰਾਤ ਜਿਨਸੀ ਸ਼ੋਸ਼ਣ ਤੋਂ ਪਹਿਲਾਂ ਪੀੜਤਾਂ ਨੂੰ ਵਰਗਲਾਉਣ ਲਈ ਦਿੰਦਾ ਸੀ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਇਹ ਖਾਰਾ ਅਤੇ ਕੌੜਾ ਪਾਣੀ ਹੁੰਦਾ ਸੀ, ਜਿਸ ਨੂੰ ਪੀ ਕੇ ਔਰਤ ਨੂੰ ਚੱਕਰ ਆਉਣ ਲੱਗਦੇ ਸਨ। ਉਨ੍ਹਾਂ ਕਿਹਾ ਕਿ ਮੁਲਜ਼ਮ ਦੇ ਮੋਬਾਈਲ ਫੋਨ ਡਾਟੇ ਦੀ ਜਾਂਚ ਕੀਤੀ ਜਾ ਚੁੱਕੀ ਹੈ ਅਤੇ 'ਕਲੋਨ ਰਿਪੋਰਟ' ਪ੍ਰਾਪਤ ਹੋ ਗਈ ਹੈ। ਸਰਕਾਰੀ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਇਸ ਗੱਲ ਦੀ ਜਾਂਚ ਕੀਤੀ ਜਾਵੇਗੀ ਕਿ ਕੀ ਖਰਾਤ ਨੇ ਆਪਣੇ ਸੰਪਰਕਾਂ—ਵਿਸ਼ੇਸ਼ ਤੌਰ 'ਤੇ ਸਿਆਸੀ ਨੇਤਾਵਾਂ ਦੇ ਨਾਂ ਫ਼ਰਜ਼ੀ ਪਛਾਣ ਦੇ ਨਾਲ ਫੋਨ ਵਿਚ ਸੇਵ ਕੀਤੇ ਸਨ। ਕਈ ਡਿਜੀਟਲ ਸਬੂਤਾਂ ਦੀ ਅਜੇ ਜਾਂਚ ਕੀਤੀ ਜਾਣੀ ਬਾਕੀ ਹੈ। ਖਰਾਤ ਨੂੰ 18 ਮਾਰਚ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਇਕ ਔਰਤ ਨੇ ਉਸ 'ਤੇ 3 ਸਾਲ ਤੋਂ ਵੱਧ ਸਮੇਂ ਤੱਕ ਵਾਰ-ਵਾਰ ਜਬਰ-ਜ਼ਨਾਹ ਕਰਨ ਦਾ ਦੋਸ਼ ਲਾਇਆ। ਖਰਾਤ ਨਾਸਿਕ ਜ਼ਿਲੇ ਦੇ ਮਿਰਗਾਂਵ 'ਚ ਇਕ ਮੰਦਰ ਟਰੱਸਟ ਦਾ ਮੁਖੀ ਹੈ ਅਤੇ ਸਾਲਾਂ ਤੋਂ ਮਹਾਰਾਸ਼ਟਰ ਦੇ ਕਈ ਪ੍ਰਮੁੱਖ ਸਿਆਸੀ ਨੇਤਾ ਉਸ ਨੂੰ ਮਿਲਦੇ ਰਹੇ ਹਨ।

# 5 ਦਿਨਾਂ 'ਚ ਡਾ. ਅੰਬੇਡਕਰ ਦੀ ਮੂਰਤੀ ਤੋੜਨ ਵਾਲਿਆਂ ਨੂੰ ਨਾ ਫੜਿਆ ਤਾਂ ਹੋਵੇਗਾ ਸੰਘਰਸ਼: ਨਿਮਿਸ਼ਾ ਮਹਿਤਾ

ਕੌਮੀ ਪਤ੍ਰਿਕਾ

ਗੜ੍ਹਸ਼ੰਕਰ 5 ਅਪ੍ਰੈਲ। ਭਾਜਪਾ ਦੀ ਗੜ੍ਹਸ਼ੰਕਰ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਸਾਥੀਆਂ ਸਮੇਤ ਪਿੰਡ ਨੂਰਪੁਰ ਜੱਟਾਂ ਵਿਖੇ ਪਹੁੰਚ ਕੇ ਡਾ. ਭੀਮ ਰਾਓ ਅੰਬੇਡਕਰ ਦੀ ਮੂਰਤੀ ਦੀ ਭੰਨਤੋੜ ਵਾਲੇ ਸਥਾਨ 'ਤੇ ਪਹੁੰਚ ਕੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਮੌਕੇ ਦਾ ਜਾਇਜ਼ਾ ਲਿਆ। ਇਸ ਦੇ ਨਾਲ-ਨਾਲ ਮੌਕੇ 'ਤੇ ਪ੍ਰੈਸ ਨੂੰ ਮੁਖਾਤਿਬ ਹੁੰਦਿਆਂ ਨਿਮਿਸ਼ਾ ਮਹਿਤਾ ਨੇ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਡਾ. ਅੰਬੇਡਕਰ ਦੀ ਮੂਰਤੀ ਦੀ ਭੰਨਤੋੜ ਕਰਕੇ ਬੇਅਦਬੀ ਕਰਨ ਵਾਲਿਆਂ ਨੂੰ 5 ਦਿਨਾਂ ਦੇ ਅੰਦਰ ਨਾ ਫੜਿਆ ਤਾਂ ਗੜ੍ਹਸ਼ੰਕਰ ਭਾਜਪਾ ਸੰਘਰਸ਼ ਦਾ ਰਸਤਾ ਅਪਣਾਏਗੀ ਅਤੇ ਸੜਕਾਂ 'ਤੇ ਉਤਰੇਗੀ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਪਿੰਡ ਨੂਰਪੁਰ ਜੱਟਾਂ ਵਿਚ ਬਾਬਾ ਸਾਹਿਬ ਦੀ ਮੂਰਤੀ ਨਾਲ ਦੂਜੀ ਵਾਰ ਭੰਨਤੋੜ ਦਾ ਵਾਕਿਆ ਹੋਇਆ ਹੈ ਤੇ ਜੇਕਰ ਪੰਜਾਬ ਪੁਲਸ ਨੇ ਪਹਿਲੀ ਵਾਰ ਇਸ ਘਟਨਾ ਨੂੰ ਗੰਭੀਰਤਾ ਨਾਲ ਲਿਆ ਹੁੰਦਾ ਅਤੇ ਦੋਸ਼ੀਆਂ ਨੂੰ ਫੜਿਆ ਹੁੰਦਾ ਤਾਂ ਯਕੀਨਨ ਇਹ ਹਾਦਸਾ ਦੋਬਾਰਾ ਨਾ ਹੁੰਦਾ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਆੜੇ ਹੱਥੀਂ ਲੈਂਦੇ ਕਿਹਾ ਕਿ 'ਆਪ' ਸਰਕਾਰ ਵੱਲੋਂ ਡਾ. ਬੀ. ਆਰ. ਅੰਬੇਡਕਰ ਦੀਆਂ ਫੋਟੋਆਂ ਦਫ਼ਤਰਾਂ ਵਿਚ ਟੰਗ ਕੇ ਸਵਾ ਚਾਰ ਸਾਲ ਤੋਂ ਸਿਰਫ਼ ਡਰਾਮੇਬਾਜ਼ੀ ਕੀਤੀ ਜਾ ਰਹੀ ਹੈ ਅਤੇ ਡਾ. ਅੰਬੇਡਕਰ ਨੂੰ ਲੈ ਕੇ ਸਚਮੁੱਚ ਇਸ ਸਰਕਾਰ ਅੰਦਰ ਸਤਿਕਾਰ



ਹੁੰਦਾ ਤਾਂ ਪੰਜਾਬ ਵਿਚ ਵੱਖ-ਵੱਖ ਜਗ?ਹਾ ਉਨ੍ਹਾਂ ਦੀਆਂ ਮੂਰਤੀਆਂ ਦੀ ਬੇਅਦਬੀ ਤੋਂ ਬਾਅਦ ਦੋਸ਼ੀ ਸਲਾਖਾਂ ਤੋਂ ਬਾਹਰ ਆਜ਼ਾਦ ਨਾ ਘੁੰਮਦੇ। ਨਿਮਿਸ਼ਾ ਮਹਿਤਾ ਨੇ ਕਾਂਗਰਸ ਪਾਰਟੀ 'ਤੇ ਵੀ ਤਿੱਖੇ ਹਮਲੇ ਬੋਲਦੇ ਕਿਹਾ ਕਿ ਉਂਝ ਤਾਂ ਕਾਂਗਰਸ ਪਾਰਟੀ ਸੰਸਦ ਵਿਚ ਸੰਵਿਧਾਨ ਵਿਖਾ-ਵਿਖਾ ਕੇ ਲੋਕਾਂ ਦੀਆਂ ਡਾ. ਬੀ. ਆਰ. ਅੰਬੇਡਕਰ ਪ੍ਰਤੀ ਭਾਵਨਾਵਾਂ ਨਾਲ ਨਿੱਤ ਖੇਡਦੀ ਹੈ ਪਰ ਪੰਜਾਬ ਵਿਚ ਇੰਨੀ ਜਗ?ਹਾ ਡਾ. ਬੀ. ਆਰ. ਅੰਬੇਡਕਰ ਦੇ ਬੁੱਤਾਂ ਦੀ ਭੰਨਤੋੜ ਕਰਕੇ ਕੀਤੀ ਬੇਅਦਬੀ ਦੀਆਂ ਘਟਨਾਵਾਂ 'ਤੇ ਕਾਂਗਰਸ ਪਾਰਟੀ ਦੇ ਵੱਡੇ ਨੇਤਾਵਾਂ ਨੂੰ ਨਾ ਤਾਂ ਮੌਕੇ ਉਤੇ ਪਹੁੰਚ ਕੇ ਜਾਇਜ਼ਾ ਲੈਣ ਦਾ ਸਮਾਂ ਲੱਗਾ ਅਤੇ ਨਾ ਹੀ ਇਨ੍ਹਾਂ ਘਟਨਾਵਾਂ 'ਤੇ ਅਫ਼ਸੋਸ ਜ਼ਾਹਰ ਕਰਨ ਦਾ ਸਮਾਂ ਮਿਲਿਆ। ਨਿਮਿਸ਼ਾ ਮਹਿਤਾ ਕਿਹਾ ਕਿ ਡਾ. ਅੰਬੇਡਕਰ ਨੂੰ ਚੋਣਾਂ ਹਰਾ ਕੇ ਮਠਿਆਈਆਂ ਖਾਣ ਵਾਲੀ ਕਾਂਗਰਸ ਪਾਰਟੀ ਹੁਣ ਦੇਸ਼ ਵਿਚ ਹਾਸ਼ੀਏ 'ਤੇ ਪਹੁੰਚਣ ਤੋਂ ਬਾਅਦ ਡਾ. ਅੰਬੇਡਕਰ ਦੇ ਨਾਂ 'ਤੇ ਸਿਰਫ਼ ਡਰਾਮੇਬਾਜ਼ੀ ਕਰ ਰਹੀ ਹੈ ਪਰ ਅਸਲੀਅਤ ਵਿਚ ਇਨ੍ਹਾਂ ਦੀਆਂ ਹਰਕਤਾਂ ਇਨ੍ਹਾਂ ਦਾ ਕੌੜਾ ਸੱਚ ਦਰਸਾਉਂਦੀਆਂ ਹਨ ਕਿ ਇਨ੍ਹਾਂ ਦੀ ਮਨਸਿਕਤਾ ਕਿੱਥੇ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਗੜ੍ਹਸ਼ੰਕਰ ਪੁਲਸ ਇਹ ਗੱਲ ਸਮਝ ਲਵੇ ਕਿ ਇਸ ਵਾਰ ਉਨ੍ਹਾਂ ਨੇ ਦੋਸ਼ੀ ਨਾ ਫੜੇ ਤਾਂ ਗੜ੍ਹਸ਼ੰਕਰ ਭਾਜਪਾ ਉਨ੍ਹਾਂ ਦੇ ਨੱਕ ਵਿਚ ਦਮ ਕਰ ਦੇਵੇਗੀ।